# ਵਿਗਿਆਨ ਜੋਤ

***ਸਾਲ 9, ਅੰਕ 6***

**ਨਵੰਬਰ-ਦਸੰਬਰ, 2014**

**PUNPUN/2006/17457**

ਮੁੱਖ ਸੰਪਾਦਕ : ਮੇਘ ਰਾਜ ਮਿੱਤਰ
ਸੰਪਾਦਕ :ਅਜਮੇਰ ਸਿੱਧੂ
ਰਣਜੀਤ ਝਨੇਰ
ਮੁੱਖ ਪ੍ਰਬੰਧਕ : ਅਮਿੱਤ ਮਿੱਤਰ



ਸੰਪਾਦਕੀ ਬੋਰਡ:
* ਸਰਜੀਤ ਤਲਵਾਰ
* ਰਾਜਾ ਰਾਮ ਹੰਢਿਆਇਆ
* ਬਲਜਿੰਦਰ ਕੋਟਭਾਰਾ
* ਡਾ. ਹਰੀਸ਼ ਮਲਹੋਤਰਾ ਬਰਮਿੰਘਮ
* ਅਵਤਾਰ ਨਿਊਜ਼ੀਲੈਂਡ
* ਡਾ. ਵਿਸ਼ਾਲ ਭਾਰਤੀ (ਐਮ.ਡੀ.)
* ਤਲਵਿੰਦਰ ਸੱਭਰਵਾਲ (ਕੈਨੇਡਾ)
* ਹਰਪਿੰਦਰ ਬਰਾੜ (ਕੈਨੇਡਾ)

**ਸਲਾਹਕਾਰੀ ਬੋਰਡ:**
* ਸੁਖਵੀਰ ਰੈਣਾ
* ਡਾ. ਗੁਰਵਿੰਦਰ ਸਿੰਘ ਐਮ. ਡੀ.
* ਡਾ. ਪਵਿੱਤਰ ਅਮਰਗੜ੍ਹ



## ਦਰ ਚੰਦਾ

| | |
|---|---|
| ਸਲਾਨਾ ਚੰਦਾ | 100/- |
| ਦੋ ਸਾਲਾਂ ਦਾ ਚੰਦਾ | 150/- |
| ਪੰਜ ਸਾਲ ਲਈ | 350/- |
| ਦਸ ਸਾਲ ਲਈ | 700/- |
| ਵਿਦੇਸ਼ਾਂ ਲਈ ਸਲਾਨਾ ਚੰਦਾ | 500/- |
| ਵਿਦੇਸ਼ਾਂ ’ਚ ਪੰਜ ਸਾਲ ਲਈ | 2000/- |



ਚੰਦੇ ਅਤੇ ਰਚਨਾਵਾਂ ਭੇਜਣ ਲਈ ਪਤਾ :-
ਅਮਿੱਤ ਮਿੱਤਰ
ਤਰਕਸ਼ੀਲ ਨਿਵਾਸ, ਕੱਚਾ ਕਾਲਜ ਰੋਡ,
ਗਲੀ ਨੰਬਰ 8, ਬਰਨਾਲਾ - 148101
(ਪੰਜਾਬ) ਫੋਨ : 01679-241744
Email : tarksheel@gmail.com



ਨੋਟ : ਸਿੱਖਿਆ ਵਿਭਾਗ ਵੱਲੋਂ ‘ਵਿਗਿਆਨ ਜੋਤ’ ਸਕੂਲਾਂ ਲਈ ਪ੍ਰਵਾਨਿਤ ਹੈ

*ਮੈਗਜ਼ੀਨ ‘ਵਿਗਿਆਨ ਜੋਤ’ ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਹੁਕਮ ਨੰ: 4/2-2003 ਮਿਤੀ 2-5-2003 ਐਡੀਟਰ ਪੰਜਾਬੀ ਰਾਹੀਂ ਰਾਜ ਦੀਆਂ ਸਾਰੀਆਂ ਵਿੱਦਿਅਕ ਸੰਸਥਾਵਾਂ ਲਈ ਪ੍ਰਵਾਨਿਤ ਹੈ।*



ਵਿਸ਼ੇਸ਼ ਨੋਟ : ਕਿਸੇ ਵੀ ਤਰ੍ਹਾਂ ਦਾ ਵਾਦ ਵਿਵਾਦ ਸਿਰਫ਼ ਬਰਨਾਲਾ ਦੀ ਅਦਾਲਤ ਵਿੱਚ ਨਜਿੱਠਿਆ ਜਾਵੇਗਾ।


ਸੰਪਾਦਕੀ

# ਦੋ ਧੜਿਆਂ ਵਿੱਚ ਖਲਕਤ ਵੰਡੀ

ਜ਼ਿੰਦਗੀ ਜਿਉਣ ਦੇ ਦੋ ਢੰਗ ਨੇ। ਦੋਵੇਂ ਢੰਗ ਇੱਕ ਦੂਜੇ ਦੇ ਵਿਰੋਧੀ ਨੇ। ਜੇ ਇੱਕ ਪੂਰਵ ਵੱਲ ਨੂੰ ਜਾਂਦਾ ਹੈ ਤਾਂ ਦੂਜਾ ਪੱਛਮ ਵੱਲ ਨੂੰ। ਜੇ ਇੱਕ ਉੱਪਰ ਨੂੰ ਜਾਂਦਾ ਹੈ ਤਾਂ ਦੂਜਾ ਥੱਲੇ ਨੂੰ। ਜੇ ਇੱਕ ਖੱਬੇ ਨੂੰ ਜਾਂਦਾ ਹੈ ਤਾਂ ਦੂਜਾ ਸੱਜੇ ਨੂੰ। ਤੁਸੀਂ ਕਿਸ ਰਸਤੇ ਨੂੰ ਚੁਣਨਾ ਹੈ? ਇਹ ਤੁਹਾਡੀ ਸੋਚ ’ਤੇ ਨਿਰਭਰ ਹੈ। ਆਓ ਵਿਚਾਰ ਕਰੀਏ ਕਿ ਇਹ ਰਸਤੇ ਕਿਹੜੇ-ਕਿਹੜੇ ਹਨ।

| ਪਹਿਲਾ ਰਸਤਾ | ਦੂਜਾ ਰਸਤਾ |
|---|---|
| 1. ਕੁਦਰਤ ਨੂੰ ਮੰਨੋ। ਕੁਦਰਤ ਨੂੰ ਜਾਣੋ। ਕੁਦਰਤ ਦਾ ਆਨੰਦ ਮਾਣੋ। ਕੁਦਰਤ ਨੂੰ ਸੰਘਰਸ਼ ਰਾਹੀਂ ਆਪਣੇ ਅਨੁਸਾਰ ਢਾਲੋ। ਇਸ ਜਨਮ ਨੂੰ ਵਧੀਆ ਬਣਾਓ। | 1. ਗੈਬੀ ਸ਼ਕਤੀਆਂ ਨੂੰ ਮੰਨੋ। ਗੈਬੀ ਸ਼ਕਤੀਆਂ ਤੋਂ ਡਰੋ। ਗੈਬੀ ਸ਼ਕਤੀਆਂ ਨੂੰ ਖੁਸ਼ ਕਰਨ ਲਈ ਬਲੀਆਂ ਦਿਓ, ਪਾਠ-ਪੂਜਾ ਕਰੋ ਤੇ ਅਗਲਾ ਜਨਮ ਸਫਲ ਬਣਾਓ। |
| 2. ਇਨਸਾਨੀਅਤ ਨੂੰ ਮੰਨੋ। ਇਨਸਾਨੀਅਤ ਨੂੰ ਪਿਆਰ ਕਰੋ। ਉਨ੍ਹਾਂ ਨਾਲ ਇਨਸਾਨਾਂ ਵਾਲਾ ਸਲੂਕ ਕਰੋ। | 2. ਗ੍ਰੰਥਾਂ, ਮੂਰਤੀਆਂ ਅਤੇ ਅਸਥਾਨਾਂ ਨੂੰ ਮੰਨੋ। ਉਨ੍ਹਾਂ ਦੀ ਪਾਠ-ਪੂਜਾ ਕਰੋ। ਉਨ੍ਹਾਂ ਨੂੰ ਇਨਸਾਨਾਂ ਨਾਲੋਂ ਬਿਹਤਰ ਸਮਝੋ। ਉਨ੍ਹਾਂ ਲਈ ਇਨਸਾਨੀਅਤ ਦਾ ਘਾਣ ਕਰੋ। |
| 3. ਮਾਂ-ਪਿਓ, ਅਧਿਆਪਕਾਂ, ਵਿਗਿਆਨਕਾਂ, ਫ਼ਿਲਾਸਫਰਾਂ ਤੇ ਲੇਖਕਾਂ ਨੂੰ ਮੰਨੋ। ਉਨ੍ਹਾਂ ਦੀ ਸੇਵਾ ਕਰੋ। ਉਨ੍ਹਾਂ ਨੂੰ ਵਧੀਆ ਤੋਂ ਵਧੀਆ ਸਹੂਲਤਾਂ ਦਿਓ। | 3. ਸਾਧਾਂ-ਸੰਤਾਂ, ਪੀਰਾਂ-ਪੈਗੰਬਰਾਂ, ਜਠੇਰਿਆਂ ਅਤੇ ਰੱਬ ਦੇ ਹੋਰ ਦਲਾਲਾਂ ਨੂੰ ਮੰਨੋ ਅਤੇ ਉਨ੍ਹਾਂ ਨੂੰ ਵਧੀਆ ਤੋਂ ਵਧੀਆ ਚੀਜ਼ਾਂ ਭੇਟ ਕਰੋ। ਉਨ੍ਹਾਂ ਦੇ ਪੈਰ ਧੋ ਕੇ ਪੀਉ। ਉਨ੍ਹਾਂ ਦੀਆਂ ਕਾਰਾਂ ਹੇਠ ਗਲੀਚੇ ਵਿਛਾਉ। ਉਨ੍ਹਾਂ ਨੂੰ ਸ਼ਰਾਧ ਖੁਆਉ। |
| 4. ਲਾਇਬ੍ਰੇਰੀਆਂ, ਸਕੂਲਾਂ, ਹਸਪਤਾਲਾਂ, ਬਿਰਧ-ਆਸ਼ਰਮਾਂ, ਪਿੰਗਲ-ਵਾੜਿਆਂ ਦੀਆਂ ਬਿਲਡਿੰਗਾਂ, ਫਰਨੀਚਰਾਂ ਨੂੰ ਵਧੀਆ ਬਣਾਓ ਤੇ ਉਨ੍ਹਾਂ ਵਿਚਲੇ ਲੋਕਾਂ ਦਾ ਜੀਵਨ ਸਫਲ ਬਣਾਓ। | 4. ਮੰਦਰਾਂ, ਮਸੀਤਾਂ, ਚਰਚਾਂ ਤੇ ਗੁਰਦਵਾਰਿਆਂ ਨੂੰ ਮੰਨੋ। ਉਨ੍ਹਾਂ ਵਿੱਚ ਸੰਗਮਰਮਰ ਦੇ ਫ਼ਰਸ਼ ਲਗਵਾਉ। ਉਨ੍ਹਾਂ ਦੀਆਂ ਬਿਲਡਿੰਗਾਂ ਨੂੰ ਉੱਚੀਆਂ ਤੋਂ ਉੱਚੀਆਂ ਬਣਾਉ। |
| 5. ਹਰ ਘਟਨਾ ਨੂੰ ਕੀ, ਕਿਉਂ ਤੇ ਕਿਵੇਂ ਦੀ ਕਸੌਟੀ ’ਤੇ ਪਰਖੋ। ਨਿਰੀਖਣ ਕਰੋ। ਸਿੱਟੇ ਕੱਢੋ ਅਤੇ ਵਿਗਿਆਨਕ ਬਦਲ ਪੇਸ਼ ਕਰੋ। | 5. ਘਟਨਾ ਦੇ ਕਾਰਨਾਂ ਤੋਂ ਅੱਖਾਂ ਮੁੰਦੋ। ਦਿਮਾਗਾਂ ’ਤੇ ਠੀਕਰੇ ਮੂਧੇ ਮਾਰੋ। ਭੇਡਾਂ ਦੀ ਤਰ੍ਹਾਂ ਵਿਚਰੋ। ਲਾਈਲੱਗਤਾ ਦਾ ਕੋਈ ਵੀ ਮੌਕਾ ਹੱਥੋਂ ਨਾ ਗੁਆਉ। |
| 6. ਮਨੁੱਖੀ ਕਦਰਾਂ-ਕੀਮਤਾਂ ਦੀ ਕਦਰ ਕਰੋ। ਭ੍ਰਿਸ਼ਟਾਚਾਰ ਦਾ ਵਿਰੋਧ ਕਰੋ। ਸਮੇਂ ਦੇ ਪਾਬੰਦ ਰਹੋ। ਕਹਿਣੀ ਤੇ ਕਰਨੀ ਦੇ ਪੂਰੇ ਉਤਰੋ। ਸੱਚ ਨੂੰ ਸੱਚ ਕਹਿਣ ਦੀ ਜੁਰੱਅਤ ਕਰੋ। | 6. ਭ੍ਰਿਸ਼ਟਾਚਾਰ ਨੂੰ ਜੀਵਨ ਦਾ ਅੰਗ ਬਣਾਉ। ਦੂਸਰੇ ਧਰਮਾਂ ਵਾਲਿਆਂ ਦਾ ਵਿਰੋਧ ਕਰੋ। ਆਪਣੇ ਧਰਮ ਦੀ ਹਰ ਗੱਲ ਨੂੰ ਠੀਕ ਕਹੋ। ਵਿਰੋਧੀ ਧਰਮਾਂ ਵਾਲਿਆਂ ਨੂੰ ਨਫ਼ਰਤ ਨਾਲ ਦੇਖੋ। |
| 7. ਜੰਗਾਂ, ਗੁਲਾਮੀਆਂ, ਜਾਤਾਂ-ਪਾਤਾਂ, ਨਸਲੀ-ਭੇਦਾਂ, ਇਸਤਰੀ-ਪੁਰਸ਼ਾਂ ਵਿੱਚ ਅਸਮਾਨਤਾਵਾਂ ਦਾ ਵਿਰੋਧ ਕਰੋ। | 7. ਧਰਮਾਂ ਦੇ ਨਾਂ ’ਤੇ ਜੰਗਾਂ ਨੂੰ ਜਾਇਜ਼ ਠਹਿਰਾਉ। ਜਾਤਾਂ-ਪਾਤਾਂ ਨੂੰ ਉੱਤਮ ਗਿਣੋ। ਇਸਤਰੀਆਂ ਨੂੰ ਪੈਰ ਦੀ ਜੁੱਤੀ ਸਮਝੋ। ਦੂਸਰੀਆਂ ਨਸਲਾਂ ਨੂੰ ਨੇੜੇ ਨਾ ਢੁੱਕਣ ਦਿਉ। |
| 8. ਅਮੀਰ ਗਰੀਬ ਦੇ ਪਾੜੇ ਨੂੰ ਘੱਟ ਤੋਂ ਘੱਟ ਕਰਨ ਦਾ ਯਤਨ ਕਰੋ। ਧਰਤੀ ਦੇ ਸਾਰੇ ਮਨੁੱਖਾਂ ਦੇ ਬਰਾਬਰ ਦੇ ਅਧਿਕਾਰਾਂ ਲਈ ਸੰਘਰਸ਼ ਕਰੋ। | 8. ਹਰ ਵਿਅਕਤੀ ਦੇ ਕਰਮਾਂ ਵਿੱਚ ਜੋ ਲਿਖਿਆ ਹੁੰਦਾ ਹੈ ਸੋ ਹੁੰਦਾ ਹੈ। ਅਮੀਰ ਅਮੀਰ ਅਤੇ ਗਰੀਬ ਗਰੀਬ ਹੀ ਰਹਿਣੇ ਚਾਹੀਦੇ ਹਨ। ਇਸ ਲਈ ਇਸ ਪਾੜੇ ਨੂੰ ਘੱਟ ਕਰਨ ਦਾ ਕੋਈ ਯਤਨ ਕਰਨ ਨਹੀਂ ਦੇਣਾ ਚਾਹੀਦਾ। |
| 9. ਧਰਮ ਅਤੇ ਸਿਆਸਤ ਨੂੰ ਅਲੱਗ-ਅਲੱਗ ਕਰਨ ਲਈ ਯਤਨ ਕਰੋ। | 9. ਧਰਮ ਅਤੇ ਸਿਆਸਤ ਨੂੰ ਰਲਗੱਡ ਕਰੋ। ਡੇਰਾਵਾਦ ਨੂੰ ਉਤਸ਼ਾਹਿਤ ਕਰੋ। |

ਵਿਚਾਰ ਤੁਸੀਂ ਕਰਨਾ ਹੈ ਕਿ ਤੁਸੀਂ ਕਿਸ ਰਾਹ ਦੀ ਚੋਣ ਕਰਨੀ ਹੈ! ਹਿੰਦੋਸਤਾਨ ਦਾ ਭਵਿੱਖ ਤੁਹਾਡੇ ਹੱਥਾਂ ਵਿੱਚ ਹੈ। ਇਸ ਦੇਸ਼ ਦੀ ਧਰਤੀ ਨੂੰ ਦੋਹਾਂ ਰਸਤਿਆਂ ਵਿੱਚੋਂ ਕੋਈ ਇੱਕ ਚੁਣ ਕੇ ਤੁਸੀਂ ਇਸ ਨੂੰ ਸਵਰਗ ਜਾਂ ਨਰਕ ਬਣਾ ਸਕਦੇ ਹੋ।

**– ਮੇਘ ਰਾਜ ਮਿੱਤਰ, ਫੋਨ : 98887-87440**

**ਵਿਸ਼ੇਸ਼ ਲੇਖ**

# ਵਿਗਿਆਨਕ ਸਿਧਾਤਾਂ ਲਈ ਬਰੂਨੋ ਦੀ ਸ਼ਹਾਦਤ

ਦੂਰਬੀਨ ਦੀ ਖੋਜ਼ ਨੇ ਬਰੂਨੋ ਦੀਆਂ ਖੋਜ਼ਾਂ ਦੀ ਪੁਸ਼ਟੀ ਕੀਤੀ ਸੀ ਕਿ ਆਕਾਸ਼ ਵਿੱਚ ਅਣਗਿਣਤ ਤਾਰੇ ਹਨ, ਗ੍ਰਹਿ ਹਨ ਅਤੇ ਸਾਰਾ ਬ੍ਰਹਿਮੰਡ ਪਰਿਵਰਤਨਸ਼ੀਲ ਹੈ।

ਵਿਗਿਆਨਕ ਵਿਕਾਸ ਦੀ ਕਹਾਣੀ ਵਿਰੋਧ ਅਤੇ ਸੰਘਰਸ਼ ਨਾਲ ਭਰੀ ਹੋਈ ਹੈ। ਪੁਰਾਣੇ ਸਮੇਂ ਵਿੱਚ ਜਦੋਂ ਵਿਗਿਆਨ ਨੇ ਇੰਨੀ ਉੱਨਤੀ ਨਹੀਂ ਕੀਤੀ ਸੀ, ਲੋਕ ਧਾਰਮਿਕ ਪਾਖੰਡ ਅਤੇ ਅੰਧਵਿਸ਼ਵਾਸ਼ 'ਚ ਇੰਨਾ ਫਸੇ ਹੋਏ ਸਨ ਕਿ ਉਹ ਵਿਗਿਆਨ ਦੇ ਬਾਰੇ 'ਚ ਸੋਚਣਾ ਵੀ ਪਾਪ ਸਮਝਦੇ ਸਨ ਕਿਉਂਕਿ ਉਹਨਾਂ ਨੇ ਬਾਈਬਲ 'ਚ ਪੜ੍ਹ ਰੱਖਿਆ ਸੀ- "ਰੱਬ ਨੇ ਪਹਿਲਾਂ ਰੌਸ਼ਨੀ ਨੂੰ ਹਨੇਰੇ ਤੋਂ ਵੱਖ ਕੀਤਾ, ਫਿਰ ਆਕਾਸ਼ ਅਤੇ ਜਲਹੀਨ ਨਿਰਜਨ ਧਰਤੀ ਦੀ ਸਿਰਜਣਾ ਕੀਤੀ ਇਸ ਤਰ੍ਹਾਂ ਧਰਤੀ ਸਾਰੇ ਵਿਸ਼ਵ ਦਾ ਕੇਂਦਰ ਹੈ- ਮੀਂਹ ਦੇ ਰੂਪ ਵਿੱਚ ਆਕਾਸ਼ ਤੋਂ ਡਿੱਗਣ ਵਾਲਾ ਜਲ ਆਕਾਸ਼ਜਲ ਹੈ ਜੋ ਅਸਮਾਨ ਦੀਆਂ ਛੋਟੀਆਂ ਛੋਟੀਆਂ ਮੋਰੀਆਂ 'ਚੋਂ ਰਿਸ ਰਿਸ ਕੇ ਧਰਤੀ 'ਤੇ ਆ ਜਾਂਦਾ ਹੈ।

**ਵਿਗਿਆਨ ਦਾ ਵਿਰੋਧ** :- ਇਸ ਤਰ੍ਹਾਂ ਦੀਆਂ ਹੋਰ ਬਹੁਤ ਸਾਰੀਆਂ ਮਨਘੜ੍ਹਤ ਗੱਲਾਂ ਨੇ ਮਨੁੱਖੀ ਜਾਤੀ ਨੂੰ ਬਹੁਤ ਸਮਾਂ ਗਿਆਨ ਦੇ ਪ੍ਰਕਾਸ਼ ਤੋਂ ਦੂਰ ਰੱਖਿਆ। ਇਸਾਈ ਪਾਦਰੀ ਵਿਗਿਆਨ ਅਤੇ ਵਿਗਿਆਨੀਆਂ ਦੇ ਵਿਰੋਧੀ ਸਨ। ਉਹ ਕਹਿੰਦੇ ਸਨ," ਈਸਾ ਮਸੀਹ ਤੋਂ ਬਾਅਦ ਸਾਨੂੰ ਕਿਸੇ ਗਿਆਨ ਵਿਗਿਆਨ ਦੀ ਲੋੜ ਨਹੀਂ ਹੈ। ਉਹ ਭੋਲ਼ੇ ਭਾਲ਼ੇ ਲੋਕਾਂ ਨੂੰ ਵੱਖ-ਵੱਖ ਤਰੀਕਿਆਂ ਨਾਲ ਡਰਾਉਂਦੇ ਅਤੇ ਧਮਕਾਉਂਦੇ ਸਨ। ਜੋ ਇਨ੍ਹਾਂ ਦੀ ਗੱਲ ਮੰਨਣ ਲਈ ਤਿਆਰ ਨਹੀਂ ਹੁੰਦਾ, ਉਸ ਉੱਤੇ ਤਰ੍ਹਾਂ ਤਰ੍ਹਾਂ ਦੇ ਤਸ਼ੱਦਦ ਕੀਤੇ ਜਾਂਦੇ ਸਨ, ਤਾਂ ਜੋ ਇਸਾਈ ਅੰਧਵਿਸ਼ਵਾਸ ਜਾਂ ਉਸਦੇ ਪਵਿੱਤਰ ਗ੍ਰੰਥ ਬਾਈਬਲ ਅਤੇ ਪਾਦਰੀ ਸ਼੍ਰੇਣੀ ਦੇ ਅੱਗੇ ਕੋਈ ਕੁੱਝ ਨਾ ਬੋਲ ਸਕੇ। ਇਸ ਤਰ੍ਹਾਂ ਅਤੀਤ ਦੇ ਇਤਿਹਾਸ 'ਚ ਇਹਨਾਂ ਦਾ 'ਪਵਿੱਤਰ' ਚਰਚ ਵਿਗਿਆਨ ਅਤੇ ਵਿਗਿਆਨੀਆਂ ਦੇ ਰਸਤੇ 'ਚ ਕਾਫ਼ੀ ਸਮੇਂ ਲਈ ਰੋੜਾ ਬਣਿਆ ਰਿਹਾ।

ਵਿਗਿਆਨ ਦੇ ਰਸਤੇ ਦਾ ਇਹ ਪੱਥਰ ਆਉਣ ਵਾਲੇ ਸਮੇਂ ਲਈ ਕਾਫ਼ੀ ਖ਼ਤਰਨਾਕ ਸਿੱਧ ਹੋਇਆ। ਕਿਉਂਕਿ ਅਧਿਵਿਸ਼ਵਾਸ਼ 'ਚ ਡੁੱਬੇ ਹੋਏ ਇਹਨਾਂ ਇਸਾਈ ਪਾਦਰੀਆਂ ਨੇ ਹਜ਼ਾਰਾਂ ਇਹੋ ਜਿਹੇ ਅਪਰਾਧ ਕੀਤੇ, ਜੋ ਵਿਗਿਆਨਕ ਇਤਿਹਾਸ 'ਚ ਕਾਫ਼ੀ ਮਹਿੰਗੇ ਸਿੱਧ ਹੋਏ। ਪਾਦਰੀਆਂ ਦੇ ਇਸ ਦਮਨਚੱਕਰ ਨੇ ਕੋਪਰਨਿਕਸ ਅਤੇ ਗੈਲੀਲਿਓ ਆਦਿ ਅਨੇਕ ਵਿਗਿਆਨੀਆਂ, ਖਗੋਲ ਵਿਗਿਆਨੀਆਂ ਨੂੰ ਤੰਗ ਕਰਨਾ ਸ਼ੁਰੂ ਕੀਤਾ ਤਾਂ ਜੋ ਉਹ ਮਾਨਸਿਕ ਤੌਰ 'ਤੇ ਟੁੱਟ ਜਾਣ ਅਤੇ ਆਪਣੀ ਵਿਗਿਆਨਕ ਖੋਜ਼ ਰੋਕ ਦੇਣ। ਇਸ ਨਾਲ ਵਿਗਿਆਨ ਦੀ ਉੱਨਤੀ ਨਾ ਰੁਕੀ, ਹਾਂ, ਇਸਦੇ ਇਤਿਹਾਸ 'ਚ ਕਈ ਵਿਗਿਆਨਕ ਸ਼ਹੀਦਾਂ ਦੀ ਪ੍ਰੇਰਨਾ ਕਹਾਣੀ ਜਰੂਰ ਜੁੜਦੀ ਚਲੀ ਗਈ।



ਉੱਨਤੀ ਦੇ ਉਹਨਾਂ ਸ਼ੁਰੂਆਤੀ ਦਿਨਾਂ 'ਚ ਸੱਚ ਨੂੰ ਸਵੀਕਾਰ ਕਰਨਾ ਕਿੰਨਾਂ ਡਰ ਭਰਪੂਰ ਕੰਮ ਸੀ, ਇਹ ਉਸ ਘਟਨਾ ਤੋਂ ਪਤਾ ਚੱਲਦਾ ਹੈ ਜਦੋਂ ਨਿਕੋਲਾਈ ਕੋਪਰਨਿਕਸ (1473-1543) ਨੇ ਆਕਾਸ਼ ਦੇ ਅਲੱਗ-ਅਲੱਗ ਗ੍ਰਹਿਆਂ ਦਾ ਅਧਿਐਨ ਕੀਤਾ ਅਤੇ ਉਹਨਾਂ ਦੀ ਸਥਿਤੀ ਦਾ ਇੱਕ ਚਿੱਤਰ ਤਿਆਰ ਕੀਤਾ। ਉਸ ਮਹਾਨ ਖਗੋਲ ਵਿਗਿਆਨੀ ਨੇ ਆਪਣੀ ਇਹ ਮਹਾਨ ਕਿਰਤ ਜਾਣ ਬੁੱਝ ਕੇ ਪ੍ਰਾਚੀਨ ਲੈਟਿਨ ਭਾਸ਼ਾ 'ਚ ਲਿਖੀ ਤਾਂ ਜੋ ਪਾਦਰੀ ਉਸ ਨੂੰ ਚੰਗੀ ਤਰ੍ਹਾਂ ਸਮਝ ਨਾ ਸਕਣ।

ਕਿਹਾ ਜਾਂਦਾ ਹੈ ਕਿ ਕੋਪਰਨਿਕਸ ਨੇ ਆਪਣੀਆਂ ਖੋਜ਼ਾਂ ਬਹੁਤ ਪਹਿਲਾਂ ਹੀ ਕਰ ਲਈਆਂ ਸਨ, ਪਰ ਉਹ ਬਾਈਬਲ ਅਤੇ ਉਹਨਾਂ ਦੇ ਧਰਮ ਗੁਰੂਆਂ ਤੋਂ ਕਾਫ਼ੀ ਡਰਿਆ ਹੋਇਆ ਸੀ, ਇਸ ਲਈ ਉਸਨੇ ਇਹਨਾਂ ਨੂੰ ਕਦੀ ਪ੍ਰਕਾਸ਼ਿਤ ਨਹੀਂ ਕਰਵਾਇਆ। ਕਿਸੇ ਤਰ੍ਹਾਂ ਉਸ ਦੀ ਕਿਤਾਬ ਪ੍ਰਕਾਸ਼ਿਤ ਹੋਈ ਅਤੇ ਜਦੋਂ ਉਸਦੀ ਪਹਿਲੀ ਕਾਪੀ ਕੋਪਰਨਿਕਸ ਕੋਲ ਲਿਆਂਦੀ ਗਈ ਤਾਂ ਉਸ ਸਮੇਂ ਉਹ ਇੰਨਾਂ ਭੈਭੀਤ ਹੋ ਚੁੱਕਿਆ ਸੀ ਕਿ ਆਪਣੇ ਜੀਵਨ ਦੀਆਂ ਅੰਤਿਮ ਘੜੀਆਂ ਗਿਣ ਰਿਹਾ ਸੀ।

**ਕੋਪਰਨਿਕਸ ਦੀ ਕਿਤਾਬ** :- ਕੋਪਰਨਿਕਸ ਨੇ ਆਪਣੀ ਪੁਸਤਕ 'ਚ ਇਹ ਸਪੱਸ਼ਟ ਕੀਤਾ ਕਿ ਧਰਤੀ ਸਥਿਰ ਨਹੀਂ ਹੈ ਸਗੋਂ ਸੂਰਜ ਦੇ ਚਾਰੇ ਪਾਸੇ ਘੁੰਮ ਰਹੀ ਹੈ ਇਸ ਲਈ ਧਰਤੀ ਨੂੰ ਵਿਸ਼ਵ ਦਾ ਸਥਿਰ ਕੇਂਦਰਬਿੰਦੂ ਨਹੀਂ ਸਮਝਣਾ ਚਾਹੀਦਾ। ਧਰਤੀ ਤੋਂ ਤਾਰੇ ਬਹੁਤ ਦੂਰੀ 'ਤੇ ਸਥਿਤ ਹਨ ਜਦੋਂ ਕਿ ਇਹਨਾਂ ਦੇ ਮੁਕਾਬਲੇ ਸੂਰਜ ਧਰਤੀ ਤੋਂ ਬਹੁਤ ਨੇੜੇ ਹੈ। ਚੰਦਰਮਾ ਧਰਤੀ ਦੇ ਚਾਰੇ ਪਾਸੇ ਘੁੰਮ ਰਿਹਾ ਹੈ ਜਦੋਂ ਕਿ ਬੁੱਧ, ਸ਼ੁੱਕਰ ਅਤੇ ਮੰਗਲ ਆਦਿ ਸਭ ਗ੍ਰਹਿ ਧਰਤੀ ਦੇ ਨਹੀਂ ਸਗੋਂ ਸੂਰਜ ਦੇ ਚਾਰੇ ਪਾਸੇ ਘੁੰਮ ਰਹੇ ਹਨ।

ਕੋਪਰਨਿਕਸ ਦੀਆਂ ਇਹਨਾਂ ਖੋਜ਼ਾਂ 'ਚ ਬਾਈਬਲ ਦੀ ਧਾਰਮਿਕ ਅੰਧਵਿਸ਼ਵਾਸ਼ਤਾ ਦਾ ਸਪੱਸ਼ਟ ਖੰਡਨ ਸੀ ਕਿਉਂਕਿ ਬਾਈਬਲ 'ਚ ਧਰਤੀ ਨੂੰ ਵਿਸ਼ਵ ਦਾ ਕੇਂਦਰ ਦਰਸਾਇਆ ਗਿਆ ਹੈ। ਜਦੋਂ ਪਾਦਰੀਆਂ ਨੇ ਦੇਖਿਆ ਕਿ ਇਹ ਕਿਤਾਬ ਉਹਨਾਂ ਦੇ ਧਰਮ ਦੇ ਉਲਟ ਪ੍ਰਚਾਰ ਕਰ ਰਹੀ ਹੈ, ਤਾਂ ਇਸ 'ਤੇ ਰੋਕ ਲਗਾ ਦਿੱਤੀ ਗਈ। ਕਾਫ਼ੀ ਸਮੇਂ ਤੱਕ ਇਹ ਪੁਸਤਕ ਦੱਬੀ ਪਈ ਰਹੀ।

**ਅਨੁਵਾਦ: ਹਰਸ਼ਦੀਪ ਕੌਰ ਲੌਂਗੋਵਾਲ**

ਕਿਸੇ ਤਰ੍ਹਾਂ ਇਹ ਪੁਸਤਕ ਇਟਲੀ ਦੇ ਇੱਕ ਮਹਾਨ ਲੈਟਿਨ ਭਾਸ਼ੀ ਜਗਿਆਸੂ ਨੌਜਵਾਨ ਜਿਉਦਾਰਨੌ ਬਰੂਨੋ ਦੇ ਹੱਥਾਂ ਵਿੱਚ ਆਈ ਇਸ ਦਾ ਸਿਰਲੇਖ ਸੀ ਆਕਾਸ਼ ਦੇ ਗੋਲਿਆਂ ਦੇ ਘੁੰਮਣ ਦੇ ਸੰਬੰਧ ਵਿੱਚ ਭੋਰੂਨਿਵਾਸੀ ਨਿਕੋਲਾਈ ਕੋਪਰਨਿਕਸ ਦੀ ਪੁਸਤਕ।

ਬਰੂਨੋ ਕੈਥੋਲਿਕ ਪਾਦਰੀ ਸੀ ਤੇ ਉਸਨੂੰ ਧਰਮ ਸ਼ਾਸਤਰ ਦੇ ਡਾਕਟਰ ਦੀ ਉਪਾਧੀ ਮਿਲੀ ਸੀ ਪਰੰਤੂ ਆਜ਼ਾਦ ਵਿਚਾਰਾਂ ਵਾਲਾ ਨੌਜਵਾਨ ਬਰੂਨੋ ਵਿਗਿਆਨ ਦੇ ਪ੍ਰਤੀ ਕਾਫ਼ੀ ਉਤਸ਼ਾਹੀ ਸੀ। ਉਸ ਨੇ ਇਸ ਪੁਸਤਕ ਦਾ ਅਧਿਐਨ ਕੀਤਾ ਅਤੇ ਇਸ ਤੋਂ ਕਾਫ਼ੀ ਪ੍ਰਭਾਵਿਤ ਹੋਇਆ। ਇੱਕ ਦਿਨ ਉਸਨੇ ਆਪਣੇ ਕੁੱਝ ਮੱਠਵਾਸੀਆਂ ਦੇ ਸਾਹਮਣੇ ਇਸ ਪੁਸਤਕ ਦੀ ਪ੍ਰਸੰਸਾ ਕਰ ਦਿੱਤੀ। ਫਿਰ ਕੀ ਸੀ ਇਹ ਗੱਲ ਇਸਾਈ ਸਭਾ ਦੇ ਸੰਚਾਲਕਾਂ ਤੱਕ ਜਾ ਪਹੁੰਚੀ। ਬਰੂਨੋ ਨੂੰ ਸਖ਼ਤ ਸਜ਼ਾ ਦੇਣ ਦੀ ਯੋਜਨਾ ਬਣਾਈ ਜਾਣ ਲੱਗੀ। ਤਾਂ ਫਿਰ ਇਹ ਨੌਜਵਾਨ ਪਾਦਰੀ ਆਪਣੀ ਜਨਮ ਭੂਮੀ ਤੋਂ ਸਵਿੱਟਜਰਲੈਂਡ ਭੱਜ ਆਇਆ। ਇਹ ਕਈ ਸਾਲਾਂ ਤੱਕ ਆਪਣੀ ਜਨਮ ਭੂਮੀ ਤੋਂ ਦੂਰ ਰਿਹਾ। ਇਸ ਦੌਰਾਨ ਇਸ ਨੇ ਕੋਪਰਨਿਕਸ ਦੇ ਸਿਧਾਤਾਂ ਦਾ ਡੂੰਘਾ ਅਧਿਐਨ ਕੀਤਾ ਅਤੇ ਇਹ ਤੱਥ ਸਾਹਮਣੇ ਲੈ ਕੇ ਆਇਆ ਕਿ ਨਾ ਸਿਰਫ ਧਰਤੀ ਸਗੋਂ ਸੂਰਜ ਵੀ ਆਪਣੇ ਧੁਰੀ ਦੁਆਲੇ ਘੁੰਮਦਾ ਹੈ। ਇਸ ਪ੍ਰਕਾਰ ਅਨੇਕ ਗ੍ਰਹਿ ਸੂਰਜ ਦੇ ਆਲ਼ੇ ਦੁਆਲ਼ੇ ਘੁੰਮਦੇ ਹਨ। ਉਸ ਦੀ ਇਹ ਭਵਿੱਖਵਾਣੀ ਅੱਗੇ ਚੱਲ ਕੇ ਸਹੀ ਸਿੱਧ ਹੋਈ ਅਤੇ ਉਸਦੀ ਮੌਤ ਤੋਂ ਲੱਗਭਗ 200 ਵਰ੍ਹੇ ਬਾਅਦ ਪਲੂਟੋ, ਯੂਰੇਨਸ ਅਤੇ ਨੈਪਚੂਨ ਆਦਿ ਗ੍ਰਹਿਆ ਦਾ ਪਤਾ ਲੱਗਿਆ।

ਬਾਈਬਲ 'ਚ ਕਿਹਾ ਗਿਆ ਹੈ ਕਿ ਸੰਸਾਰ ਬਦਲਾਅ ਭਰਪੂਰ ਨਹੀਂ ਹੈ, ਪਰ ਬਰੂਨੋ ਨੇ ਦੱਸਿਆ ਕਿ ਆਸਮਾਨ 'ਚ ਅਨੇਕਾਂ ਤਾਰੇ ਹਨ। ਉਹ ਬਹੁਤ ਵਿਸ਼ਾਲ ਹਨ ਕਿਉਂਕਿ ਉਹ ਬਹੁਤ ਦੂਰ ਹਨ ਇਸ ਲਈ ਅਸੀਂ ਉਹਨਾਂ ਨੂੰ ਵੇਖ ਨਹੀਂ ਸਕਦੇ। ਸਾਡੇ ਸੌਰਮੰਡਲ 'ਚ ਅਨੇਕਾਂ ਗ੍ਰਹਿ ਹਨ। ਬਰੂਨੋ ਨੇ ਦੱਸਿਆ ਕਿ ਬ੍ਰਹਿਮੰਡ ਪਰਿਵਰਤਨਸ਼ੀਲ ਹੈ। ਉਸ ਦੇ ਇਹਨਾਂ ਦਾਅਵਿਆਂ ਦੀ ਪੁਸ਼ਟੀ ਉਦੋਂ ਹੋਈ ਜਦੋਂ ਖੁਰਦਬੀਨ ਅਤੇ ਦੂਰਬੀਨ ਦਾ ਨਿਰਮਾਣ ਹੋਇਆ।

ਪਾਦਰੀ ਸਮਾਜ ਬਾਈਬਲ ਦੇ ਵਿਰੁੱਧ ਧਾਰਨਾਵਾਂ ਨੂੰ ਸਵੀਕਾਰ ਨਾ ਕਰ ਸਕਿਆ। ਉਹ ਬਰੂਨੋ ਨੂੰ ਆਪਣਾ ਦੁਸ਼ਮਣ ਮੰਨ ਕੇ ਚੱਲਣ ਲੱਗੇ ਅਤੇ ਉਸ ਦੇ ਵਿਰੁੱਧ ਦੋਸ਼ ਪੱਤਰ ਤਿਆਰ ਕੀਤਾ, ਜਿਸ ਦੇ ਪੂਰੇ 130 ਹਿੱਸੇ ਸਨ। ਪਾਦਰੀਆਂ ਨੇ ਇਸ ਮਹਾਨ ਖਗੋਲ ਸ਼ਾਸਤਰੀ ਨੂੰ ਯਿਸ਼ੂ ਨਿੰਦਕ ਦੀ ਉਪਾਧੀ ਦਿੱਤੀ ਅਤੇ ਉਸਨੂੰ ਦੰਡ ਦੇਣ ਲਈ ਚਾਲਾਂ ਰਚਣ ਲੱਗ ਪਏ। ਪਰ ਬਰੂਨੋ ਇਟਲੀ ਤੋਂ ਦੂਰ ਸਵਿੱਟਜਰਲੈਂਡ 'ਚ ਰਹਿ ਕੇ ਦਲੇਰੀ ਨਾਲ ਇਹਨਾਂ ਸਿਧਾਤਾਂ ਦਾ ਪ੍ਰਚਾਰ ਕਰਦਾ ਰਿਹਾ।

**ਪਵਿੱਤਰ ਕਚਹਿਰੀ ਦੀ ਸਾਜਿਸ਼**

ਬਰੂਨੋ ਕਾਫ਼ੀ ਸਮੇਂ ਤੋਂ ਆਪਣੇ ਦੇਸ਼ ਤੋਂ ਦੂਰ ਭਟਕ ਰਿਹਾ ਸੀ। ਉਹ ਵਾਪਸ ਜਨਮਭੂਮੀ ਜਾਣਾ ਚਾਹੁੰਦਾ ਸੀ ਤਾਂ ਜੋ ਆਪਣੇ ਦੇਸ਼ 'ਚ ਗਿਆਨ ਦਾ ਪ੍ਰਚਾਰ ਕਰ ਸਕੇ। ਉਸ ਦੀ ਇਸ ਭਾਵਨਾ ਨੂੰ ਧਿਆਨ ਵਿੱਚ ਰੱਖ ਕੇ ਇਟਲੀ ਦੇ ਚਰਚ ਦੀ 'ਪਰਮ ਪਵਿੱਤਰ' ਕਚਹਿਰੀ ਨੇ ਉਸਨੂੰ ਧੋਖੇ ਨਾਲ ਇਟਲੀ ਵਾਪਿਸ ਬੁਲਾਉਣ ਦੀ ਯੋਜਨਾ ਬਣਾਈ। ਉਸ ਦੀ ਇਸ ਯੋਜਨਾ 'ਚ ਮਹੱਤਵਪੂਰਨ ਭੂਮਿਕਾ ਇੱਕ ਇਤਾਲਵੀ ਧੋਖੇਬਾਜ਼ ਨੌਜਵਾਨ ਜਿਓਬਾਨੀ ਨੀਚੋਨੀਗੋ ਨੇ ਨਿਭਾਈ। ਉਸਨੇ ਬਰੂਨੋ ਦਾ ਸ਼ਾਗਿਰਦ ਬਣਨ ਦਾ ਝੂਠਾ ਨਾਟਕ ਕਰ ਕੇ ਉਸਨੂੰ ਇਟਲੀ ਵਾਪਿਸ ਬੁਲਾਇਆ ਅਤੇ ਉਸਨੂੰ ਧੋਖਾ ਦੇ ਕੇ ਇਟਲੀ ਦੀ ਪਰਮ ਭਿਆਨਕ ਕਚਹਿਰੀ 'ਇਕਵਜ਼ਿਸ਼ਨ' ਨੂੰ ਇਸ ਦੀ ਸੂਚਨਾ ਦੇ ਦਿੱਤੀ 'ਇਕਵਜਿਸ਼ਨ' ਦੇ ਹੁਕਮ ਅਨੁਸਾਰ 23 ਮਈ 1592 ਨੂੰ ਇਸ ਮਹਾਨ ਖਗੋਲ ਸ਼ਾਸ਼ਤਰੀ ਨੂੰ ਧਰਮ ਦੇ ਵਿਰੋਧ ਵਿੱਚ ਪ੍ਰਚਾਰ ਕਰਨ ਦੇ ਦੋਸ਼ ਵਿੱਚ ਜ਼ੇਲ੍ਹ ਵਿੱਚ ਸੁੱਟ ਦਿੱਤਾ ਗਿਆ। ਉਹਨਾਂ ਨੇ ਬਰੂਨੋ ਨੂੰ 8 ਸਾਲਾਂ ਤੱਕ ਜ਼ੇਲ੍ਹ ਵਿੱਚ ਬੰਦ ਰੱਖਿਆ ਕਿਉਂਕਿ ਉਹਨਾਂ ਨੂੰ ਆਸ ਸੀ ਕਿ ਸ਼ਾਇਦ ਬਰੂਨੋ ਆਪਣੇ ਸਿਧਾਤਾਂ ਨੂੰ ਬਦਲ ਕੇ ਬਾਈਬਲ ਦੇ ਸਿਧਾਤਾਂ ਨੂੰ ਮੰਨਣ ਲੱਗ ਪਏ। ਪਰ ਬਹਾਦਰ ਬਰੂਨੋ ਇਹਨਾਂ ਧਮਕੀਆਂ ਅਤੇ ਤਸੀਹਿਆਂ ਤੋਂ ਘਬਰਾਇਆ ਨਹੀਂ ਸਗੋਂ ਆਪਣੇ ਵਿਚਾਰਾਂ ਦੀ ਸੱਚਾਈ ਨੂੰ ਸਾਬਿਤ ਕਰਦਾ ਰਿਹਾ।

ਅਖੀਰ ਵਿੱਚ ਇਕਵਜਿਸ਼ਨ ਦੇ ਜੱਜਾਂ ਨੇ ਇਹਨਾਂ ਪਖੰਡ ਭਰੇ ਸ਼ਬਦਾਂ ਵਿੱਚ ਬਰੂਨੋ ਨੂੰ ਇਹ ਸਜ਼ਾ ਸੁਣਾਈ, "ਪਵਿੱਤਰ ਚਰਚ ਇਸ ਅਪਰਾਧੀ ਨੂੰ ਖੂਨ ਵਹਾਏ ਬਿਨਾਂ ਮੌਤ ਦੀ ਸਜ਼ਾ ਦੀ ਬੇਨਤੀ ਕਰਦਾ ਹੈ। ਅਸਲ ਵਿੱਚ ਇਸ ਦਾ ਅਰਥ ਇਹ ਸੀ ਕਿ ਬਰੂਨੋ ਨੂੰ ਜਿਉਂਦਿਆਂ ਹੀ ਫੂਕ ਦਿੱਤਾ ਜਾਵੇ। 17 ਫਰਵਰੀ 1600 ਨੂੰ ਬਰੂਨੋ ਨੂੰ ਇੱਕ ਅਪਰਾਧੀ ਦੇ ਰੂਪ 'ਚ ਪੀਲੇ ਕੱਪੜੇ ਪਵਾ ਕੇ ਸੜਕਾਂ 'ਤੇ ਕੱਢਿਆ ਗਿਆ। ਬਰੂਨੋ ਦੇ ਸਿਰ 'ਤੇ ਇੱਕ ਉੱਚੀ ਟੋਪੀ ਸੀ, ਜਿਸ ਉੱਤੇ ਅੱਗ ਦੀਆਂ ਲਪਟਾਂ 'ਚ ਇੱਕ ਮਨੁੱਖ ਦੇ ਛਟਪਟਾਉਣ ਦਾ ਚਿੱਤਰ ਬਣਾਇਆ ਹੋਇਆ ਸੀ। ਉਸ ਸਮੇਂ ਸਾਰੇ ਗਿਰਜਾਘਰਾਂ ਵਿੱਚ ਘੰਟੇ ਵੱਜ ਰਹੇ ਸਨ। ਸੈਂਕੜੇ ਪਾਦਰੀ, ਬਿਸ਼ਪ, ਧਰਮ ਅਧਿਕਾਰੀ, ਰਈਸ ਆਪਣੇ ਵਿਸ਼ੇਸ਼ ਕੀਮਤੀ ਪਹਿਰਾਵੇ ਪਾ ਕੇ ਮਰਸੀਆਂ ਗਾਉਂਦੇ ਜਾ ਰਹੇ ਹਨ। ਹਜ਼ਾਰਾਂ ਤਮਾਸ਼ਬੀਨਾਂ ਲਈ ਇਹ ਖੁਸ਼ੀ ਦਾ ਤਿਉਹਾਰ ਸੀ, ਕਿਉਂਕਿ ਇੱਕ ਧਰਮ ਵਿਰੋਧੀ ਦਾ ਅੰਤ ਹੋਣ ਜਾ ਰਿਹਾ ਸੀ। ਬਰੂਨੋ ਦੀ ਜ਼ੁਬਾਨ ਕੱਟ ਦਿੱਤੀ ਗਈ ਤਾਂ ਜੋ ਉਹ ਕੁੱਝ ਬੋਲ ਨਾ ਸਕੇ। ਉਸਦੇ ਹੱਥਾਂ ਪੈਰਾਂ 'ਚ ਲੋਹੇ ਦੀਆਂ ਭਾਰੀ ਜ਼ੰਜੀਰਾਂ ਬੰਨ੍ਹੀਆਂ ਹੋਈਆਂ ਸਨ। ਜੀਵਨ ਦੇ ਇਸ ਅੰਤਲੇ ਸਮੇਂ ਵਿੱਚ ਉਸਨੂੰ ਫੇਰ ਆਪਣੇ ਸਿਧਾਤਾਂ ਨੂੰ ਤਿਆਗਣ ਲਈ ਕਿਹਾ ਗਿਆ ਪਰ ਇਸ ਮਹਾਨ ਵਿਗਿਆਨੀ ਨੇ ਇਸ ਪ੍ਰਸਤਾਵ ਨੂੰ ਵੀ ਠੁਕਰਾ ਦਿੱਤਾ। ਫਲਸਰੂਪ ਉਸ ਨੂੰ ਅੱਗ ਦੀਆਂ ਲਪਟਾਂ ਵਿੱਚ ਜਿਉਂਦਿਆਂ ਹੀ ਸੁੱਟ ਦਿੱਤਾ ਗਿਆ।

**ਪਾਦਰੀਆਂ ਦਾ ਦਮਨ ਚੱਕਰ** :-

ਬਰੂਨੋ ਜਲ ਗਿਆ। ਪਾਦਰੀਆਂ ਦਾ ਦਮਨਚੱਕਰ ਚੱਲਦਾ ਰਿਹਾ ਬਹਾਦਰ ਵਿਗਿਆਨੀ ਸ਼ਹੀਦ ਹੁੰਦੇ ਗਏ ਅਤੇ ਵਿਗਿਆਨ ਦੀ ਉੱਨਤੀ ਦਾ ਰਸਤਾ ਅੱਗੇ ਵੱਧਦਾ ਗਿਆ। ਕੁੱਝ ਸਮੇਂ ਬਾਅਦ ਬਰੂਨੋ ਦੇ ਸਿਧਾਂਤ ਪਰਖ ਦੀ ਕਸੌਟੀ 'ਤੇ ਸਹੀ ਉੱਤਰੇ। ਰੋਮ ਦੇ ਉਸ ਮੈਦਾਨ 'ਚ ਜਿੱਥੇ ਬਰੂਨੋ ਨੂੰ ਮੌਤ ਦੀ ਸਜ਼ਾ ਦਿੱਤੀ ਗਈ ਸੀ, ਸੰਨ 1889 'ਚ ਉਸਦਾ ਇੱਕ ਸਮਾਰਕ ਬਣਾਇਆ ਗਿਆ, ਤਾਂ ਜੋ ਉਸ ਮਹਾਨ ਖਗੋਲ ਸ਼ਾਸਤਰੀ ਦੇ ਬਲਿਦਾਨ ਨੂੰ ਮਾਨਤਾ ਦਿੱਤੀ ਜਾ ਸਕੇ।

---------------------------------------

(ਵਿਸ਼ਵ ਬੁੱਕਸ ਵੱਲੋਂ ਪ੍ਰਕਾਸ਼ਿਤ ਅਤੇ ਸ਼੍ਰੀ ਰਾਕੇਸ਼ ਨਾਥ ਵੱਲੋਂ ਸੰਪਾਦਿਤ ਪੁਸਤਕ 'ਤਰਕ ਨਾਲ ਕੱਟੀਏ ਅੰਧਵਿਸ਼ਵਾਸ਼ਾ ਦਾ ਜਾਲ' ਵਿੱਚੋਂ ਧੰਨਵਾਦ ਸਾਹਿਤ)

ਸੂ
ਚ
ਨਾ

*ਸਾਲ 2003, 2004, 2005, 2006, 2007, 2008, 2009, 2010, 2011 ਅਤੇ 2012 ਦੀਆਂ ਮੈਗਜ਼ੀਨ 'ਵਿਗਿਆਨ ਜੋਤ' ਦੀਆਂ ਫਾਈਲਾਂ ਸਾਡੇ ਕੋਲ ਉਪਲਬਧ ਹਨ। ਛੇ-ਛੇ ਮੈਗਜ਼ੀਨਾਂ ਦੀ ਇੱਕ ਫਾਈਲ ਸਿਰਫ 50 ਰੁਪਏ ਅਤੇ ਦੋ ਸਾਲ ਦੀਆਂ ਫਾਈਲਾਂ 90 ਰੁਪਏ ਵਿੱਚ ਤਿੰਨ ਸਾਲਾਂ ਦੀਆਂ ਫਾਈਲਾਂ 130 ਰੁਪਏ ਅਤੇ ਚਾਰ ਸਾਲ ਦੀਆਂ ਫਾਈਲਾਂ 160 ਰੁਪਏ ਵਿਚ, ਪੰਜ ਸਾਲ ਦੀਆਂ ਫਾਈਲਾਂ 200 ਰੁਪਏ ਅਤੇ 10 ਸਾਲਾਂ ਦੀਆਂ ਫਾਈਲਾਂ ਤੁਹਾਨੂੰ* **400/-ਰੁਪੈ** *ਵਿੱਚ ਪ੍ਰਾਪਤ ਹੋ ਸਕਦੀਆਂ ਹਨ। ਤੁਸੀਂ ਇਹ ਫਾਈਲਾਂ ਵੀ.ਪੀ.ਪੀ. ਰਾਹੀਂ ਵੀ ਫ਼ੋਨ ਨੰਬਰ 01679-241744 'ਤੇ ਫ਼ੋਨ ਕਰਕੇ ਮੰਗਵਾ ਸਕਦੇ ਹੋ।* **ਨੋਟ: ਵੀ.ਪੀ.ਪੀ. ਦਾ ਖਰਚਾ ਵੱਖਰਾ ਹੋਵੇਗਾ।**



# ਯਾਦਾਂ ਦੇ ਝਰੋਖੇ 'ਚੋਂ...



ਮੇਘ ਰਾਜ ਮਿੱਤਰ
ਫੋਨ ਨੰ: 98887-87440

**ਯੋਗੀ ਦੀ ਸਮਾਧੀ:** ਦਿੱਲੀ ਤੋਂ 200 ਕਿਲੋਮੀਟਰ ਦੀ ਦੂਰੀ 'ਤੇ ਯੂ. ਪੀ. ਦਾ ਇੱਕ ਪਿੰਡ ਹੈ ਹਾਥਰਸ ਉਸ ਪਿੰਡ ਵਿੱਚ 20 ਅਗਸਤ 2014 ਨੂੰ ਇੱਕ ਸੰਤ ਜੀ ਮਹਾਰਾਜ ਆਏ। ਪਿੰਡ ਦੇ ਇਕੱਠ ਵਿੱਚ ਉਸਨੇ ਐਲਾਨ ਕਰ ਦਿੱਤਾ ਕਿ ਉਹ ਜ਼ਮੀਨ ਵਿੱਚ ਭੋਰਾ ਬਣਾ ਕੇ ਸਮਾਧੀ ਲਾਵੇਗਾ ਅਤੇ 24 ਘੰਟੇ ਬਾਅਦ ਜਦੋਂ ਉਸਨੂੰ ਸਮਾਧੀ ਵਿੱਚੋਂ ਬਾਹਰ ਕੱਢਿਆ ਜਾਵੇਗਾ ਤਾਂ ਧਰਤੀ 'ਤੇ ਬਰਸਾਤ ਸ਼ੁਰੂ ਹੋ ਜਾਵੇਗੀ। ਸੰਤ ਲਈ ਸਮਾਧੀ ਬਣਾਉਣ ਲਈ ਮਿੱਟੀ ਪੁੱਟ ਕੇ ਛੇ ਫੁੱਟ × ਛੇ ਫੁੱਟ × ਛੇ ਫੁੱਟ ਦਾ ਟੋਆ ਪੁੱਟ ਦਿੱਤਾ ਗਿਆ। ਸੰਤ ਜੀ ਨੂੰ ਵਿੱਚ ਬਿਠਾ ਦਿੱਤਾ ਗਿਆ। ਫੱਟਿਆਂ ਨਾਲ ਢਕ ਕੇ ਉਪਰ ਪਲਾਸਟਿਕ ਦਾ ਕਾਗਜ਼ ਵਿਛਾ ਕੇ ਮਿੱਟੀ ਪਾ ਦਿੱਤੀ ਗਈ। ਜਗਰਾਤੇ, ਢੋਲ, ਬਾਜੇ, ਕੀਰਤਨ ਸਾਰੀ ਰਾਤ ਚਲਦਾ ਰਿਹਾ। ਨਿਸਚਿਤ ਟਾਈਮ 12:30 ਵਜੇ ਜਦੋਂ ਉਹਨਾਂ ਦਾ ਭੋਰਾ ਖੋਲ੍ਹਿਆ ਗਿਆ ਤਾਂ ਸੰਤ ਜੀ ਮਰ ਚੁੱਕੇ ਸਨ। ਉਹਨਾਂ ਦੇ ਸਰੀਰ ਦੀ ਢਾਈ ਘੰਟੇ ਮਾਲਸ ਵੀ ਕੀਤੀ ਗਈ। ਪਰ ਸੰਤ ਜੀ ਦੀ ਲੀਲਾ ਸਮਾਪਤ ਹੋ ਗਈ। ਅਸੀਂ ਜਾਣਦੇ ਹਾਂ ਕਿ ਅੱਜ ਤਾਂ ਵਿਗਿਆਨ ਇਹ ਦੱਸ ਦਿੰਦੀ ਹੈ ਕਿ ਬਰਸਾਤ ਕਦੋਂ ਹੋਵੇਗੀ ਤੇ ਕਿੰਨੀ ਹੋਵੇਗੀ? ਪਰ ਸਾਡੇ ਭਾਰਤਵਾਸੀ ਅਜੇ ਤੱਕ ਇਹਨਾਂ ਗੱਲਾਂ ਨੂੰ ਸਾਧਾਂ ਸੰਤਾਂ ਦੀਆਂ ਕਰਾਮਾਤਾਂ ਨਾਲ ਜੋੜੀ ਫਿਰਦੇ ਹਨ।



**ਘਰਾਟਾਂ ਦਾ ਆਟਾ:** ਘਰਾਟਾਂ ਨੂੰ ਬਹੁਤ ਸਾਰੀਆਂ ਥਾਵਾਂ 'ਤੇ ਬੰਦ ਕਰ ਦਿੱਤਾ ਗਿਆ ਹੈ। ਪਰ ਫਿਰ ਵੀ ਘਰਾਟਾਂ ਦਾ ਆਟਾ ਵੱਡੀ ਮਾਤਰਾ ਵਿੱਚ ਵਿਕ ਰਿਹਾ ਹੈ। ਨਹਿਰਾਂ ਦੇ ਪੁਲਾਂ ਦੇ ਦੋਹੇਂ ਪਾਸੀਂ ਘਰਾਟਾਂ ਦਾ ਆਟਾ ਆਮ ਵੇਚਿਆ ਜਾਂਦਾ ਹੈ। ਪਹਿਲੀ ਗੱਲ ਤਾਂ ਇਹ ਹੈ ਕਿ ਆਮ ਚੱਕੀ ਦੇ ਆਟੇ ਅਤੇ ਘਰਾਟਾਂ ਦੇ ਆਟੇ ਦੀ ਪਿਸਾਈ ਵਿੱਚ ਕੋਈ ਫਰਕ ਹੋ ਹੀ ਨਹੀਂ ਸਕਦਾ। ਕਿਉਂਕਿ ਘਰਾਟਾਂ ਦੇ ਪੱਥਰਾਂ ਨੂੰ ਘੁੰਮਾਉਣ ਲਈ ਪੁਲੀ ਦੇ ਪੱਥਰਾਂ 'ਤੇ ਪਾਣੀ ਸੁੱਟਿਆ ਜਾਂਦਾ ਹੈ ਜਿਸ ਨਾਲ ਪੱਥਰ ਘੁੰਮਦੇ ਹਨ। ਪਰ ਆਟੇ ਦੀਆਂ ਚੱਕੀਆਂ ਨੂੰ ਡੈਮਾਂ ਦੇ ਪਾਣੀ ਦੀ ਉਚਾਈ ਦੀ ਊਰਜਾ ਜਾਂ ਕੋਇਲੇ ਦੀ ਊਰਜਾ ਨਾਲ ਪ੍ਰਾਪਤ ਬਿਜਲੀ ਨਾਲ ਪੱਥਰਾਂ ਨੂੰ ਘੁੰਮਾਇਆ ਜਾਂਦਾ ਹੈ। ਜੇ ਘਰਾਟਾਂ ਦੇ ਪੱਥਰ ਹੌਲੀ-ਹੌਲੀ ਘੁੰਮਦੇ ਹਨ ਤਾਂ ਚੱਕੀਆਂ ਵਿੱਚ ਵੀ ਪੱਥਰ ਹੌਲੀ-ਹੌਲੀ ਘੁੰਮਾਏ ਜਾ ਸਕਦੇ ਹਨ। ਕੀ ਘਰਾਟਾਂ ਦੇ ਆਟੇ ਦੇ ਨਾਂ 'ਤੇ ਲੋਕਾਂ ਨਾਲ ਠੱਗੀ ਤਾਂ ਨਹੀਂ ਹੋ ਰਹੀ ਹੈ।

**ਟੀ. ਵੀ. 'ਤੇ ਗੱਲਬਾਤ:** ਅਗਸਤ ਤੇ ਸਤੰਬਰ 2014 ਵਿੱਚ ਮੈਨੂੰ ਗਲੋਬਲ ਪੰਜਾਬ ਤੇ ਝੱਜ ਟੈਲੀਵਿਜਨ ਚੈਨਲਾਂ 'ਤੇ ਆਤਮਾ ਪ੍ਰਮਾਤਮਾ, ਜੋਤਿਸ਼, ਪੁਨਰ ਜਨਮ ਤੇ ਤਰਕਸ਼ੀਲ ਲਹਿਰ ਬਾਰੇ ਗੱਲਬਾਤ ਕਰਨ ਦਾ ਮੌਕਾ ਮਿਲਿਆ। ਮੇਰੇ ਨਾਲ ਬ੍ਰਿਗੇਡੀਅਰ ਓਂਕਾਰ ਸਿੰਘ ਗੋਰਾਇਆ ਹੁੰਦੇ ਹਨ। ਉਹ ਪਿਛਲੇ ਦਸ ਕੁ ਸਾਲ ਤੋਂ ਤਰਕਸ਼ੀਲ ਗਤੀਵਿਧੀਆਂ ਨਾਲ ਜੁੜੇ ਹੋਏ ਹਨ। ਸਾਨੂੰ ਇਹ ਸੱਦਾ ਪੰਜਾਬੀ ਟ੍ਰਿਬਿਊਨ ਦੇ ਸਾਬਕਾ ਪੱਤਰਕਾਰ ਜਗਤਾਰ ਸਿੱਧੂ ਸਾਹਿਬ ਤੇ ਸੁਰਿੰਦਰ ਸਿੰਘ ਵੱਲੋਂ ਅਕਸਰ ਹੀ ਪ੍ਰਾਪਤ ਹੁੰਦੇ ਰਹਿੰਦੇ ਹਨ। ਲਗਭਗ 45 ਕੁ ਮਿੰਟ ਦੀ ਗੱਲਬਾਤ ਹੁੰਦੀ ਹੈ ਜੋ ਕੁਲ ਅੱਠ ਜਾਂ ਨੌਂ ਵਾਰ ਹੋ ਚੁੱਕੀ ਹੈ। ਸਾਡੀ ਇਸ ਗੱਲਬਾਤ ਨੂੰ ਸੁਣ ਕੇ ਇੰਗਲੈਂਡ, ਅਮਰੀਕਾ ਅਤੇ ਕੈਨੇਡਾ ਦੇ ਬਹੁਤ ਸਾਰੇ ਦਰਸ਼ਕਾਂ ਦੇ ਫੋਨ ਵੀ ਆਉਂਦੇ ਰਹਿੰਦੇ ਹਨ। ਉਹ ਵੀ ਇਹਨਾਂ ਵਿਚਾਰ ਵਟਾਂਦਰਿਆਂ ਵਿੱਚੋਂ ਪੈਦਾ ਹੋਏ ਸੁਆਲਾਂ ਬਾਰੇ ਅਕਸਰ ਹੀ ਸਪਸ਼ਟੀਕਰਨ ਮੰਗਦੇ ਰਹਿੰਦੇ ਹਨ। ਕੁਲ ਮਿਲਾ ਕੇ ਸਾਨੂੰ ਇਹ ਜਾਣਕਾਰੀ ਪ੍ਰਾਪਤ ਹੋ ਰਹੀ ਹੈ ਕਿ ਤਰਕਸ਼ੀਲ ਲਹਿਰ ਦੇ ਪ੍ਰਭਾਵ ਅਤੇ 30 ਕੁ ਸਾਲ ਦੇ ਯਤਨਾਂ ਨਾਲ ਪੰਜਾਬ ਦੇ ਲੋਕਾਂ ਵਿੱਚ ਤਬਦੀਲੀ ਆਈ ਹੈ। ਪੰਜਾਬ ਵਿੱਚ ਲਗਭਗ ਅੱਧੇ ਲੋਕ ਸਾਧਾਂ ਸੰਤਾਂ ਦਾ ਪਿਛਲੱਗ ਪੁਣਾ ਛੱਡ ਕੇ ਤਰਕਸ਼ੀਲ ਵਿਚਾਰਾਂ ਦੇ ਧਾਰਨੀ ਬਣਨ ਵਾਲੇ ਪਾਸੇ ਨੂੰ ਤੁਰ ਰਹੇ ਹਨ। ਅਸੀਂ ਇਹ ਵੀ ਦਾਅਵਾ ਕਰਦੇ ਹਾਂ ਕਿ ਆਉਣ ਵਾਲੇ ਦਸ ਕੁ ਸਾਲਾਂ ਵਿੱਚ ਅਸੀਂ ਪੰਜਾਬ ਦੇ 90 ਪ੍ਰਤੀਸ਼ਤ ਲੋਕਾਂ ਨੂੰ ਅੰਧਵਿਸ਼ਵਾਸਾਂ ਦੀ ਦਲਦਲ ਵਿੱਚੋਂ ਬਾਹਰ ਕੱਢਣ ਵਿੱਚ ਸਫ਼ਲ ਹੋ ਜਾਵਾਂਗੇ। ਜੇ ਇਸ ਸਾਰੇ ਕਾਰਜ ਦਾ ਵਿਸ਼ਲੇਸ਼ਣ ਕਰਨਾ ਹੋਵੇ ਤਾਂ ਪੰਜਾਬੀ ਵਿੱਚ ਛਪੀਆਂ ਤਰਕਸ਼ੀਲ ਲਹਿਰ ਦੀਆਂ ਕਿਤਾਬਾਂ ਦੀਆਂ ਦਸ ਕੁ ਲੱਖ ਕਾਪੀਆਂ ਦਾ ਵੱਡਾ ਰੋਲ ਹੈ। ਅੱਜ ਮੈਂ ਇਹ ਦਾਅਵਾ ਕਰ ਸਕਦਾ ਹਾਂ ਕਿ ਪੰਜਾਬ ਦੇ ਹਰੇਕ ਪਿੰਡ ਵਿੱਚ 70 ਤੋਂ 80 ਵਿਚਕਾਰ ਤਰਕਸ਼ੀਲ ਕਿਤਾਬਾਂ ਲੋਕਾਂ ਦੇ ਘਰਾਂ ਵਿੱਚ ਮੌਜੂਦ ਹਨ। ਇਹ ਦਿਨ ਰਾਤ ਚਾਨਣ ਵੰਡਣ ਵਾਲਾ ਸਾਹਿਤ ਆਪਣਾ ਰੋਲ ਅਦਾ ਕਰਦਾ ਹੀ ਰਹੇਗਾ।

**ਪੀਰ ਮਤੋਈ ਦੀ ਸਮਾਧ:** ਵਿਚਾਰ ਚਰਚਾ ਨੂੰ ਅੱਗੇ ਤੋਰਨ ਲਈ ਜਗਤਾਰ ਸਿੱਧੂ ਜੀ ਨੇ ਇੱਕ ਕਹਾਣੀ ਤੋਂ ਸ਼ੁਰੂਆਤ ਕੀਤੀ। ਕਹਿੰਦੇ ਨੇ ਕਿ ਇੱਕ ਪਿੰਡ ਦੇ ਮੁੰਡੇ ਦਾ ਵਿਆਹ ਨਹੀਂ ਹੋ ਰਿਹਾ ਸੀ। ਕਿਸੇ ਨੇ ਉਸਨੂੰ ਸਲਾਹ ਦਿੱਤੀ "ਬਈ ਤੂੰ ਜੇ ਪੀਰ ਮਤੋਈ ਦੀ ਸਮਾਧ 'ਤੇ ਦਸ ਚੌਂਕੀਆਂ ਭਰ ਲਏ ਤਾਂ ਉਸੇ ਦਿਨ ਤੈਨੂੰ ਰਿਸ਼ਤੇ ਵਾਲੇ ਮਿਲ ਜਾਣਗੇ।" ਉਸ ਵਿਚਾਰੇ ਨੇ ਸੋਚਿਆ ਚੱਲ ਇਹ ਵੀ ਕਰਕੇ ਵੇਖ ਲੈਂਦੇ ਹਾਂ। ਚੌਂਕੀਆਂ ਭਰਨੀਆਂ ਸ਼ੁਰੂ ਕਰ ਦਿੱਤੀਆਂ। ਦਸਵੀਂ ਚੌਂਕੀ ਵਾਲੇ ਦਿਨ ਉਸਨੇ ਨਵੇਂ ਕੱਪੜੇ ਪਾਏ ਅਤੇ ਤੇਜ਼ੀ ਨਾਲ ਸਮਾਧ ਤੋਂ ਨਿਕਲ ਕੇ ਪਿੰਡ ਆਪਣੇ ਘਰ ਵੱਲ ਇਸ ਆਸ ਨਾਲ ਤੁਰ ਪਿਆ ਕਿ ਰਿਸ਼ਤੇ ਵਾਲੇ ਉਡੀਕਦੇ ਹੋਣਗੇ। ਪਰ ਮਗਰੋਂ ਆਵਾਜ਼ ਆਈ "ਦਰਸ਼ਨਾ ਰੁਕੀਂ, ਤੇਰੀ ਮਾਂ ਮਰ ਗਈ ਹੈ।" ਉਹ ਕਹਿਣ ਲੱਗਿਆ

ਵਾਹ ਵਾਹ ਧੰਨ ਹੈ ਜੀ ਪੀਰ ਮਤੋਈ,
ਮੈਨੂੰ ਬਹੂ ਕੀ ਦੇਣੀ ਸੀ, ਬਾਪ ਵਾਲੀ ਵੀ ਖੋਈ।

**ਗੰਜੇਪਣ ਦਾ ਇਲਾਜ:** ਗੰਜੇਪਣ ਦਾ ਇਲਾਜ ਹੁਣ ਜ਼ਿਆਦਾ ਦੂਰ ਨਹੀਂ ਕਿਉਂਕਿ ਵਿਗਿਆਨੀਆਂ ਨੇ ਅਜਿਹੀ ਦਵਾਈ ਦੀ ਖੋਜ ਕਰ ਲਈ ਹੈ ਜਿਹੜੀ ਪੰਜ ਮਹੀਨਿਆਂ ਵਿੱਚ ਗੰਜਿਆਂ ਦੇ ਵਾਲ ਉਗਾ ਸਕਦੀ ਹੈ। ਹੋਰ ਵੀ ਖੁਸ਼ੀ ਦੀ ਗੱਲ ਇਹ ਹੈ ਕਿ ਇਸ ਲਈ ਵਰਤੀ ਜਾਂਦੀ ਅੰਗਰੇਜ਼ੀ ਦਵਾਈ ਅਮਰੀਕਨ ਸਰਕਾਰੀ ਏਜੰਸੀ ਐਫ਼. ਡੀ. ਏ ਵੱਲੋਂ ਪਹਿਲਾਂ ਹੀ ਕਿਸੇ ਹੋਰ ਬਿਮਾਰੀ ਦੇ ਇਲਾਜ ਲਈ ਮੰਨਜ਼ੂਰ ਕੀਤੀ ਜਾ ਚੁੱਕੀ ਹੈ। ਵਿਗਿਆਨਕਾਂ ਨੇ ਪਹਿਲਾਂ ਤਜਰਬੇ ਚੂਹਿਆਂ 'ਤੇ ਕੀਤੇ ਸਨ ਜੋ ਕਾਮਯਾਬ ਰਹੇ। ਇਸ ਕੰਮ ਲਈ ਉਹਨਾਂ ਨੇ ਦੋ ਦਵਾਈਆਂ ਦੀ ਵਰਤੋਂ ਕੀਤੀ ਰੁਕਸੋਲਿਟਨਿਸ ਪਹਿਲਾਂ ਹੀ ਐਫ. ਡੀ. ਏ. ਤੋਂ ਮੰਨਜ਼ੂਰ ਸ਼ੁਦਾ ਹੈ। ਅਜੇ ਵਿਗਿਆਨਕਾਂ ਨੇ ਇਸਦੀ ਵਰਤੋਂ ਬਾਰੇ ਪੂਰੀ

ਜਾਣਕਾਰੀ ਨਹੀਂ ਦਿੱਤੀ ਉਮੀਦ ਹੈ ਕੁਝ ਮਹੀਨਿਆਂ ਵਿੱਚ ਇਹ ਵੀ ਉਪਲਬਧ ਹੋ ਜਾਵੇਗੀ।

**ਮੂਰਤੀਆਂ ਕਿਸ ਪਦਾਰਥ ਦੀਆਂ ਬਣੀਆਂ ਹੋਣੀਆਂ ਚਾਹੀਦੀਆਂ ਹਨ:** ਭਾਰਤ ਦੇ ਬਹੁਤ ਸਾਰੇ ਮੰਦਰਾਂ ਵਿੱਚ ਮੂਰਤੀਆਂ ਪੱਥਰ ਦੀਆਂ ਬਣਾ ਕੇ ਤੇ ਉਹਨਾਂ 'ਤੇ ਰੰਗ ਰੋਗਨ ਕਰਕੇ ਉਹਨਾਂ ਨੂੰ ਮੰਦਰਾਂ ਵਿੱਚ ਸਜਾ ਦਿੱਤਾ ਜਾਂਦਾ ਹੈ। ਅਸਲ ਵਿੱਚ ਭਾਰਤ ਨੂੰ ਪ੍ਰਦੂਸ਼ਣ ਰਹਿਤ ਬਣਾਉਣ ਲਈ ਇਹ ਮੂਰਤੀਆਂ ਕਿਸੇ ਕਿਸਮ ਦੇ ਰੰਗ ਰੋਗਨ ਤੋਂ ਰਹਿਤ ਹੋਣੀਆਂ ਚਾਹੀਦੀਆਂ ਹਨ। ਕਿਉਂਕਿ ਰੰਗ ਰੋਗਨ ਵਿੱਚ ਆਮ ਤੌਰ 'ਤੇ ਸਿੱਕੇ ਦਾ ਇਸਤੇਮਾਲ ਹੁੰਦਾ ਹੈ ਅਤੇ ਸਿੱਕਾ ਇੱਕ ਜਹਿਰੀਲੀ ਧਾਤ ਹੈ ਇਸ ਲਈ ਮੂਰਤੀਆਂ ਨੂੰ ਜਦੋਂ ਪਾਣੀ ਵਿੱਚ ਵਹਾਇਆ ਜਾਂਦਾ ਹੈ ਤਾਂ ਇਹ ਜ਼ਹਿਰੀਲੀਆਂ ਧਾਤਾਂ ਸਾਰੇ ਪਾਣੀਆਂ ਨੂੰ ਦੂਸ਼ਿਤ ਕਰਦੀਆਂ ਹਨ। ਉਂਞ ਤਾਂ ਇਮਾਰਤਾਂ ਵਿੱਚ ਵਰਤੇ ਜਾਂਦੇ ਰੰਗ ਰੋਗਨ ਵਿਚ ਸਿੱਕਾ ਵਰਤਣ 'ਤੇ ਭਾਰਤ ਸਰਕਾਰ ਵੱਲੋਂ ਰੋਕ ਲੱਗੀ ਹੋਈ ਹੈ। ਸੋ ਜੇ ਮੂਰਤੀਆਂ 'ਤੇ ਰੰਗ ਰੋਗਨ ਕਰਨਾ ਜ਼ਰੂਰੀ ਹੋਵੇ ਤਾਂ ਇਹ ਰੰਗ ਰੋਗਨ ਸਿੱਕਾ ਰਹਿਤ ਹੋਣਾ ਚਾਹੀਦਾ ਹੈ। ਸੰਧੂਰ ਦੀ ਵੀ ਜਾਂਚ ਹੋਵੇ ਕਿ ਕੀ ਇਹ ਸਿੱਕੇ ਦਾ ਕੋਈ ਰਸਾਇਣ ਤਾਂ ਨਹੀਂ। ਕਿਉਂਕਿ ਆਮ ਤੌਰ 'ਤੇ ਮੱਥੇ 'ਤੇ ਵਾਲਾਂ ਵਿੱਚ ਲਾਇਆ ਸੰਧੂਰ ਡਿੱਗ ਕੇ ਕਈ ਵਾਰੀ ਅੱਖਾਂ ਵਿੱਚ ਪੈ ਜਾਂਦਾ ਹੈ। ਇਹ ਜ਼ਰੂਰ ਅੱਖਾਂ ਨੂੰ ਥੋੜ੍ਹਾ ਬਹੁਤ ਨੁਕਸਾਨ ਪਹੁੰਚਾ ਸਕਦਾ ਹੈ

**ਬੇਹੂਦਾ ਰਸਮ ਇਸਨਾਨ:** ਕਰਨਾਟਕ ਦੇ ਇੱਕ ਮੰਦਰ ਵਿੱਚ ਬ੍ਰਾਹਮਣਾਂ ਦੁਆਰਾ ਜੂਠੀਆਂ ਛੱਡੀਆਂ ਖਾਣੇ ਦੀਆਂ ਪਤਲਾਂ ਉੱਪਰ ਬਹੁਤ ਸਾਰੇ ਹਿੰਦੂ ਲੇਟਦੇ ਹੋਏ 20-30 ਮੀਟਰਾਂ ਦੀ ਦੂਰੀ ਤੈਅ ਕਰਦੇ ਆਮ ਵੇਖੇ ਜਾ ਸਕਦੇ ਹਨ। ਇਸ ਰਸ਼ਮ ਨੂੰ 'ਇਸਨਾਨ' ਕਿਹਾ ਜਾਂਦਾ ਹੈ। ਜਿੱਥੇ ਇਹ ਰਸ਼ਮ ਬਹੁਤ ਸਾਰੀਆਂ ਬੀਮਾਰੀਆਂ ਫੈਲਾਉਣ ਲਈ ਜ਼ਿੰਮੇਵਾਰ ਹੈ ਉਥੇ ਇਹ ਰਸਮ ਜਾਤ-ਪਾਤ ਦੇ ਕੋਹੜ ਨੂੰ ਵਧਾ ਕੇ ਬ੍ਰਾਹਮਣਾਂ ਨੂੰ ਉੱਚਾ ਦਰਜਾ ਅਤੇ ਵਿਚਾਰੇ ਹਿੰਦੂਆਂ ਨੂੰ ਨੀਵੇਂ ਦਰਜੇ ਦੇ ਵਸਨੀਕ ਬਣਾਉਂਦੀ ਹੈ। ਇਹ ਰਸ਼ਮ ਮਨੁੱਖਤਾ ਲਈ ਘਾਤਕ ਹੈ। ਅਜਿਹੀਆਂ ਰਸ਼ਮਾਂ ਦਾ ਵਿਰੋਧ ਹੋਣਾ ਚਾਹੀਦਾ ਹੈ।

***ਗੰਗਾ ਸਿੰਘ ਢਿੱਲੋਂ ਵੱਲੋਂ ਸੱਦਾ ਅਪ੍ਰਵਾਨ ਕੀਤਾ:*** 2004 ਵਿੱਚ ਮੈਨੂੰ ਅਮਰੀਕਾ ਦੀ ਰਾਜਧਾਨੀ ਵਾਸ਼ਿੰਗਟਨ ਵਿਖੇ ਇੱਕ ਹੋਟਲ ਵਿੱਚ ਲੈਕਚਰ ਦੇਣ ਲਈ ਬੁਲਾਇਆ ਗਿਆ। ਮੇਰੇ ਲੈਕਚਰ ਨੂੰ ਸੁਣਨ ਲਈ ਬਹੁਤ ਸਾਰੇ ਲੋਕਾਂ ਸਮੇਤ ਖਾਲਸਤਾਨੀ ਆਗੂ ਗੰਗਾ ਸਿੰਘ ਢਿੱਲੋਂ ਜੀ ਵੀ ਆਏ। ਮੇਰੇ ਲੈਕਚਰ ਨੂੰ ਕਾਫ਼ੀ ਧਿਆਨ ਨਾਲ ਸੁਣਿਆ ਅਤੇ ਤਾਲੀਆਂ ਵੀ ਮਾਰਦੇ ਰਹੇ। ਜਾਣ ਸਮੇਂ ਉਹ ਪ੍ਰਬੰਧਕਾਂ ਨੂੰ ਕਹਿਣ ਲੱਗੇ ਕਿ ਇਹਨਾਂ ਨੂੰ ਗੁਰਦੁਆਰੇ ਲੈ ਕੇ ਆਓ ਅਸੀਂ ਸਨਮਾਨਤ ਕਰਨਾ ਚਾਹੁੰਦੇ ਹਾਂ। ਪਰ ਖਾਲਸਤਾਨੀ ਲਹਿਰ ਨਾਲ ਮੈਂ ਸਹਿਮਤ ਨਹੀਂ ਸਾਂ ਇਸ ਲਈ ਮੇਰੇ ਕਹਿਣ 'ਤੇ ਪ੍ਰਬੰਧਕਾਂ ਇਹ ਸੱਦਾ ਨਾ ਮਨਜ਼ੂਰ ਕਰ ਦਿੱਤਾ।

**ਹੋਮਿਓਪੈਥੀ ਬਾਰੇ ਕੁਝ ਸਪਸ਼ਟੀਕਰਨ:** ਬਹੁਤ ਸਾਰੇ ਵਿਅਕਤੀਆਂ ਨੇ ਮੇਰੇ ਹੋਮਿਓਪੈਥੀ ਦੇ ਲੇਖ ਬਾਰੇ ਆਪਣੀਆਂ ਟਿੱਪਣੀਆਂ ਦਰਜ ਕਰਵਾਈਆਂ ਹਨ। ਇਹਨਾਂ ਵਿੱਚੋਂ ਜ਼ਿਆਦਾ ਨੇ ਮੇਰੇ ਲੇਖ ਨਾਲ ਸਹਿਮਤੀ ਪ੍ਰਗਟ ਕੀਤੀ ਹੈ ਤੇ ਇਸਨੂੰ ਪਸੰਦ ਵੀ ਕੀਤਾ ਹੈ ਤੇ ਪੜ੍ਹਨ ਲਈ ਅਗਾਂਹ ਆਪਣੇ ਮਿੱਤਰਾਂ ਦੋਸਤਾਂ ਨੂੰ ਵੀ ਭੇਜਿਆ ਹੈ। ਕੁਝ ਵਿਅਕਤੀਆਂ ਨੇ ਹੋਮਿਓਪੈਥੀ ਨਾਲ ਠੀਕ ਹੋਈਆਂ ਬੀਮਾਰੀਆਂ ਬਾਰੇ ਆਪਣੇ ਨਿੱਜੀ ਅਨੁਭਵ ਵੀ ਲਿਖੇ ਹਨ। ਮੈਂ ਇਸ ਗੱਲ ਨੂੰ ਸਵੀਕਾਰ ਕਰਦਾ ਹਾਂ ਕਿ ਕੋਈ ਵੀ ਵਿਅਕਤੀ ਕਿਸੇ ਵੀ ਪੈਥੀ ਦੇ ਉਪਚਾਰ ਨਾਲ ਤੰਦਰੁਸਤ ਹੋ ਸਕਦਾ ਹੈ। ਮੈਂ ਕਈ ਵਿਅਕਤੀਆਂ ਨੂੰ ਰਾਖ ਦੀਆਂ ਪੁੜੀਆਂ, ਮੰਤਰਾਂ ਦੇ ਜਾਪ, ਸਾਧਾਂ ਦੇ ਹਥੌਲਿਆਂ ਤੇ ਹੋਮਿਓਪੈਥੀਆਂ ਦੀਆਂ ਗੋਲੀਆਂ ਨਾਲ ਤੰਦਰੁਸਤ ਹੁੰਦੇ ਵੇਖਿਆ ਹੈ। ਪਰ ਜੇ ਕੁਝ ਵਿਅਕਤੀ ਕਿਸੇ ਵੀ ਪੈਥੀ ਨਾਲ ਠੀਕ ਹੋ ਜਾਂਦੇ ਤਾਂ ਉਨ੍ਹਾਂ ਨਾਲ ਕੋਈ ਵੀ ਪੈਥੀ ਨੂੰ ਵਿਗਿਆਨ ਕਹਿ ਦੇਣਾ ਠੀਕ ਨਹੀਂ। ਅਸਲ ਵਿੱਚ ਦਵਾਈ ਦੀ ਬਣਤਰ, ਉਸਨੇ ਬਿਮਾਰੀ ਨੂੰ ਕਿਵੇਂ ਪ੍ਰਭਾਵਿਤ ਕੀਤਾ ਆਦਿ ਸੈਂਕੜੇ ਸੁਆਲ ਹਨ ਜਿਨ੍ਹਾਂ ਦਾ ਇਹ ਪੈਥੀਆਂ ਅੱਜ ਦੀਆਂ ਹਾਲਤਾਂ ਤਸੱਲੀਬਖ਼ਸ਼ ਜੁਆਬ ਨਹੀਂ ਦਿੰਦੀਆਂ। 24× ਤੋਂ ਘੱਟ ਪੋਟੈਂਸੀ ਦੀਆਂ ਹੋਮੀਓਪੈਥਿਕ ਦਵਾਈਆਂ ਕਾਰਗਰ ਹੋ ਹੀ ਸਕਦੀਆਂ ਹਨ। ਇਸ ਸਬੰਧੀ ਮੇਰੇ ਕੋਈ ਮੱਤਭੇਦ ਨਹੀਂ ਹਨ। ਪਰ ਕਿਸੇ ਪੈਥੀ ਬਾਰੇ ਇਹ ਕਹਿਣਾ ਇਸਦਾ ਕੋਈ ਸਾਈਡ ਇਫੈਕਟ ਨਹੀਂ, ਜਿਉਂ-ਜਿਉਂ ਦਵਾਈ ਘਟਦੀ ਇਸਦਾ ਪ੍ਰਭਾਵ ਵੱਧ ਜਾਂਦਾ ਹੈ। ਸਰੀਰ ਵਿੱਚ ਵਾਈਟਲ ਫੋਰਸ ਹੁੰਦੀ ਹੈ ਆਦਿ ਗਲਤ ਹਨ।

-------

**ਪਛਤਾਵਾ: ਕਈ ਵਾਰ ਜ਼ਿੰਦਗੀ ਵਿੱਚ ਅਜਿਹਾ ਵਾਪਰਦਾ ਹੈ ਜਿਸ ਲਈ ਤੁਸੀਂ ਸਾਰੀ ਉਮਰ ਪਛਤਾਉਂਦੇ ਹੋ। ਮੈਂ ਖਾਲਸਾ ਕਾਲਜ ਜਲੰਧਰ ਅਤੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿੱਚ ਪੜ੍ਹਿਆ ਹਾਂ ਤੇ ਮੇਰੀ ਸੋਚ ਉਦੋਂ ਹੀ ਅਜਿਹੀ ਸੀ।**

**ਸ਼ਾਇਦ 1999 ਦੀ ਗੱਲ ਹੈ ਕਿ ਮੈਂ ਨਵਾਂ ਨਵਾਂ ਸ਼ਰਾਬ ਪੀਣ ਲੱਗਿਆ ਸਾਂ। ਅਸੀਂ ਕੁਝ ਦੋਸਤ ਜਲੰਧਰ ਤੋਂ ਲੱਕੀ ਢਾਬੇ ਵਿੱਚ ਰੋਟੀ ਖਾਣ ਜਾ ਰਹੇ ਸਾਂ। ਉਸ ਸਮੇਂ ਮੇਰੀ ਸੋਚ ਵਿੱਚ ਕਾਫ਼ੀ ਕੱਟੜਪੁਣਾ ਭਾਰੂ ਸੀ ਤੇ ਮੈਂ ਸੋਚਦਾ ਸਾਂ ਕਿ ਪੰਜਾਬ ਸਿਰਫ਼ ਤੇ ਸਿਰਫ਼ ਸਿੱਖਾਂ ਦਾ ਤੇ ਜੱਟਾਂ ਦਾ ਹੈ ਤੇ ਮੈਂ ਕੁਝ ਨਸ਼ੇ ਦੀ ਲੋਰ ਵਿੱਚ ਜੱਟਵਾਦ ਦੀ ਆਕੜ ਵਿੱਚ ਬਰਾਬਰ ਜਾ ਰਹੇ ਦੋ ਸਕੂਟਰ ਸਵਾਰਾਂ ਦੇ ਜਿਨ੍ਹਾਂ ਸਿਰ 'ਤੇ ਹੈਲਮੇਟ ਪਾਇਆ ਹੋਇਆ ਸੀ "ਓਏ ਭੈਣ ਦੇ ਲਾਲਿਓ ਕਹਿ ਕਿ ਖਾਲੀ ਸ਼ਰਾਬ ਦੀ ਬੋਤਲ ਮਾਰੀ। ਉਹ ਵਿਚਾਰੇ ਡਿੱਗ ਪਏ ਪਤਾ ਨਹੀਂ ਉਹਨਾਂ ਦੇ ਕਿੰਨੀ ਕੁ ਸੱਟ ਵੱਜੀ ? ਤੇ ਅਸੀਂ ਹਿੜ-ਹਿੜ ਕਰਦਿਆਂ ਨੇ ਕਾਰ ਹੋਰ ਭਜਾ ਲਈ। ਮੇਰੇ ਦੋਸਤ ਮੇਰੇ ਇਸ ਮਹਾਨ ਕਾਰਨਾਮੇ 'ਤੇ ਬਹੁਤ ਖੁਸ਼ ਸਨ।**

**ਅੱਜ 2014 'ਚ ਮੈਂ ਬਹੁਤ ਦੁਖੀ ਹਾਂ ਉਸ ਗੱਲ ਨੂੰ ਯਾਦ ਕਰਕੇ, ਕਾਸ਼ ਉਹ ਦੋਵੇਂ ਸੱਜਣ ਮੈਨੂੰ ਮਿਲ ਜਾਣ (ਜੇ ਉਹ ਸਾਡੀ ਇਸ ਹਰਕਤ ਤੋਂ ਬਚੇ ਹੋਏ ਹਨ) ਮੈਂ ਉਹਨਾਂ ਦੇ ਕਦਮਾਂ ਵਿੱਚ ਆਪਣਾ ਸਿਰ ਰੱਖ ਦੇਵਾਂਗਾ। ਮੈਂ ਉਹਨਾਂ ਤੋਂ ਮੁਆਫ਼ੀ ਮੰਗਣਾ ਚਾਹੁੰਦਾ ਹਾਂ। ਕਿਉਂਕਿ ਇਹ ਗੱਲ ਮੇਰੇ ਅੱਜ 'ਤੇ ਬੋਝ ਹੈ। ਮੈਂ ਰਾਤ ਨੂੰ ਸੁੱਤਾ ਪਿਆ ਤ੍ਰਭਕ ਉੱਠਦਾ ਹਾਂ ਕਿਉਂਕਿ ਉਸ ਅਣਜਾਣ ਸਿਰ ਵਿੱਚ ਵੱਜੀ ਬੋਤਲ ਮੈਨੂੰ ਅੱਜ ਆਵਦੇ ਸਿਰ ਵਿੱਚ ਵੱਜੀ ਮਹਿਸੂਸ ਹੁੰਦੀ ਹੈ।**

**ਕਾਸ਼ ਮੈਂ ਬੀਤੇ ਸਮੇਂ ਨੂੰ ਵਾਪਸ ਲਿਆ ਸਕਾਂ। ਅੱਜ ਮੇਰਾ ਇਹ ਸਭ ਕੁਝ ਲਿਖਣ ਦਾ ਮਤਲਬ ਸਿਰਫ਼ ਤੇ ਸਿਰਫ਼ ਅੱਜ ਦੀ ਨਵੀਂ ਪੀੜ੍ਹੀ ਨੂੰ ਜਾਗਰੂਕ ਕਰਨ ਦਾ ਹੈ। ਅੱਜ ਬਾਰੇ ਸੋਚੋ ਮਨੁੱਖਤਾ ਬਾਰੇ ਸੋਚੋ। ਕਈ ਵਾਰ ਤੁਸੀਂ ਪਛਤਾਵੇ ਵਿੱਚ ਝੁਲਸਦੇ ਹੋ ਪਰ ਤੁਹਾਨੂੰ ਉਹ ਲੋਕ ਨਹੀਂ ਮਿਲਦੇ ਜਿਨ੍ਹਾਂ ਤੋਂ ਤੁਸੀਂ ਆਪਣੇ ਕੀਤੇ ਗੁਨਾਹ ਦੀ ਮਾਫ਼ੀ ਮੰਗਣਾ ਚਾਹੁੰਦੇ ਹੋ।**

**- ਦੀਪ ਗਿੱਲ**

ਉਪਰੋਕਤ ਚਿੱਠੀ ਨੂੰ ਅਸੀਂ ਇਸ ਲਈ ਛਾਪ ਰਹੇ ਹਾਂ ਕਿ ਹਿੰਦੂ, ਸਿੱਖ ਤੇ ਮੁਸਲਮਾਨ ਜਨੂਨੀਆਂ ਨੇ ਬਹੁਤ ਸਾਰੇ ਅਣਭੋਲ ਵਿਅਕਤੀਆਂ ਨੂੰ ਬਿਨਾਂ ਵਜ੍ਹਾ ਹੀ ਗੰਭੀਰ ਸੱਟਾਂ ਮਾਰੀਆਂ ਹਨ ਤੇ ਕਤਲ ਵੀ ਕੀਤੇ ਹਨ। ਅਸੀਂ ਜਾਣਦੇ ਹਾਂ ਕਿ ਅਜਿਹੇ ਬਹੁਤ ਸਾਰੇ ਵਿਅਕਤੀ ਸਜ਼ਾਵਾਂ ਭੋਗ ਚੁੱਕੇ ਹਨ। ਜਾਂ ਕਾਨੂੰਨ ਤੋਂ ਬਾਹਰ ਹਨ। ਉਹਨਾਂ ਨੂੰ ਅਸੀਂ ਬੇਨਤੀ ਕਰਾਂਗੇ ਕਿ ਉਹ ਆਪਣੇ ਦੁਆਰਾ ਕੀਤੀਆਂ ਜ਼ਿਆਦਤੀਆਂ ਬਾਰੇ ਲਿਖ ਕੇ ਭੇਜਣ। ਅਸੀਂ 'ਵਿਗਿਆਨ ਜੋਤ' ਵਿੱਚ ਅਜਿਹੇ ਪੱਤਰ ਛਾਪਣ ਦਾ ਯਤਨ ਕਰਾਂਗੇ। ਤਾਂ ਜੋ ਅਜਿਹੇ ਪੱਤਰ ਸਾਡੇ ਭਵਿੱਖ ਨੂੰ ਵਧੀਆ ਬਣਾਉਣ ਲਈ ਸਹਾਈ ਹੋਣ।

**ਵਿਸ਼ੇਸ਼ ਲੇਖ**

# ਭਾਰਤੀ ਸਮਾਜ ਵਿੱਚ ਕਲੰਕ ਵਾਂਗੂ ਹੈ ਦੇਵਦਾਸੀ ਪ੍ਰਥਾ

ਪੂਰਨਮਾਸ਼ੀ ਮਾਘ ਦੀ ਹੋਵੇ ਜਾਂ ਮੱਘਰ ਦੀ ਹੋਵੇ, ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ ਕਿਉਂਕਿ ਦੋਵੇਂ ਹੀ ਦਿਨ ਵਿਆਹ ਲਈ ਸ਼ੁਭ ਹਨ। ਇਨ੍ਹਾਂ ਦਿਨਾਂ ਵਿੱਚ ਦੇਵੀ ਦੇ ਨਾਂ ਕੀਤੀਆਂ 16 ਸਾਲਾਂ ਦੀਆਂ ਕੁੜੀਆਂ, ਦੇਵੀਂ ਯੇਲੱਮਾ ਦੇ ਰੂਪ ਵਿੱਚ ਲਾੜੀਆਂ ਅਤੇ ਲਾੜੇ ਬਣਦੀਆਂ ਹਨ। ਜਿਹੜੀਆਂ ਜਵਾਨ ਕੁੜੀਆਂ ਨੂੰ ਦੇਵੀ ਦੇ ਪੈਰਾਂ ਵਿੱਚ ਭੇਟ ਕਰ ਦਿੱਤਾ ਜਾਂਦਾ ਹੈ, ਉਨ੍ਹਾਂ ਦਾ 'ਲਿੰਗਕ ਬਦਲਾਅ' ਦੇਵੀ ਭਾਵੇਂ ਨਾ ਹੀ ਕਰੇ, ਪ੍ਰੰਤੂ ਦੇਵੀ ਦਾ ਹੁਕਮ ਕਹਿ ਕੇ ਅਜਿਹੀ ਮਾਨਤਾ ਤਾਂ ਪ੍ਰਚਲਤ ਕੀਤੀ ਜਾ ਸਕਦੀ ਹੈ ਕਿ ਇੱਕ ਸਮਰਪਿਤ ਕੀਤੀ ਗਈ ਲੜਕੀ ਨੂੰ, ਲੜਕਾ ਮੰਨਿਆ ਜਾਵੇ। ਜਦ ਉਸ 16 ਸਾਲ ਦੀ ਕੁੜੀ ਨੂੰ 'ਮੁੰਡਾ' ਮੰਨ ਲਿਆ ਜਾਂਦਾ ਹੈ ਤਾਂ ਉਸ ਨੂੰ ਲਾੜਾ ਮੰਨਣ ਲਈ ਕਿਸੇ ਨੂੰ ਕੀ ਇਤਰਾਜ਼ ਹੋਵੇਗਾ?

**ਪੁਰਾਣੀ ਦੇਵਦਾਸੀ ਦੀ ਭੂਮਿਕਾ** : ਵਿਆਹ ਵਾਲੇ ਦਿਨ ਦੇਵੀ ਯੇਲੱਮਾ ਦੇ ਮੰਦਰ ਵਿੱਚ ਵਿਸ਼ੇਸ਼ ਪ੍ਰੋਗਰਾਮ ਹੁੰਦਾ ਹੈ। ਸੱਭ ਤੋਂ ਪਹਿਲਾਂ ਲਾੜੇ ਦੇ ਸਰੀਰ ਉਤੇ ਤੇਲ ਅਤੇ ਵੇਸਣ ਦਾ ਵਟਣਾ/ਲੇਪ ਲਗਾਇਆ ਜਾਂਦਾ ਹੈ ਅਤੇ ਫਿਰ ਉਸ ਨੂੰ ਪਰਸ਼ੂਰਾਮ ਕੁੰਡ ਵਿੱਚ ਨੁਹਾਇਆ ਜਾਂਦਾ ਹੈ। ਇਸ਼ਨਾਨ ਤੋਂ ਬਾਅਦ ਖ਼ੁਸ਼ਬੂਦਾਰ ਪਾਊਡਰ, ਇਤਰ ਆਦਿ ਨਾਲ ਉਸ ਦਾ ਮੇਕਅੱਪ ਕੀਤਾ ਜਾਂਦਾ ਹੈ। ਗੂੜ੍ਹੇ, ਹਰੇ ਰੰਗ ਦੀ ਸੂਤੀ ਸਾੜ੍ਹੀ, ਹਰੀਆਂ ਚੂੜੀਆਂ, ਅੰਗੂਠੀ, ਚਾਂਦੀ ਦੇ ਗਹਿਣੇ ਅਤੇ ਕਾਲੇ ਤੇ ਲਾਲ ਮਣੀਆਂ ਦੇ ਹਾਰਾਂ ਨਾਲ ਸਜੇ 'ਲਾੜੇ' ਦੀ ਕਿਸਮਤ ਲੰਗਰ ਲਾਇਆ ਜਾਂਦਾ ਹੈ। ਵਜਾਉਣ ਵਾਲੇ ਸਾਜ਼ਾਂ ਉਤੇ ਦੇਵਦਾਸੀਆਂ ਨਾਚ ਕਰਦੀਆਂ ਹਨ ਅਤੇ ਭਗਤੀ ਗੀਤ ਗਾਉਂਦੀਆਂ ਹਨ। ਵਿਆਹ ਦੀਆਂ ਰਸਮਾਂ, ਇੱਕ ਪੁਜਾਰੀ ਦੁਆਰਾ ਸੰਪੂਰਨ ਕਰਵਾਈਆਂ ਜਾਂਦੀਆਂ ਹਨ। ਲਾੜਾ, ਦੇਵੀ ਯੇਲੱਮਾ ਨੂੰ ਮਾਲਾ ਪਹਿਨਾਉਂਦਾ ਹੈ। ਪੁਜਾਰੀ ਦੇ ਹੁਕਮ ਅਨੁਸਾਰ ਦੇਵੀ ਦਾ ਕੋਈ ਪੁਰਾਣਾ ਪਤੀ (ਬੁੱਢੀ ਦੇਵਦਾਸੀ) ਲਾੜੇ ਦੇ ਗਲੇ ਵਿੱਚ ਮੰਗਲਸੂਤਰ ਪਹਿਨਾ ਦੇਂਦਾ ਹੈ। ਵਾਹ ਕਿਹੋ ਜਿਹੀ ਅਨੋਖੀ ਪ੍ਰਥਾ ਹੈ। ਲਾੜਾ ਵੀ ਉਹੀ ਤੇ ਲਾੜੀ ਵੀ ਉਹੀ। ਕਦੇ ਦੇਵਦਾਸੀ ਨੂੰ ਲਾੜੇ ਦੀ ਅਤੇ ਕਦੇ ਲਾੜੀ ਦੀ ਭੂਮਿਕਾ ਨਿਭਾਉਣੀ ਪੈਂਦੀ ਹੈ। ਵਿਆਹ ਤੋਂ ਬਾਅਦ ਲੜਕੀ ਨੂੰ 'ਜੋਗਤੀ' (ਦੇਵਦਾਸੀ) ਕਿਹਾ ਜਾਂਦਾ ਹੈ।

ਵਿਆਹਾਂ ਦੇ ਮੌਸਮ ਵਿੱਚ ਮਹਾਰਾਸ਼ਟਰ ਅਤੇ ਕਰਨਾਟਕ ਤੋਂ ਵੱਡੀ ਗਿਣਤੀ ਵਿੱਚ ਲਾੜੇ ਬੈਲ-ਗੱਡੀਆਂ ਉਤੇ, ਯੇਲੱਮਾ ਪਹਾੜੀ 'ਤੇ ਬਰਾਤ ਲੈ ਕੇ ਪਹੁੰਚਦੇ ਹਨ। ਯੇਲੱਮਾ ਪਹਾੜੀ, ਬੇਲੈਗਾਮ ਜ਼ਿਲ੍ਹੇ ਵਿੱਚ ਪਾਰਸਗਵ ਤਾਲੁਕੇ ਦੇ ਉਗਰਗੋਲ ਪਿੰਡ ਤੋਂ ਲੱਗਭਗ ਇੱਕ ਕਿਲੋਮੀਟਰ ਉਤਰ ਵਿੱਚ ਹੈ। ਉਥੇ ਜਾਣ ਦਾ ਸੌਖਾ ਅਤੇ ਸਹੂਲਤ ਭਰਪੂਰ ਰਸਤਾ ਸੌਂਦਤੀ ਪਿੰਡ ਤੋਂ ਜਾਂਦਾ ਹੈ। ਉਥੋਂ ਲੱਗਭਗ ਪੰਜ ਮੀਲ ਦੂਰ ਯੇਲੱਮਾ ਪਹਾੜੀ ਹੈ। ਇਹ ਪਿੰਡ ਦੇਵੀ ਦੇ ਭਗਤਾਂ ਦਾ ਤੀਰਥ ਸਥਾਨ ਹੈ। ਪਹਾੜੀ ਉਤੇ ਦੇਵੀ ਦਾ ਪ੍ਰਾਚੀਨ ਮੰਦਰ ਹੈ। ਇਸ ਇਲਾਕੇ ਦੇ ਲੋਕਾਂ ਦਾ ਵਿਸ਼ਵਾਸ਼ ਹੈ ਕਿ ਅੱਜ ਤੋਂ ਤਿੰਨ ਹਜ਼ਾਰ ਸਾਲ ਪਹਿਲਾਂ ਆਪ ਰੇਣੁਕਾ ਦੇਵੀ ਨੇ ਇਹ ਮੰਦਰ ਬਣਵਾਇਆ ਸੀ। ਦੇਵੀ ਰੇਣੁਕਾ ਪਰਸ਼ੂਰਾਮ ਦੀ ਮਾਂ ਅਤੇ ਰਿਸ਼ੀ ਜਮਦਗਨੀ ਦੀ ਪਤਨੀ ਸੀ। ਯੇਲੱਮਾ ਦੇਵੀ ਨੂੰ ਪੂਜਣ ਦਾ ਰਿਵਾਜ ਕਦੋਂ ਅਤੇ ਕਿਵੇਂ ਹੋਇਆ, ਇਸ ਦੀ ਕਿਸੇ ਨੂੰ ਜਾਣਕਾਰੀ ਨਹੀਂ ਹੈ। ਲੋਕਾਂ ਨੇ ਪ੍ਰੰਪਰਾ ਦੇ ਰੂਪ ਵਿੱਚ ਪ੍ਰਵਾਨ ਕੀਤਾ ਹੋਇਆ ਹੈ।



ਜਵਾਨ ਕੁੜੀ ਭੇਂਟ ਕਰਨਾ ਇੱਕ ਅੰਧ-ਵਿਸ਼ਵਾਸ਼- ਦੇਵਦਾਸੀ ਬਣਨ ਤੋਂ ਪਹਿਲਾਂ ਬਾਲਿਕਾ ਮੁਟਿਆਰ ਨੂੰ ਭੇਂਟ ਕਰਨ ਦੀ ਵਿਧੀ ਸੰਪੂਰਨ ਹੁੰਦੀ ਹੈ। ਮਹਾਂਰਾਸ਼ਟਰ ਦੇ ਕੋਲਹਾਪੁਰ ਅਤੇ ਕਰਨਾਟਕ ਦੇ ਬੇਲੈਗਾਮ ਖੇਤਰ ਵਿੱਚ ਯੇਲੱਮਾ ਦੇਵੀ 'ਤੇ ਅੰਨ੍ਹੀ ਸ਼ਰਧਾ ਰੱਖਣ ਵਾਲਿਆਂ ਦੀ ਗਿਣਤੀ ਬਹੁਤ ਵੱਡੀ ਹੈ। ਲੋਕ ਤਥਾ-ਕਥਿਤ ਪਵਿੱਤਰ ਪਹਾੜੀ ਦੀ ਯਾਤਰਾ ਕਰਦੇ ਹਨ, ਮੰਨਤਾ ਮਨਾਉਂਦੇ ਹਨ ਅਤੇ ਪ੍ਰਸ਼ਾਦ ਸਵਰੂਪ ਆਪਣੀਆਂ ਕੁਆਰੀਆਂ ਕੁੜੀਆਂ ਨੂੰ ਦੇਵੀ ਦੇ ਚਰਨਾਂ ਵਿੱਚ ਭੇਂਟ ਕਰ ਦਿੰਦੇ ਹਨ। ਲੋਕਾਂ ਦਾ ਵਿਸ਼ਵਾਸ਼ ਹੈ ਕਿ ਕੁੜੀਆਂ ਨੂੰ ਭੇਂਟ ਕਰਨ ਨਾਲ ਉਨ੍ਹਾਂ ਦਾ ਪ੍ਰਵਾਰ, ਦੇਵੀ ਦੀ ਕ੍ਰਿਪਾ ਨਾਲ ਬੇਸ਼ੁਮਾਰ ਮੁਸੀਬਤਾਂ ਤੋਂ ਸੁਰੱਖਿਅਤ ਰਹਿੰਦਾ ਹੈ। ਭੇਂਟ ਕੀਤੀ ਜਾਣ ਵਾਲੀ ਮੁਟਿਆਰ ਦੇ ਮੂੰਹ ਵਿੱਚ ਨਿੰਮ ਦੇ ਪੱਤੇ ਪਾ ਕੇ, ਉਸ ਨੂੰ ਕਿਸੇ 'ਦੇਵਦਾਸੀ' ਦੁਆਰਾ ਮੰਦਰ ਵਿੱਚ ਲਿਜਾਇਆ ਜਾਂਦਾ ਹੈ ਅਤੇ ਫਿਰ ਦੇਵੀ ਦੇ ਚਰਨਾਂ ਵਿੱਚ ਪਾ ਦਿੱਤਾ ਜਾਂਦਾ ਹੈ। ਹੁਣ ਉਹ ਭੇਂਟ ਕੀਤੀ ਲੜਕਾ ਅਖਵਾਉਂਦੀ ਹੈ। ਇਹ ਲੜਕੀਆਂ ਹੀ ਮਗਰੋਂ ਯੇਲੱਮਾ ਦੇਵੀ ਨਾਲ ਵਿਆਹ ਕਰ ਕੇ, ਦੇਵਦਾਸੀ ਜਾਂ ਜੋਗਤੀ ਬਣਦੀਆਂ ਹਨ। ਹਰ ਸਾਲ ਲੱਗਭਗ ਪੰਜ ਹਜ਼ਾਰ ਮੁਟਿਆਰਾਂ ਨੂੰ ਇਸ ਤਰ੍ਹਾਂ ਹੀ ਦੇਵੀ ਦੇ ਚਰਨਾਂ ਵਿੱਚ ਭੇਂਟ ਕੀਤਾ ਜਾਂਦਾ ਹੈ।

ਜੇਕਰ ਪਿਛਲੇ ਪੰਜ ਸਾਲਾਂ ਦੇ ਅੰਕੜਿਆਂ ਉਤੇ ਗੌਰ ਕਰੀਏ ਤਾਂ ਪਤਾ ਚੱਲਦਾ ਹੈ ਕਿ ਬੇਲੈਗਾਮ ਅਤੇ ਬੀਜਾਪੁਰ ਇਲਾਕਿਆਂ ਵਿੱਚ ਲੱਗਭਗ 2623 ਜਵਾਨ ਕੁੜੀਆਂ ਯੇਲੱਮਾ ਦੇਵੀ ਨੂੰ ਭੇਂਟ ਕੀਤੀਆਂ ਜਾ ਚੁੱਕੀਆਂ ਸਨ।

ਜਿਹੜੇ ਲੋਕ ਦੇਵੀ ਦੇ ਸਥਾਨ ਦੀ ਯਾਤਰਾ ਉਤੇ ਜਾਣੋਂ ਅਸਮਰਥ ਹੁੰਦੇ ਹਨ, ਉਨ੍ਹਾਂ ਦੀ ਸਹੂਲਤ ਦਾ ਵੀ ਧਿਆਨ ਰੱਖਿਆ ਗਿਆ ਹੈ। ਸਾਡੇ ਧਰਮ ਵਿੱਚ ਸਹੂਲਤ ਦੀ ਚੰਗੀ ਵਿਵਸਥਾ ਹੈ। ਦੇਵੀ ਦੇ ਉਪ ਸਥਾਨ ਕਈ ਥਾਵਾਂ ਉਤੇ ਬਣੇ ਹੋਏ ਹਨ। ਉਥੇ ਦੇਵੀ ਦੇ ਪ੍ਰਤੀਕ (ਚਿੰਨ੍ਹ, ਮੂਰਤ) ਦੇ ਰੂਪ ਵਿੱਚ ਜੱਗ ਰੱਖੇ ਜਾਂਦੇ ਹਨ। ਸਿਰਫ਼ ਕੋਹਲਾਪੁਰ ਜ਼ਿਲ੍ਹੇ ਵਿੱਚ ਹੀ ਢਾਈ ਹਜ਼ਾਰ ਜੱਗ ਹਨ। ਸ਼ੋਲਾਪੁਰ ਅਤੇ ਪੁਣੇ ਵਿੱਚ ਲੜੀਵਾਰ 200 ਅਤੇ

ਮੂਲ ਲੇਖਕ :
**ਰਾਕੇਸ਼ ਨਾਥ**
ਅਨੁਵਾਦਕ : ਪਵਨ ਕੁਮਾਰ ਰੱਤੋਂ

300 ਜੱਗ ਭਾਂਡੇ ਹਨ। ਜੱਗ ਪਿੱਤਲ ਦਾ ਇੱਕ ਘੜਾ ਹੁੰਦਾ ਹੈ, ਜਿਸ ਵਿੱਚ ਯੇਲੱਮਾ ਦੀ ਮੂਰਤੀ ਰੱਖੀ ਜਾਂਦੀ ਹੈ। ਕਿਧਰੇ ਕਿਧਰੇ ਘੋੜੇ ਦੇ ਸਿਰ ਦਾ ਚਿੱਤਰ ਜਾਂ ਖਿਡੌਣਾ ਵੀ ਰੱਖਿਆ ਜਾਂਦਾ ਹੈ। ਘੜੇ ਦੇ ਬਾਹਰ ਇੱਕ ਝਾਲਰਦਾਰ ਕੱਪੜਾ ਵੀ ਲਪੇਟਿਆ ਹੁੰਦਾ ਹੈ। ਜੱਗ ਦੀ ਰੋਜ਼ਾਨਾ ਪੂਜਾ ਕਰਨੀ ਜ਼ਰੂਰੀ ਹੁੰਦੀ ਹੈ। ਇਨ੍ਹਾਂ ਜੱਗਾਂ ਉਤੇ ਜਾ ਕੇ ਵੀ ਮੁਟਿਆਰ ਭੇਂਟ ਦੀ ਰਸਮ ਪੂਰੀ ਕੀਤੀ ਜਾ ਸਕਦੀ ਹੈ। ਇੱਥੇ ਦੇਵਦਾਸੀ ਵੀ ਬਣਾਇਆ ਜਾ ਸਕਦਾ ਹੈ, ਸ਼ਰਤ ਇਹ ਹੈ ਕਿ ਉਹ ਵਿਧੀ ਕਿਸੇ ਪੁਜਾਰੀ ਦੁਆਰਾ ਸੰਪੂਰਨ ਹੋਵੇ।

ਇਸ ਤੋਂ ਇਲਾਵਾ ਇਨ੍ਹਾਂ ਖੇਤਰਾਂ ਵਿੱਚ ਬਾਲਕਾਂ ਨੂੰ ਪਰਸ਼ੂਰਾਮ ਨੂੰ ਭੇਂਟ ਕਰਨ ਦੀ ਪ੍ਰਥਾ ਵੀ ਪ੍ਰਚਲਤ ਹੈ। ਪ੍ਰੰਤੂ ਨਰ ਅਤੇ ਨਾਰੀ ਦਾ ਭੇਦ-ਭਾਵ ਵੇਖ, ਭੇਂਟ ਕੀਤੇ ਆਦਮੀ ਮੁੜ ਸੰਸਾਰਕ ਜੀਵਨ ਵਿੱਚ ਪ੍ਰਵੇਸ਼ ਕਰ ਸਕਦੇ ਹਨ ਤੇ ਆਪਣਾ ਘਰ ਵਸਾ ਸਕਦੇ ਹਨ ਪ੍ਰੰਤੂ ਦੇਵਦਾਸੀਆਂ ਵਾਪਸ ਨਹੀਂ ਮੁੜ ਸਕਦੀਆਂ। ਉਨ੍ਹਾਂ ਦੀ ਤਾਂ ਇੱਕ ਯਾਤਰਾ ਸ਼ੁਰੂ ਹੁੰਦੀ ਹੈ। ਇੱਕ ਅਜਿਹੀ ਯਾਤਰਾ ਜਿਹੜੀ ਮੰਦਰ ਤੋਂ ਕੋਠੇ ਤੱਕ ਜਾਂਦੀ ਹੈ। ਸਹੀ ਵੀ ਹੈ, ਜਦ ਔਰਤ ਲਈ ਸਾਰੇ ਦਰਵਾਜ਼ੇ ਬੰਦ ਹੋ ਜਾਂਦੇ ਹਨ ਤਾਂ ਕੋਠੇ ਜਾਂ ਵੇਸਵਾ ਘਰ ਦੇ ਦਰਵਾਜ਼ੇ ਉਨ੍ਹਾਂ ਦੇ ਸਵਾਗਤ ਲਈ ਖੁੱਲ੍ਹ ਜਾਂਦੇ ਹਨ।

**ਦੇਵੀ ਦੇ ਗੁੱਸੇ ਦੇ ਨਾਂ ਉਤੇ ਦੇਵਦਾਸੀ** :- ਦੇਵਦਾਸੀ ਸਿਰਫ਼ ਕੁਆਰੀਆਂ ਮੁਟਿਆਰਾਂ ਹੀ ਨਹੀਂ ਬਣ ਸਕਦੀਆਂ, ਵਿਧਵਾ ਅਤੇ ਤਲਾਕ ਵਾਲੀਆਂ ਔਰਤਾਂ ਵੀ ਦੇਵੀ ਯੇਲੱਮਾ ਨਾਲ ਵਿਆਹ ਕਰ ਸਕਦੀਆਂ ਹਨ। ਬਹੁਤ ਸਾਰੀਆਂ ਔਰਤਾਂ ਮੰਨਤ ਮੰਨ ਕੇ ਆਪਣੇ ਵਾਲਾਂ ਵਿੱਚ ਤੇਲ ਲਗਾਉਣਾ ਅਤੇ ਕੰਘੀ ਕਰਨਾ ਛੱਡ ਦੇਂਦੀਆਂ ਹਨ ਤੇ ਜੇਕਰ ਮੰਨਤ ਪੂਰੀ ਹੋਣ ਤੋਂ ਪਹਿਲਾਂ ਉਨ੍ਹਾਂ ਦੇ ਵਾਲ ਉਲਝ ਕੇ ਜਟਾਂ ਦਾ ਰੂਪ ਧਾਰ ਲੈਂਦੇ ਹਨ ਤਾਂ ਇਹ ਮੰਨਿਆ ਜਾਂਦਾ ਹੈ ਕਿ ਉਨ੍ਹਾਂ ਲਈ ਦੇਵੀ ਦਾ ਬੁਲਾਵਾ ਆ ਗਿਆ ਹੈ। ਉਨ੍ਹਾਂ ਨੂੰ ਵੀ ਘਰ ਬਾਰ ਛੱਡ ਕੇ ਮਜਬੂਰਨ ਦੇਵਦਾਸੀ ਬਣਨਾ ਪੈਂਦਾ ਹੈ। ਕਿਉਂਕਿ ਸਭਨਾਂ ਉੱਤੇ ਦੇਵੀ ਦੇ ਗੁੱਸੇ ਦਾ ਡਰ ਛਾਇਆ ਹੋਇਆ ਹੈ। ਲੋਕਾਂ ਦਾ ਵਿਸ਼ਵਾਸ਼ ਹੈ ਕਿ ਦੇਵੀ ਯੇਲੱਮਾ ਸਰਬ ਸ਼ਕਤੀਮਾਨ ਹੈ। ਉਹ ਆਪਣੇ ਭਗਤਾਂ ਦੀ ਹਰ ਇੱਛਾ ਨੂੰ ਪੂਰਾ ਕਰ ਸਕਦੀ ਹੈ। ਉਹ ਬੀਮਾਰੀ ਦੂਰ ਕਰ ਕੇ, ਬਾਂਝ ਔਰਤਾਂ ਨੂੰ ਔਲਾਦ ਦਿੰਦੀ ਹੈ। ਪ੍ਰੰਤੂ ਜੇ ਉਹ ਨਾਰਾਜ਼ ਹੋ ਜਾਵੇ ਤਾਂ ਸਰਬਨਾਸ਼ ਕਰ ਦੇਂਦੀ ਹੈ, ਉਨ੍ਹਾਂ ਨੂੰ ਕੋਹੜੀ ਬਣਾ ਦੇਂਦੀ ਹੈ। ਇਨ੍ਹਾਂ ਮਾਨਤਾਵਾਂ ਤੋਂ ਡਰ ਕੇ ਲੋਕ, ਇਸ ਦੇਵੀ ਵਿੱਚ ਅੰਨ੍ਹੀ ਸ਼ਰਧਾ ਰੱਖਦੇ ਹਨ।

**ਜ਼ਿੰਦਗੀ ਵੀ ਨਿਯਮਬੱਧ** :- ਦੇਵਦਾਸੀਆਂ ਨੂੰ ਨਿਯਮਬੱਧ ਜੀਵਨ ਜਿਊਣਾ ਪੈਂਦਾ ਹੈ। ਉਨ੍ਹਾਂ ਲਈ ਵਿਸ਼ੇਸ਼ ਨਿਯਮ ਬਣੇ ਹੋਏ ਹਨ। ਬਹੁਤ ਸਾਰੇ ਨਿਯਮ ਇਸ ਤਰ੍ਹਾਂ ਹਨ : ਦੇਵਦਾਸੀਆਂ ਜ਼ਿੰਦਗੀ ਭਰ ਕਿਸੇ ਨਾਲ ਵਿਆਹ ਨਹੀਂ ਕਰ ਸਕਦੀਆਂ। ਉਨ੍ਹਾਂ ਨੂੰ ਹਰ ਮੰਗਲਵਾਰ ਅਤੇ ਸ਼ੁਕਰਵਾਰ ਨੂੰ ਵਰਤ ਰੱਖਣਾ ਪੈਂਦਾ ਹੈ, ਜੇਕਰ ਉਹ ਮੁਰਦੇ ਜਾਂ ਗਰਭਵਤੀ ਔਰਤ ਨੂੰ ਵੇਖ ਲੈਣ ਤਾਂ ਇਸ਼ਨਾਨ ਕੀਤੇ ਬਿਨਾਂ ਭੋਜਨ ਨਹੀਂ ਕਰ ਸਕਦੀਆਂ, ਹਰ ਸਾਲ ਦੇਵੀ ਦੇ ਸਥਾਨ ਦੀ ਯਾਤਰਾ ਕਰਨੀ ਪੈਂਦੀ ਹੈ। ਜੇਕਰ ਬਾਲਿਕਾ ਛੋਟੀ ਹੁੰਦੀ ਹੈ ਤਾਂ ਇਹ ਸੱਭ ਉਸ ਦੇ ਮਾਤਾ ਪਿਤਾ ਨੂੰ ਕਰਨਾ ਪੈਂਦਾ ਹੈ। ਦੇਵਦਾਸੀਆਂ ਨੂੰ ਮੰਦਰ ਵੱਲੋਂ ਇੱਕ ਟੋਕਰੀ ਦਿੱਤੀ ਜਾਂਦੀ ਹੈ ਤੇ ਉਹਨਾਂ ਨੂੰ ਰੋਜ਼ਾਨਾ ਪੰਜ ਘਰਾਂ ਤੋਂ ਜੋਗਵਾਨ (ਭੀਖ) ਮੰਗਣੀ ਪੈਂਦੀ ਹੈ।

ਲਿੰਗਕ ਬਦਲਾਅ ਵੀ ਸੰਭਵ :- ਯੇਲੱਮਾ ਦੇਵੀ ਬਾਰੇ ਇਹ ਵੀ ਪ੍ਰਚਲਤ ਹੈ ਕਿ ਉਹ ਲਿੰਗ ਬਦਲਾਅ ਵੀ ਕਰ ਸਕਦੀ ਹੈ। ਭੇਂਟ ਲੜਕੀ ਨੂੰ ਲੜਕਾ ਮੰਨਿਆ ਜਾਂਦਾ ਹੈ। ਦੇਵੀ ਦੀ ਇਸ ਚਮਤਕਾਰੀ ਸ਼ਕਤੀ ਦੇ ਵਸ ਹੋ ਕੇ ਸ਼ਾਇਦ ਹਿਜੜਿਆਂ ਨੇ ਇਸ ਨੂੰ ਪੂਜਾ ਕਰਨ ਯੋਗ ਦੇਵੀ ਮੰਨ ਲਿਆ। ਹਿਜੜਿਆਂ ਨੂੰ ਲਿੰਗ ਤਬਦੀਲੀ ਦੀ ਬਹੁਤ ਲੋੜ ਹੁੰਦੀ ਹੈ। ਪਹਿਲਾਂ ਕਦੇ ਉਨ੍ਹਾਂ ਦਾ ਲਿੰਗ ਬਦਲਾਅ ਹੋਇਆ ਹੋਵੇ ਪ੍ਰੰਤੂ ਹਾਲੇ ਤਾਂ ਅਜਿਹਾ ਹੋਇਆ ਨਹੀਂ। ਫਿਰ ਵੀ ਹਿਜੜੇ ਦੇਵੀ ਮੰਦਰ ਵਿੱਚ ਪੁਜਾਰੀ ਤੋਂ ਗੁਰਮੰਤਰ ਲੈਣ ਤੋਂ ਬਾਅਦ ਆਪਣੇ ਆਪ ਨੂੰ ਔਰਤ ਮੰਨ ਲੈਂਦੇ ਹਨ। ਇਸ ਤੋਂ ਬਾਅਦ ਉਨ੍ਹਾਂ ਨੂੰ ਔਰਤਾਂ ਦੇ ਕੱਪੜੇ ਪਾਉਣ ਦੀ ਆਗਿਆ ਮਿਲ ਜਾਂਦੀ ਹੈ। ਸਿਰਫ਼ ਮੰਨਣਾ ਹੀ ਮੰਨਣਾ ਹੈ ਚਮਤਕਾਰ ਕੁੱਝ ਵੀ ਵੇਖਣ ਯੋਗ ਦਰਸ਼ਨੀ ਨਹੀਂ ਹੈ।

ਜਿਵੇਂ ਕਿ ਪਹਿਲਾਂ ਕਿਹਾ ਜਾ ਚੁੱਕਾ ਹੈ ਕਿ ਦੇਵਦਾਸੀਆਂ ਸ਼ੁਕਰਵਾਰ ਅਤੇ ਮੰਗਲਵਾਰ ਨੂੰ ਵਰਤ ਰੱਖਦੀਆਂ ਹਨ ਕਿਉਂਕਿ ਇਹ ਦੇਵੀ ਦੇ ਦਿਨ ਮੰਨੇ ਜਾਂਦੇ ਹਨ। ਸੌਂਦਤੀਗ੍ਰਾਮ ਸਥਿਤ ਮੰਦਰ ਵਿੱਚ ਇਨ੍ਹਾਂ ਦਿਨਾਂ ਵਿੱਚ ਬਹੁਤ ਭੀੜ ਹੁੰਦੀ ਹੈ। ਹਰ ਮਹੀਨੇ ਦੀ ਪੂਰਨਮਾਸ਼ੀ ਨੂੰ ਉਥੇ ਛੋਟਾ ਮੇਲਾ ਹੀ ਭਰ ਜਾਂਦਾ ਹੈ। ਇਨ੍ਹਾਂ ਮੇਲਿਆਂ ਵਿੱਚ ਲੋਕ ਵੱਡੀ ਗਿਣਤੀ ਵਿੱਚ ਆਉਂਦੇ ਹਨ। ਲੋਕਾਂ ਦਾ ਵਿਸ਼ਵਾਸ ਹੈ ਕਿ ਮੱਘਰ ਦੇ ਮਹੀਨੇ ਦੀ ਪੂਰਨਮਾਸ਼ੀ ਦੇ ਦਿਨ, ਯੇਲੱਮਾ ਦੇਵੀ ਦੇ ਪਤੀ ਜਮਦਗਨੀ ਨੂੰ ਖ਼ਤਮ ਕੀਤਾ ਗਿਆ ਸੀ। ਇਸ ਦਿਨ ਭੇਂਟ ਕੀਤੀਆਂ ਹੋਈਆਂ ਕੁੜੀਆਂ ਅਤੇ ਦੇਵਦਾਸੀਆਂ ਪਿੰਡ ਤੋਂ ਬਾਹਰ ਜਾਂਦੀਆਂ ਹਨ ਅਤੇ ਆਪਣੀਆਂ ਚੂੜੀਆਂ ਭੰਨ ਦੇਂਦੀਆਂ ਹਨ।

ਸੁਹਾਗ ਰਾਤ ਅਤੇ ਵਿਧਵਾ ਦਾ ਨਾਟਕ :- ਇਸ ਪੂਰਨਮਾਸ਼ੀ ਨੂੰ ਇੱਥੇ 'ਰਾਂਡਵ ਪੂਨਮ' ਕਿਹਾ ਜਾਂਦਾ ਹੈ। ਇਸ ਦਾ ਮਤਲਬ ਇਹ ਹੈ ਕਿ ਦੇਵਦਾਸੀਆਂ ਇਸ ਦਿਨ ਸੁਹਾਗ ਰਾਤ ਦੀਆਂ ਪ੍ਰਤੀਕ ਚੂੜੀਆਂ ਨੂੰ ਭੰਨ ਕੇ, ਆਪਣੇ ਆਪ ਨੂੰ ਵਿਧਵਾ ਬਣਾ ਲੈਂਦੀਆਂ ਹਨ। ਪੋਹ ਮਹੀਨੇ ਦੀ ਪੂਨਮ ਦੇ ਦਿਨ ਭਰੇ ਜਾਣ ਵਾਲੇ ਮੇਲੇ ਵਿੱਚ ਦੇਵਦਾਸੀਆਂ ਮੁੜ ਚੂੜੀਆਂ ਪਾ ਲੈਂਦੀਆਂ ਹਨ। ਉਹ ਵਿਧਵਾ ਤੋਂ ਮੁੜ ਸੁਹਾਗਣ ਬਣ ਜਾਂਦੀਆਂ ਹਨ। ਇਸ ਪੂਨਮ ਨੂੰ 'ਆਹੇਵ ਪੂਨਮ' ਕਿਹਾ ਜਾਂਦਾ ਹੈ। ਕਹਿੰਦੇ ਹਨ ਕਿ ਇਸ ਦਿਨ ਰਿਸ਼ੀ ਜਮਦਗਨੀ ਮੁੜ ਜਿਉਂਦਾ ਆਏ ਸਨ ਪ੍ਰੰਤੂ ਜ਼ਿਆਦਾ ਕਰ ਕੇ ਵਿਸ਼ਾਲ ਮੇਲਾ ਚੇਤ ਦੀ ਪੂਰਨਮਾਸ਼ੀ ਨੂੰ ਭਰਦਾ ਹੈ। ਇਸ ਮੇਲੇ ਵਿੱਚ ਦੂਰ-ਦੂਰ ਤੋਂ ਦੇਵੀ ਦੇ ਭਗਤ ਆਉਂਦੇ ਹਨ ਅਤੇ ਮੰਨਤਾ ਮੰਗਦੇ ਹਨ। ਇਸ ਮੇਲੇ ਵਿੱਚ ਅਕਸਰ ਲੋਕ ਆਪਣੀਆਂ ਕੁਆਰੀਆਂ ਕੁੜੀਆਂ ਨੂੰ ਦੇਵੀ ਦੇ ਚਰਨਾਂ ਵਿੱਚ ਭੇਂਟ ਕਰਦੇ ਹਨ।

ਪੰਡਤਾਂ ਦਾ ਦਬਦਬਾ ਹੀ ਇਨ੍ਹਾਂ ਨਿਯਮਾਂ ਨੂੰ ਚਲਾਉਂਦਾ ਹੈ। ਦੇਵੀ ਯੇਲੱਮਾ ਦੇ ਪੁਜਾਰੀਆਂ ਦਾ ਵੀ ਇੱਕ ਪੂਰਾ ਜੱਥਾ ਹੈ। ਇਹ ਪੁਜਾਰੀ ਦੇਵੀ ਨਾਲ ਸਬੰਧਤ ਹਰ ਰਸਮ ਪੂਰੀ ਕਰਾਉਣ ਲਈ ਪ੍ਰੰਪਰਾਗਤ ਰੂਪ ਤੋਂ ਅਧਿਕਾਰ-ਯੁੱਕਤ ਰਹਿੰਦੇ ਹਨ। ਸੌਂਦਤੀ ਗਰਾਮ ਵਿੱਚ ਇਨ੍ਹਾਂ ਪੁਜਾਰੀਆਂ ਦੇ ਲੱਗਭਗ ਪੰਜਾਹ ਪ੍ਰਵਾਰ ਹਨ। ਇਨ੍ਹਾਂ ਪ੍ਰਵਾਰਾਂ ਦੀ ਰੋਜ਼ੀ ਰੋਟੀ ਇਸ ਤਰ੍ਹਾਂ ਦੀਆਂ ਧਾਰਮਿਕ ਕਿਰਿਆਵਾਂ ਉਤੇ ਹੀ ਨਿਰਭਰ ਹੈ। ਅੰਨ੍ਹੇ ਸ਼ਰਧਾਲੂਆਂ ਤੋਂ ਇਨ੍ਹਾਂ ਨੂੰ ਚੰਗੀ ਭੇਂਟ ਮਿਲ ਜਾਂਦੀ ਹੈ। ਲੋਕਾਂ ਵਿੱਚ ਦੇਵੀ ਦੇ ਪ੍ਰਕੋਪ ਦਾ ਡਰ ਫੈਲਾਉਣ ਅਤੇ ਅੰਧ ਵਿਸ਼ਵਾਸ ਦਾ ਵਾਤਾਵਰਣ ਸਿਰਜਣ ਵਿੱਚ ਇਨ੍ਹਾਂ ਪੁਜਾਰੀਆਂ ਦਾ ਵੱਡਾ ਹੱਥ ਰਹਿੰਦਾ ਹੈ।

**ਦੇਵਦਾਸੀਆਂ ਨੂੰ ਕੋਈ ਦਰਜਾ ਨਹੀਂ** :- ਦੇਵਦਾਸੀਆਂ ਦਾ ਜੀਵਨ ? ਉਨ੍ਹਾਂ ਦੀ ਜ਼ਿੰਦਗੀ ਵਿੱਚ ਤਾਂ 'ਜੀਵਨ' ਨਾਂ ਦੀ ਕੋਈ ਚੀਜ਼ ਹੀ ਨਹੀਂ ਰਹਿੰਦੀ। ਦੇਵਦਾਸੀ ਦੇ ਨਾਲ 'ਦੇਵ' ਸ਼ਬਦ ਭਾਵੇਂ ਹੀ ਜੁੜਿਆ ਹੋਵੇ ਪ੍ਰੰਤੂ ਉਨ੍ਹਾਂ ਨੂੰ ਕੋਈ ਪਵਿੱਤਰ ਨਹੀਂ ਮੰਨਦਾ। ਸਮਾਜ ਵਿੱਚ ਉਨ੍ਹਾਂ ਨੂੰ ਕੋਈ ਇੱਜ਼ਤਦਾਰ ਥਾਂ ਪ੍ਰਾਪਤ ਨਹੀਂ ਹੁੰਦੀ। ਉਨ੍ਹਾਂ ਨੂੰ ਨਫ਼ਰਤ ਦੀ ਦ੍ਰਿਸ਼ਟੀ ਨਾਲ ਵੇਖਿਆ ਜਾਂਦਾ ਹੈ। ਉਹ ਚਾਹ ਕੇ ਵੀ ਆਮ ਔਰਤਾਂ ਵਾਂਗ ਗ੍ਰਹਿਸਥ ਜੀਵਨ ਨਹੀਂ ਜੀਅ ਸਕਦੀਆਂ ਕਿਉਂਕਿ ਉਨ੍ਹਾਂ ਨੂੰ ਕੋਈ ਵੀ ਅਪਨਾਉਣ ਲਈ ਤਿਆਰ ਨਹੀਂ ਹੁੰਦਾ। ਦੇਵਦਾਸੀਆਂ ਨੂੰ ਪੈਰ ਪੈਰ ਉੱਤੇ ਤ੍ਰਿਸਕਾਰਿਆ ਜਾਂਦਾ ਹੈ। ਕੋਈ ਵੀ ਉਨ੍ਹਾਂ ਨਾਲ ਬਲਾਤਕਾਰ ਕਰ ਸਕਦਾ ਹੈ, ਰਾਹ ਜਾਂਦਾ ਕੋਈ ਵੀ ਉਨ੍ਹਾਂ ਦੀ ਇੱਜ਼ਤ ਨਾਲ ਖੇਡ ਸਕਦਾ ਹੈ ਪ੍ਰੰਤੂ ਉਹ ਚੂੰ ਵੀ ਨਹੀਂ ਕਰ ਸਕਦੀਆਂ ਅਤੇ ਤਦ ਮੰਦਰ ਤੋਂ ਕੋਠੇ ਤੱਕ ਉਡੀਕ ਦੀ ਯਾਤਰਾ ਸ਼ੁਰੂ ਹੁੰਦੀ ਹੈ।

ਪਤਝੜ 'ਚ ਭੀਖ ਮੰਗਣਾ :- ਪਤਝੜ ਮੌਕੇ ਇਨ੍ਹਾਂ ਦੇਵਵਾਸੀਆਂ ਦਾ ਆਰਥਿਕ 'ਜੀਵਨ ਦੀ ਘੱਟ ਸਰਾਪਮਈ ਨਹੀਂ ਹੁੰਦਾ। ਭੀਖ ਮੰਗ ਕੇ ਜੀਵਨ ਦਾ ਗੁਜ਼ਾਰਾ ਕਰਨਾ ਕਿੰਨਾ ਦੁਖਦਾਈ ਹੁੰਦਾ ਹੈ, ਇਸ ਨੂੰ ਤਾਂ ਕੋਈ ਭੋਗਣ ਵਾਲਾ ਹੀ ਜਾਣ ਸਕਦਾ ਹੈ। ਢਿੱਡ ਦੀ ਮਾਰ ਤੋਂ ਟੁੱਟੀ ਹੋਈ ਅਤੇ ਸਮਾਜ ਦੀ ਠੁਕਰਾਈ ਹੋਈ ਔਰਤ ਦੀ ਮੰਜ਼ਿਲ/ਟਿਕਾਣਾ ਕਿੱਥੇ ਹੁੰਦਾ ਹੈ? ਪੱਕੀ ਗੱਲ ਹੈ ਕਿ ਵੇਸਵਾ ਘਰਾਂ ਵਿੱਚ ਅਤੇ ਤੱਦ ਉਸ ਦੇ ਕਦਮ ਆਪਣੀ ਮੰਜ਼ਿਲ ਨੂੰ ਪ੍ਰਾਪਤ ਕਰਨ ਲਈ ਅੱਗੇ ਹੀ ਅੱਗੇ ਵੱਧਦੇ ਜਾਂਦੇ ਹਨ। ਵੇਸਵਾ ਘਰਾਂ ਅਤੇ ਕੋਠਿਆਂ ਦੇ ਏਜੰਟ ਇਸ ਯਾਤਰਾ ਵਿੱਚ ਅਰਾਮਦਾਇਕ ਗੱਡੀਆਂ ਲਈ ਉਨ੍ਹਾਂ ਨੂੰ ਮਿਲ ਜਾਂਦੇ ਹਨ। ਉਹ ਆਪਣੀ ਮੰਜ਼ਿਲ ਦਾ ਰਸਤਾ ਤੁਰੰਤ ਤੈਅ ਕਰ ਲੈਂਦੀਆਂ ਹਨ।

**ਮਰਨ ਲਈ ਛਡਣਾ** :- ਵੇਸਵਾ ਘਰਾਂ ਦਾ ਕੱਚਾ ਮਾਲ ਭਾਵ ਵੇਸਵਾਵਾਂ ਦਾ ਨਿਰਮਾਣ ਅਥਣੀ, ਬਾਗਲਕੋਟ, ਸ਼ੋਲਾਪੁਰ ਤੇ ਕੋਹਲਾਪੁਰ ਆਦਿ ਵਿੱਚ ਕੀਤਾ ਜਾਂਦਾ ਹੈ ਅਤੇ ਫਿਰ ਉਨ੍ਹਾਂ ਨੂੰ ਪੁਣੇ ਮੁੰਬਈ ਆਦਿ ਵੱਡੇ ਸ਼ਹਿਰਾਂ ਨੂੰ ਭੇਜ ਦਿੱਤਾ ਜਾਂਦਾ ਹੈ। ਇੱਕ ਅੰਦਾਜ਼ੇ ਅਨੁਸਾਰ 80 ਫ਼ੀਸਦੀ ਦੇਵਦਾਸੀਆਂ ਵੇਸਵਾ ਘਰਾਂ ਦੇ ਘੁੱਟਨ ਭਰੇ ਵਾਤਾਵਰਣ ਵਿੱਚ ਰੁਲ ਜਾਂਦੀਆਂ ਹਨ। ਦੇਵਦਾਸੀਆਂ ਨਾਲ ਮੁਲਾਕਾਤ ਕਰਨ ਤੋਂ ਬਾਅਦ ਪੱਤਾ ਲੱਗਾ ਕਿ ਲੋਕ 'ਦੇਵਦਾਸੀ' ਬਣਨ ਲਈ ਲੜਕੀਆਂ ਨੂੰ ਮਜਬੂਰ ਵੀ ਕਰਦੇ ਹਨ ਕਿਉਂਕਿ ਜੋਗਤੀ ਦੇ ਰੂਪ ਵਿੱਚ ਉਨ੍ਹਾਂ ਨੂੰ ਸਸਤੇ ਵਿੱਚ ਕੰਮ ਕਰਨ ਵਾਲੀ ਅਤੇ ਸਰੀਰਕ ਭੁੱਖ ਨੂੰ ਮਿਟਾਉਣ ਵਾਲੀ ਲੜਕੀ ਮਿਲ ਜਾਂਦੀ ਹੈ। ਜਦ ਚਾਹਿਆ ਉਨ੍ਹਾਂ ਨਾਲ ਮਨ ਪ੍ਰਚਾਇਆ ਤੇ ਫਿਰ ਉਨ੍ਹਾਂ ਨੂੰ ਮਰਨ ਲਈ ਛੱਡ ਦਿੱਤਾ ਜਾਂਦਾ ਹੈ। ਇਹੀ ਜੀਵਨ ਹੁੰਦਾ ਹੈ ਇੱਕ ਦੇਵਦਾਸੀ ਦਾ। ਜੇਕਰ ਨੈਤਿਕ ਪਤਨ ਦੇ ਦੌਰ ਵਿੱਚ ਕਿਸੇ ਦੇ ਔਲਾਦ ਹੋ ਜਾਂਦੀ ਹੈ ਤਾਂ ਉਸ ਨੂੰ ਵੀ ਨਰਕੀ ਜੀਵਨ ਜਿਊਣਾ ਪੈਂਦਾ ਹੈ। ਅਜਿਹੇ ਬੱਚੇ ਅਪਰਾਧੀ ਵਾਤਾਵਰਣ ਵਿੱਚ ਪਲਦੇ ਹਨ ਅਤੇ ਸਮਾਜ ਨੂੰ ਖੋਖਲਾ ਬਣਾਉਂਦੇ ਹਨ। ਦੇਵਦਾਸੀ ਪ੍ਰਥਾ ਸਮਾਜ ਲਈ ਕਲੰਕ ਹੈ ਅਤੇ ਔਰਤ ਜਾਤ ਦਾ ਅਪਮਾਨ ਹੈ।

ਕੋਈ ਸ਼ਾਸਤਰ ਸੰਮਤ ਆਧਾਰ ਨਹੀਂ ? : ਦੇਵਦਾਸੀ ਪ੍ਰਥਾ ਦਾ ਕੋਈ ਸ਼ਾਸਤਰ ਸੰਮਤ ਆਧਾਰ ਨਹੀਂ ਹੈ ਪ੍ਰੰਤੂ ਇਹ ਪ੍ਰਥਾ ਸਦੀਆਂ ਤੋਂ ਚੱਲੀ ਆ ਰਹੀ ਹੈ। 20ਵੀਂ ਸਦੀ ਦੇ ਸ਼ੁਰੂ ਵਿੱਚ ਇਸ ਪ੍ਰਥਾ ਨੂੰ ਖ਼ਤਮ ਕਰਨ ਲਈ ਕੋਸ਼ਿਸ਼ਾਂ ਕੀਤੀਆਂ ਗਈਆਂ ਹਨ। ਸੰਨ 1909 ਵਿੱਚ ਮੈਸੂਰ ਰਿਆਸਤ ਨੇ ਅਤੇ ਬਾਅਦ ਵਿੱਚ ਤਾਵਨਕੋਰ ਰਿਆਸਤ ਨੇ ਇਸ ਭੈੜੀ ਪ੍ਰਥਾ ਉਤੇ ਰੋਕ ਲਗਾਉਣ ਲਈ ਕੁੱਝ ਕਦਮ ਚੁੱਕੇ ਸਨ ਪ੍ਰੰਤੂ ਉਹ ਕਦਮ ਜ਼ਿਆਦਾ ਕਾਰਗਰ ਸਿੱਧ ਨਹੀਂ ਹੋਏ। ਗੋਆ ਵਿੱਚ ਇਸ ਪ੍ਰਥਾ ਦੇ ਵਿਰੋਧ ਵਿੱਚ ਕਾਫ਼ੀ ਜਨਮਤ ਵੀ ਤਿਆਰ ਹੋਇਆ ਸੀ ਅਤੇ ਉਸ ਦੇ ਸਿੱਟੇ ਵਜੋਂ ਉਥੇ ਮਨਾਹੀ ਵਾਲਾ ਕਾਨੂੰਨ ਵੀ ਬਣਿਆ ਸੀ।

ਬਚਾਅ ਕਾਨੂੰਨ ਨਾਲ ਵੀ ਕੋਈ ਲਾਭ ਨਹੀਂ :- ਸੰਨ 1934 ਵਿੱਚ ਉਸ ਸਮੇਂ ਦੀ ਅੰਗਰੇਜ਼ ਸਰਕਾਰ ਨੇ ਦੇਵਦਾਸੀਆਂ ਦੀ ਰੱਖਿਆ ਲਈ ਇੱਕ ਕਾਨੂੰਨ ਬਣਾਇਆ ਸੀ ਪ੍ਰੰਤੂ ਉਸ ਦੀ ਕਾਰਵਾਈ ਸਖ਼ਤਾਈ ਨਾਲ ਨਹੀਂ ਕੀਤੀ ਗਈ ਕਿਉਂਕਿ ਉਸ ਸਮੇਂ ਵੀ ਬਰਤਾਨਵੀ ਸਰਕਾਰ ਵਿੱਚ ਕਾਫ਼ੀ ਉੱਚੇ ਅਧਿਕਾਰੀ ਹਿੰਦੂ ਬ੍ਰਾਹਮਣ ਸਨ। ਉਹ ਨਹੀਂ ਚਾਹੁੰਦੇ ਸਨ ਕਿ ਕਿਸੇ ਵੀ ਤਰ੍ਹਾਂ ਹਿੰਦੂ ਰੀਤੀ ਰਿਵਾਜਾਂ ਵਿੱਚ ਰੋਕ ਜਾਂ ਤਬਦੀਲੀ ਹੋਵੇ। ਇਸ ਲਈ ਕਾਨੂੰਨ ਤਾਂ ਬਣ ਗਏ ਪਰ ਲਾਗੂ ਤਾਂ ਉਨ੍ਹਾਂ ਨੇ ਹੀ ਕਰਨਾ ਸੀ। ਉਹ ਕਾਨੂੰਨ ਹੁਣ ਵੀ ਲਾਗੂ ਹਨ ਪ੍ਰੰਤੂ ਦੇਵਦਾਸੀ ਪ੍ਰਥਾ ਲਗਾਤਾਰ ਹੋਂਦ ਵਿੱਚ ਹੈ। ਹਰ ਸਾਲ ਹਜ਼ਾਰਾਂ ਲੜਕੀਆਂ ਨੂੰ ਇਸ ਪ੍ਰਥਾ ਉਤੇ ਬਲੀ ਚੜ੍ਹਾਇਆ ਜਾਂਦਾ ਹੈ। ਅੰਤਰ ਰਾਸ਼ਟਰੀ ਇਸਤਰੀ ਸਾਲ ਵਿੱਚ ਲੋਕਾਂ ਦਾ ਧਿਆਨ ਸਮਾਜ ਦੀ ਇਸ ਘਿਨੌਣੀ ਬੁਰਾਈ ਵਲ ਵੀ ਗਿਆ ਹੈ। ਔਰਤ ਕਲਿਆਣ ਦੇ ਖੇਤਰ ਵਿੱਚ ਲੱਗੇ ਲੋਕਾਂ ਨੇ ਇਸ ਸਮੱਸਿਆ ਵੱਲ ਸਰਕਾਰ ਦਾ ਧਿਆਨ ਖਿੱਚ ਕੇ ਬੇਨਤੀ ਕੀਤੀ ਹੈ ਕਿ ਇਸ ਪ੍ਰਥਾ ਨੂੰ ਬੰਦ ਕਰਨ ਲਈ ਕਾਨੂੰਨ ਦੀ ਸਖ਼ਤਾਈ ਨਾਲ ਪਾਲਣਾ ਕਰਾਈ ਜਾਵੇ।

ਦੇਵਦਾਸੀਆਂ ਵੀ ਔਰਤਾਂ ਹਨ। ਉਨ੍ਹਾਂ ਦੇ ਸ਼ਰੀਰ ਵਿੱਚ ਵੀ ਪਿਆਰ ਭਰਿਆ ਦਿਲ ਹੈ, ਪਿਆਰ ਹੈ ਤੇ ਉਨ੍ਹਾਂ ਦੇ ਵੀ ਆਪਣੇ ਸੁਪਨੇ ਹਨ। ਉਹ ਵੀ ਆਪਣਾ ਸੰਸਾਰ ਵਸਾ ਕੇ ਜੀਵਨ ਸਾਰਥਕ ਬਣਾਉਣਾ ਚਾਹੁੰਦੀਆਂ ਹਨ। ਸਾਡਾ ਫ਼ਰਜ਼ ਹੈ ਕਿ ਅਸੀਂ ਅੱਗੇ ਵਧੀਏ, ਉਨ੍ਹਾਂ ਨੂੰ ਪਿਆਰ ਦੇਈਏ, ਅਪਨਾਈਏ ਅਤੇ ਉਨ੍ਹਾਂ ਦੀਆਂ ਅੱਖਾਂ ਦੇ ਹੰਝੂ ਪੂੰਝ ਕੇ ਉਨ੍ਹਾਂ ਵਿੱਚ ਆਸ਼ਾ ਦੀ ਚਮਕ ਭਰ ਦੇਈਏ। ਉਨ੍ਹਾਂ ਦੇ ਹੋਠਾਂ ਉਤੇ ਸਿਸਕੀਆਂ ਦੀ ਥਾਂ ਖੁਸ਼ੀਆਂ ਦੇ ਗੀਤ ਸਜਾ ਦੇਈਏ। ਦੇਵਦਾਸੀਆਂ ਹੁਣ ਕੋਠੇ ਦੀਆਂ ਨਹੀਂ, ਘਰਾਂ ਦੀ ਸ਼ਾਨ ਬਣਨ। ਉਨ੍ਹਾਂ ਨੂੰ ਨਵਾਂ ਜੀਵਨ ਦੇਣ ਦੀਆਂ ਯੋਜਨਾਵਾਂ ਚਾਲੂ ਕੀਤੀਆਂ ਜਾਣੀਆਂ ਚਾਹੀਦੀਆਂ ਹਨ।

## ਕੁਟੇਸ਼ਨਾਂ

ਲੱਖ ਲਾਹਣਤਾਂ ਤੇਰੀ ਪੜ੍ਹਾਈ ਨੂੰ
ਗੁਲਾਮੀ ਕਰਦਾ ਫਿਰੇ ਹਨੇਰਿਆਂ ਦੀ
ਘਰੇ ਲਗਵਾ ਕੇ ਫੈਂਸੀ ਟਾਇਲਾਂ
ਮਿੱਟੀ ਕੱਢਦਾ ਫਿਰੇਂ ਜਠੇਰਿਆਂ ਦੀ

**– ਜਗਜੀਤ ਮਨਸੂਰਪੁਰੀ**

ਜੇ ਨਾਸਤਿਕਤਾ ਇੱਕ ਧਰਮ ਹੈ
ਤਾਂ ਸਿਹਤ ਵੀ ਇੱਕ ਬੀਮਾਰੀ ਹੈ

**– ਕਲਾਰਕ ਆਦਮਜ**

ਮੈਨੂੰ ਦੱਸੋ ਕਿ ਤੁਹਾਡੇ ਮੁਲਕ ਦੀ ਜਵਾਨੀ
ਅਤੇ ਲੋਕਾਂ ਦੇ ਮੂੰਹ ਉੱਤੇ ਕਿਸ ਤਰ੍ਹਾਂ ਦੇ ਗੀਤ ਨੇ
ਮੈਂ ਤੁਹਾਡੇ ਦੇਸ਼ ਦਾ ਭਵਿੱਖ ਦੱਸ ਸਕਦਾ ਹਾਂ।

**– ਕਾਮਰੇਡ ਲੈਨਿਨ**

ਪੱਥਰਾਂ ਨੂੰ ਮੰਨਾਉਣ ਲਈ
ਅਸੀਂ ਫੁੱਲਾਂ ਦਾ ਕਤਲ ਕਰ ਆਏ,
ਗਏ ਸੀ ਗੁਨਾਹਾਂ ਦੀ ਮੁਆਫ਼ੀ ਮੰਗਣ
ਇੱਕ ਹੋਰ ਗੁਨਾਹ ਕਰ ਆਏ

**– ਮਨੋਜ ਕੁਮਾਰ**

ਜੇ ਹੱਥ ਜੋੜਨ ਨਾਲ ਸਭ ਕੁਝ ਮਿਲ ਜਾਂਦਾ ਹੋਵੇ
ਤਾਂ ਦਸਾਂ ਨਹੁੰਆਂ ਦੀ ਕਮਾਈ ਦਾ ਕੋਈ ਅਰਥ ਨਹੀਂ ਰਹਿ ਜਾਂਦਾ

**– ਮੈਕਸਿਮ ਗੋਰਕੀ**


## ਹੁਣ ਵਿਗਿਆਨ ਜੋਤ ਮੁਫ਼ਤ ਪ੍ਰਾਪਤ ਕਰੋ

ਇੱਕੋ ਵੇਲੇ ਤਰਕਭਾਰਤੀ ਪ੍ਰਕਾਸ਼ਨ ਜਾਂ ਵਿਸ਼ਵਭਾਰਤੀ ਪ੍ਰਕਾਸ਼ਨ ਦੀਆਂ 500/- ਰੁਪਏ ਦੀਆਂ ਕਿਤਾਬਾਂ ਡਾਕ ਰਾਹੀਂ ਮੰਗਵਾਉਣ ਵਾਲੇ ਵਿਅਕਤੀ ਨੂੰ ਇੱਕ ਸਾਲ ਲਈ 'ਵਿਗਿਆਨ ਜੋਤ' ਮੁਫ਼ਤ ਭੇਜਿਆ ਜਾਵੇਗਾ ਅਤੇ 5000/- ਰੁਪਏ ਦੀਆਂ ਕਿਤਾਬਾਂ ਮੰਗਵਾਉਣ ਵਾਲੇ ਨੂੰ ਲਾਈਫ ਭਰ ਲਈ ਮੈਗਜ਼ੀਨ 'ਵਿਗਿਆਨ ਜੋਤ' ਮੁਫ਼ਤ ਭੇਜਿਆ ਜਾਵੇਗਾ।

# ਭਬੂਤ ਦਾ ਭਰਮ

ਸੁਰੇਂਦਰ ਕੁਮਾਰ ਸ਼ਰਮਾ ਅਗਿਆਤ
ਅਨੁਵਾਦਕ : ਪਵਨ ਕੁਮਾਰ ਰੱਤੋਂ


ਸੱਤਿਆਨਾਰਾਇਣ ਰਾਜੂ

ਜਦ ਕੋਈ ਯੋਗਗੁਰੂ ਜਾਂ ਅਧਿਆਤਮਿਕਤਾ ਦੇ ਨਾਂ ਉੱਤੇ ਸਾਮਰਾਜ (ਚੱਕਰਵਰਤੀ ਰਾਜ, ਉਹ ਰਾਜ ਜਿਸਦੇ ਅਧੀਨ ਕਈ ਦੇਸ਼ ਹੋਣ) ਕਾਇਮ ਕਰਨ ਵਾਲਾ ਮਰਦਾ ਹੈ ਤਾਂ ਕਈ ਪ੍ਰਸ਼ਨ ਉੱਠ ਖੜ੍ਹੇ ਹੁੰਦੇ ਹਨ। ਕੁਝ ਸਮੇਂ ਪਹਿਲਾਂ ਦੀ ਗੱਲ ਹੈ। ਸੱਤਿਆ ਸਾਈਂ ਬਾਬਾ ਦੇ ਨਾਂ ਨਾਲ ਜਾਣੇ ਜਾਂਦੇ ਸੱਤਿਆਨਾਰਾਇਣ ਰਾਜੂ ਨੂੰ ਗੰਭੀਰ ਹਾਲਤ ਵਿੱਚ ਸਪੈਸਿਯਲਿਟੀ ਹਸਪਤਾਲ ਵਿੱਚ ਜਦ ਭਰਤੀ ਕਰਾਇਆ ਗਿਆ ਸੀ। ਤਦ ਉਹਨਾਂ ਦੇ ਗੁਰਦੇ, ਫੇਫੜੇ ਆਦਿਕ ਜਵਾਬ ਦੇਣ ਲੱਗੇ ਸਨ, ਸਾਹ ਵਿੱਚ ਦਿੱਕਤ ਹੋਣ ਲੱਗੀ ਸੀ, ਖ਼ੂਨ ਦਾ ਦਬਾਅ ਬਹੁਤ ਘੱਟ ਹੋ ਗਿਆ ਸੀ ਅਤੇ ਦਵਾਈਆਂ ਨੇ ਅਸਰ ਕਰਨਾ ਬੰਦ ਕਰ ਦਿੱਤਾ ਸੀ।

ਅਜਿਹਾ ਕਿਸੇ ਵੀ 86 ਸਾਲਾਂ ਦੇ ਬੰਦੇ ਨਾਲ ਹੋ ਸਕਦਾ ਹੈ, ਉਹ ਭਾਵੇਂ ਕੋਈ ਵੀ ਹੋਵੇ ਪਰ ਜਦ ਇਹ ਸਭ ਸਾਈਂ ਬਾਬੇ ਦੇ ਨਾਲ ਹੋਇਆ ਤਦ ਉਹਨਾਂ ਦੇ ਭਗਤਾਂ ਨੂੰ ਬੜੀ ਹੈਰਾਨੀ ਹੋਈ, ਕਿਉਂਕਿ ਉਹ ਸਾਰੀ ਉਮਰ ਹਵਾ ਵਿੱਚੋਂ ਭਬੂਤ (ਰਾਖ, ਭਸਮ, ਸੁਆਹ ਕਿਸੇ ਪਵਿੱਤਰ ਅਸਥਾਨ ਜਾਂ ਸਾਧੂਆਂ ਦੀ ਧੂਣੀ ਦੀ) ਪੈਦਾ ਕਰਨ ਦਾ ਦਾਅਵਾ ਕਰਦੇ ਰਹੇ ਸਨ। ਕਈ ਤਾਂ ਉਹਨਾਂ ਦੀ ਫੋਟੋ ਵਿਚੋਂ ਵੀ ਭਬੂਤ ਕੱਢਣ ਦਾ ਦਾਅਵਾ ਕਰਿਆ ਕਰਦੇ ਸਨ। ਸ਼ੁਕਰ ਹੈ ਕਿ ਉਹਨਾਂ ਦੀ ਲਾਸ਼ ਤੋਂ ਭਬੂਤ ਨਹੀਂ ਮਿਲੀ।

**ਭਬੂਤਵਾਦ** : ਭਬੂਤ ਅਰਥਾਤ ਰਾਖ ਨੂੰ ਚਮਤਕਾਰੀ ਦਵਾਈ ਜਾਂ ਆਸ਼ੀਰਵਾਦ ਦੇ ਤੌਰ 'ਤੇ ਨਾ ਵੇਦਾਂ ਵਿੱਚ ਕਿਧਰੇ ਵਰਤਿਆ ਗਿਆ ਹੈ, ਨਾ ਉਪਨਿਸ਼ਦਾਂ ਵਿੱਚ। ਇੱਥੋਂ ਤੱਕ ਕਿ ਰਮਾਇਣ, ਮਹਾਂਭਾਰਤ, ਗੀਤਾ ਆਦਿ ਵਿੱਚ ਵੀ ਰਾਖ ਨੂੰ ਕੋਈ ਮਹੱਤਵ ਨਹੀਂ ਦਿੱਤਾ ਗਿਆ ਹੈ। ਫੇਰ ਇਹ ਰਾਖਵਾਦ ਦੀ ਦਵਾਈ ਕਿੱਥੋਂ ਟਪਕ ਪਈ?

ਇਹ ਉਹਨਾਂ ਸਿੱਧਾਂ, ਨਾਥਾਂ ਅਤੇ ਜੋਗੀਆਂ ਦੇ ਫਿਰਕਿਆਂ ਤੋਂ ਪੈਦਾ ਹੋਈ ਹੈ ਜਿਹਨਾਂ ਦਾ ਪ੍ਰਮਾਣਿਕ ਅਤੇ ਸ਼ਾਸਤਰ ਦੇ ਸਿਧਾਤਾਂ ਮੁਤਾਬਕ ਹਿੰਦੂ ਧਰਮ ਵਿੱਚ ਕੋਈ ਥਾਂ ਨਹੀਂ ਹੈ। ਇਹ ਲੋਕ ਅਕਸਰ ਹਿੰਦੂ ਆਬਾਦੀ ਤੋਂ ਦੂਰ ਜੰਗਲਾਂ ਵਿੱਚ ਵੱਡਾ ਜਿਹਾ ਧੂਣਾਂ ਲਗਾ ਕੇ ਬੈਠਿਆ ਕਰਦੇ ਸਨ ਅਤੇ ਅੱਗ ਦੇ ਪਾਸ ਬੈਠ ਕੇ ਕਿਸੀ ਮੰਤਰ ਦਾ ਜਾਪ ਕਰਦੇ ਹੋਏ ਸਰੀਰ ਨੂੰ ਤਪਾਉਣਾ (ਕਸ਼ਟ ਸਹਿਣਾ) ਖਾਸ ਕਰਕੇ ਧੁੱਪ ਅਤੇ ਗਰਮੀ ਦੀ ਰੁੱਤ ਵਿੱਚ, ਨੂੰ ਤਪ ਕਰਨਾ ਕਹਿੰਦੇ ਸਨ।

ਹੌਲੀ ਹੌਲੀ ਇਹਨਾਂ ਲੋਕਾਂ ਨੇ ਪੇਟ ਪੂਰਤੀ ਦੇ ਲਈ ਇਹ ਪ੍ਰਚਾਰ ਸ਼ੁਰੂ ਕਰ ਦਿੱਤਾ ਕਿ ਉਹਨਾਂ ਦੇ ਮੰਤਰ ਜਾਪ ਨਾਲ ਉਹ ਧੂਣੀ (ਅਗਨੀ) ਵੀ ਅਲੌਕਿਕ ਸ਼ਕਤੀ ਭਰਪੂਰ ਹੋ ਜਾਂਦੀ ਹੈ ਜਿਸ ਦੇ ਪਾਸ ਉਹ ਜਪ ਕਰਦੇ ਹਨ ਅਤੇ ਉਸ ਦੀ ਰਾਖ ਵੀ। ਇਸ ਲਈ ਕਈ ਜੋਗੀਆਂ ਨੇ ਭਸਮ (ਰਾਖ) ਨਾਲ ਤਿਲਕ ਲਗਾਉਣਾ ਸ਼ੁਰੂ ਕਰ ਦਿੱਤਾ ਤਾਂ ਦੂਸਰਿਆਂ ਨੇ ਸਾਰੇ ਸਰੀਰ ਉੱਤੇ ਇਸ ਨੂੰ ਮਲਨਾ ਸ਼ੁਰੂ ਕਰ ਦਿੱਤਾ। ਇਹੀ ਬਾਅਦ ਵਿੱਚ ਆਸ਼ੀਰਵਾਦ ਦੇ ਤੌਰ 'ਤੇ ਅਤੇ ਦਵਾਈ ਆਦਿ ਦੇ ਲਈ ਵੰਡੀ ਜਾਣ ਲੱਗੀ।

ਰਾਖਵਾਦੀਆਂ ਨੇ ਇਹ ਪ੍ਰਚਾਰ ਕੀਤਾ ਕਿ ਜੋ ਇਸ ਭਸਮ ਨੂੰ ਧਾਰਣ ਕਰਦਾ ਹੈ ਉਸ ਤੋਂ ਤਾਂ ਮੌਤ ਵੀ ਡਰਦੀ ਹੈ, 'ਜਦ ਰੁਦਰਾਕਸ਼ ਭਸਮ ਧਾਰਣ ਨਾਲ ਜਮਰਾਜ ਦੇ ਦੂਤ ਡਰਦੇ ਹਨ, ਤਾਂ ਪੁਲਿਸ ਦੇ ਸਿਪਾਹੀ ਵੀ ਡਰਦੇ ਹੋਣਗੇ? ਜਦ ਰੁਦਰਾਕਸ਼ ਭਸਮ ਧਾਰਣ ਕਰਨ ਵਾਲਿਆਂ ਤੋਂ ਕੁੱਤਾ, ਸ਼ੇਰ, ਸੱਪ, ਬਿੱਛੂ, ਮੱਖੀ ਅਤੇ ਮੱਛਰ ਆਦਿ ਵੀ ਨਹੀਂ ਡਰਦੇ ਤਾਂ ਜੱਜ (ਜਮਰਾਜ) ਦੇ ਸੇਵਕ ਕਿਉਂ ਡਰਨਗੇ?" ਇਹ ਟਿੱਪਣੀ ਸਵਾਮੀ ਦਇਆ ਜੀ ਨੇ ਕੀਤੀ ਹੈ। (ਸੱਤਿਆਰਥ ਪ੍ਰਕਾਸ਼ ਇਕਾਦਸ਼ ਸਮੁੱਲਾਸ)

ਸੱਚਾਈ ਤਾਂ ਇਹ ਹੈ, ਧੂਣੀ ਜੰਗਲਾਂ ਵਿੱਚ ਜੰਗਲੀ ਜਾਨਵਰਾਂ ਤੋਂ ਰੱਖਿਆ ਦਾ ਇੱਕ ਸਾਧਨ ਸੀ। ਦੂਜੀ ਗੱਲ, ਧੂਣੀ ਲਗਾਉਣ ਵਾਲਿਆਂ ਦੀ ਇਸ ਮਜ਼ਬੂਰੀ ਦਾ ਸਬੂਤ ਸੀ ਕਿ ਉਹ ਤਥਾਕਥਿਤ ਸਿੱਧੀਆਂ ਵਾਲੇ ਅਤੇ ਲੋਕਾਂ ਨੂੰ ਅਲੌਕਿਕ ਸ਼ਕਤੀ ਵਾਲੀ ਰਾਖ ਵੰਡਣ ਵਾਲੇ ਅੱਗ ਬਾਲਣ ਦੇ ਲਈ ਮਾਚਿਸ ਵਰਗੇ ਕਿਸੇ ਸਰਲ ਉਪਾਅ ਤੋਂ ਵੀ ਵਾਂਝੇ ਸਨ। ਉਹਨਾਂ ਨੂੰ ਦੋਬਾਰਾ ਅੱਗ ਜਲਾਉਣ ਦੇ ਲਈ ਚਕਮਕ ਪੱਥਰਾਂ (ਇੱਕ ਪੱਥਰ ਜਿਸ ਨੂੰ ਰਗੜ ਕੇ ਅੱਗ ਪੈਦਾ ਕਰਦੇ ਹਨ) ਆਦਿ ਨਾਲ ਟੱਕਰਾਂ ਮਾਰਨੀਆਂ ਪੈਂਦੀਆਂ ਸਨ ਜਾਂ ਫੇਰ ਕਿਧਰੇ ਜੰਗਲ ਵਿੱਚ ਲੱਗੀ ਅੱਗ ਤੋਂ ਬਲਦੀ ਹੋਈ ਲੱਕੜੀ ਵਗੈਰਾ ਲਿਆਉਣੀ ਪੈਂਦੀ ਸੀ। ਧੂਣੀ ਕਦੇ ਬੁਝੇ ਨਾ, ਉਹ ਦਰੱਖਤ ਵੱਢ ਵੱਢ ਕੇ ਉਹਨਾਂ ਨੂੰ ਸਵਾਹਾਂ ਕਰਦੇ ਰਹਿੰਦੇ ਸਨ। ਉਹਨਾਂ ਨੂੰ ਨਾ ਦਰੱਖਤਾਂ ਦੇ ਮਹੱਤਵ ਨਾਲ ਕੁਝ ਲੈਣਾ ਦੇਣਾ ਸੀ ਨਾ ਵਾਤਾਵਰਣ ਦੇ ਪ੍ਰਦੂਸ਼ਣ ਹੋਣ ਨਾਲ। ਬਸ, ਉਹ ਤਾਂ ਪਹੁੰਚੇ ਹੋਏ ਸਨ ਜੋ ਚਮਤਕਾਰੀ ਰਾਖ ਦੇ ਉਤਪਾਦਕ ਸਨ। ਪਰ ਸਭ ਦਾਅਵਿਆਂ ਦੇ ਬਾਵਜੂਦ ਕੋਈ ਚਮਤਕਾਰੀ ਬੰਦਾ ਇੱਕ ਛੋਟੀ ਜਿਹੀ ਮਾਚਿਸ ਨਹੀਂ ਬਣਾ ਸਕਿਆ।

ਜਦ ਸ਼ੁਰੂ ਸ਼ੁਰੂ ਵਿੱਚ ਜੋਗੀਆਂ ਨੇ ਰਾਖ ਦੇ ਚਮਤਕਾਰੀ ਹੋਣ ਦੇ ਦਾਅਵੇ ਕੀਤੇ ਤਦ ਲੋਕਾਂ ਨੇ ਇਸ ਉੱਤੇ ਵਿਸ਼ਵਾਸ ਨਹੀਂ ਕੀਤਾ ਅਤੇ ਇਸਨੂੰ ਧੋਖਾ ਕਿਹਾ। ਇਹੀ ਕਾਰਣ ਹੈ ਕਿ ਸੰਸਕ੍ਰਿਤ ਵਿੱਚ ਯੋਗ ਦਾ ਇੱਕ ਅਰਥ ਧੋਖਾ, ਜਾਲਸਾਜੀ ਵੀ ਹੈ। ਹੌਲੀ ਹੌਲੀ ਇਹ ਲੋਕਾਂ ਦੇ ਸਿਰਾਂ ਵਿੱਚ ਰਾਖ ਪਾਉਣ ਵਿੱਚ ਕਾਮਯਾਬ ਹੋ ਗਏ। ਇਹ ਭਬੂਤ ਦੇ ਨਾਲ ਨਾਲ ਧਾਗੇ, ਤਵੀਤ ਆਦਿ ਵੀ ਵੇਚਣ ਲੱਗੇ ਰਾਜੇ ਰਜਵਾੜੇ ਤੱਕ ਇਹਨਾਂ ਦੇ ਅੰਨ੍ਹੇ ਸ਼ਰਧਾਲੂ ਬਣਦੇ ਗਏ, ਹਾਲਾਂਕਿ ਇਹਨਾਂ ਦੇ ਦਾਅਵੇ ਬੁਰੀ ਤਰ੍ਹਾਂ ਫੇਲ੍ਹ ਹੋ ਰਹੇ ਸਨ ਪ੍ਰੰਤੂ ਅੰਨ੍ਹੀ ਸ਼ਰਧਾ ਨੇ ਇੱਕ ਦਾਅਵਾ ਫੇਲ੍ਹ ਹੋਣ 'ਤੇ ਦੂਜੇ ਉੱਤੇ ਉਮੀਦ ਲਗਾਉਣੀ ਜਾਰੀ ਰੱਖੀ।

ਜਦ ਬਾਬਰ ਨੇ 1526 ਈ. ਵਿੱਚ ਭਾਰਤ ਉੱਤੇ ਹਮਲਾ ਕੀਤਾ ਤਦ ਇੱਥੋਂ ਦੇ ਸ਼ਾਸਕਾਂ ਨੇ ਉਸਨੂੰ ਰੋਕਣ ਦੇ ਲਈ ਬਹੁਤ ਸਾਰੇ ਪੀਰ, ਯੋਗੀ, ਜੰਤਰਮੰਤਰ, ਕਰਨ ਵਾਲੇ ਇਕੱਠੇ ਕਰ ਲਏ ਸਨ ਕਿ ਉਹ ਆਪਣੇ ਧਾਗੇ, ਤਵੀਤ, ਭਸਮ ਆਦਿ ਨਾਲ ਹਮਲਾਵਰ ਨੂੰ ਖਤਮ ਕਰ ਦੇਣਗੇ, ਪਰੰਤੂ ਕਿਸੇ ਦਾ ਜੰਤਰ ਮੰਤਰ ਕੋਈ ਕੰਮ ਨਹੀਂ ਆਇਆ। ਸ਼੍ਰੀ ਗੁਰੂ ਨਾਨਕ ਦੇਵ ਜੀ, ਜੋ ਇਸ ਘਟਨਾਕ੍ਰਮ ਦੇ

ਚਸ਼ਮਦੀਦ ਗਵਾਹ ਸਨ, ਨੇ ਲਿਖਿਆ ਹੈ ਕਿ ਹਾਕਮਾਂ ਨੇ ਜਦ ਸੁਣਿਆ ਕਿ ਮੀਰ (ਬਾਬਰ) ਆ ਰਿਹਾ ਹੈ ਤਾਂ ਉਹਨਾਂ ਨੇ ਕਰੋੜਾਂ ਪੀਰਾਂ ਆਦਿ ਨੂੰ ਇਕੱਠਾ ਕਰ ਲਿਆ, ਪਰੰਤੂ ਜਦ ਉਹ ਆਇਆ ਤਾਂ ਉਸ ਦੀਆਂ ਫੌਜਾਂ ਨੇ ਵੱਡੇ ਵੱਡੇ ਪੱਕੇ ਮਕਾਨ, ਮਜ਼ਬੂਤ ਮੰਦਰ ਆਦਿ ਸਭ ਅੱਗ ਵਿੱਚ ਜਲਾ ਦਿੱਤੇ ਅਤੇ ਰਾਜਕੁਮਾਰਾਂ ਨੂੰ ਵੱਢ ਕੇ ਮਿੱਟੀ ਵਿੱਚ ਮਿਲਾ ਦਿੱਤਾ। ਕਿਸੇ ਦਾ ਕੋਈ ਜੰਤਰ ਮੰਤਰ ਕਿਸੇ ਦੇ ਕੰਮ ਨਾ ਆਇਆ, ਉਹਨਾਂ ਤੋਂ ਇੱਕ ਵੀ ਮੁਗਲ ਅੰਨ੍ਹਾਂ ਨਹੀਂ ਹੋਇਆ:

ਕੋਈ ਮੁਗਲ ਨਾ ਹੋਆ ਅੰਧਾ
ਕਿਨੈ ਨਾ ਪਰਚਾ ਲਾਇਟਾ...(ਆਦਿ ਗ੍ਰੰਥ, 417-18)

ਇਹਨਾਂ ਕਰੋੜਾਂ ਭਬੂਤ, ਧਾਗੇ, ਤਵੀਤ ਵਾਲਿਆਂ ਦੀ ਕ੍ਰਿਪਾ ਨਾਲ ਹਮਲਾਵਰ ਇਸ ਦੇਸ਼ ਦਾ ਹਾਕਮ ਬਣ ਗਿਆ ਅਤੇ ਸਦੀਆਂ ਤੱਕ ਦੇ ਲਈ ਮੁਗਲਾਂ ਦਾ ਸਾਮਰਾਜ ਇਥੇ ਕਾਇਮ ਹੋ ਗਿਆ ਅਤੇ ਦੇਸ਼ ਗੁਲਾਮ ਹੋ ਗਿਆ। ਜੇਕਰ ਇਹਨਾਂ ਦੇ ਚੱਕਰ ਲੋਕ ਨਾ ਪੈਂਦੇ ਅਤੇ ਹਥਿਆਰ ਚੁੱਕ ਕੇ ਦੁਸ਼ਮਣਾਂ ਦਾ ਮੁਕਾਬਲਾ ਕਰਦੇ ਤਾਂ ਉਹ ਉਸਨੂੰ ਮਿੱਟੀ ਵਿੱਚ ਮਿਲਾ ਸਕਦੇ ਸਨ। ਪ੍ਰੰਤੂ ਜੋ ਹਥਿਆਰ ਦੀ ਥਾਂ ਉੱਤੇ ਰਾਖ, ਤਾਵੀਤ ਅਤੇ ਧਾਗਿਆਂ ਵਿੱਚ ਉਲਝੇ ਸਨ, ਉਹਨਾਂ ਨੂੰ ਰਾਖ ਵਿੱਚ ਮਿਲਣ ਤੋਂ ਕੌਣ ਰੋਕ ਸਕਦਾ ਸੀ ? ਜਿਹਨਾਂ ਦੀਆਂ ਆਪਣੀਆਂ ਅੱਖਾਂ ਰਾਖ ਨਾਲ ਅੰਨ੍ਹੀਆਂ ਹੋ ਚੁੱਕੀਆਂ ਸਨ ਉਹ ਮੁਗਲਾਂ ਨੂੰ ਕੀ ਖਾਕ ਅੰਨ੍ਹਾ ਕਰਦੇ।

**ਪ੍ਰਾਰਥਨਾਵਾਂ** :- ਹਸਪਤਾਲ ਵਿੱਚ ਮਰਨ ਨੇੜੇ ਦੀ ਹਾਲਤ ਵਿੱਚ ਭਰਤੀ ਕੀਤੇ ਗਏ ਸਾਈਂ ਬਾਬੇ ਦੇ ਭਗਤਾਂ ਨੇ ਦੁਆਵਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਸਨ ਅਤੇ ਇਲਾਜ ਕਰ ਰਹੇ ਡਾਕਟਰਾਂ ਦੇ ਵਿਰੁੱਧ ਗੁੱਸਾ ਪ੍ਰਗਟ ਕਰਨਾ ਸ਼ੁਰੂ ਕਰ ਦਿੱਤਾ ਸੀ ਕਿ ਬਾਬੇ ਦਾ ਠੀਕ ਤਰ੍ਹਾਂ ਇਲਾਜ ਨਹੀਂ ਕਰ ਰਹੇ।

ਇੱਥੇ ਦੋ ਗੱਲਾਂ ਵਿਚਾਰਯੋਗ ਹਨ। ਭਗਤ ਪਹਿਲਾਂ ਤਾਂ ਬਾਬੇ ਨੂੰ ਪ੍ਰਾਰਥਨਾ ਕਰਿਆ ਕਰਦੇ ਸਨ ਕਿ ਉਹ ਉਹਨਾਂ ਦੇ ਦੁੱਖਾਂ ਨੂੰ ਦੂਰ ਕਰ ਦੇਵੇ। ਹੁਣ ਉਹ ਕਿਸ ਨੂੰ ਪ੍ਰਾਰਥਨਾ ਕਰ ਰਹੇ ਸਨ ? ਕੀ ਉਹ ਬਾਬੇ ਨੂੰ ਇਹ ਪ੍ਰਾਰਥਨਾ ਕਰ ਰਹੇ ਸਨ ਕਿ ਉਹ ਆਪਣੇ ਆਪ ਨੂੰ ਠੀਕ ਕਰ ਲਵੇ ? ਕੀ ਉਹਨਾਂ ਦੀ ਪ੍ਰਾਰਥਨਾ ਦੇ ਬਿਨਾ ਉਹ ਆਪਣੇ ਆਪ ਨੂੰ ਠੀਕ ਨਹੀਂ ਕਰ ਸਕਦੇ ਸਨ ? ਕੀ ਉਹ ਆਪਣੀ ਇੱਛਾ ਨਾਲ ਅਤੇ ਸ਼ੌਕ ਨਾਲ ਉਸ ਗੰਭੀਰ ਹਾਲਤ ਨੂੰ ਪਹੁੰਚੇ ਸਨ ?

ਕੁਝ ਸਿਆਣੇ ਭਗਤਾਂ ਦਾ ਕਹਿਣਾ ਸੀ ਕਿ ਉਹ ਬਾਬੇ ਨੂੰ ਪ੍ਰਾਰਥਨਾ ਜਾਂ ਦੁਆ ਨਹੀਂ ਕਰ ਰਹੇ, ਸਗੋਂ ਉਹਨਾਂ ਦੇ ਬਾਰੇ ਵਿੱਚ ਰੱਬ ਨੂੰ ਪ੍ਰਾਰਥਨਾ ਕਰ ਰਹੇ ਹਨ ਕਿ ਉਹਨਾ ਨੂੰ ਠੀਕ ਕਰ ਦੇਵੇ।

**ਵਿਚੋਲੇ ਕਿਉਂ ?** :- ਪ੍ਰੰਤੂ ਇੱਥੇ ਵੀ ਇਹ ਸਵਾਲ ਪੈਦਾ ਹੋਣਾ ਲਾਜਮੀ ਹੈ ਕਿ ਜੇਕਰ ਰੱਬ ਬਾਬੇ ਤੋਂ ਵੀ ਉੱਪਰ ਦੀ ਸ਼ਕਤੀ ਹੈ ਅਤੇ ਉਹ ਭਗਤ ਉਸੇ ਤੋਂ ਬਾਬੇ ਦੇ ਠੀਕ ਹੋਣ ਦੀ ਪ੍ਰਾਰਥਨਾ ਕਰ ਰਹੇ ਸਨ ਤਾਂ ਇਸ ਦਾ ਅਰਥ ਹੈ ਉਹ ਵਿਚਾਲੇ ਇੱਕ ਆਪ ਪੈਦਾ ਹੋਇਆ ਵਿਚੋਲਾ ਮਾਤਰ ਸੀ। ਜਦ ਤੁਸੀਂ ਆਪ ਕਿਸੇ ਬਾਬੇ ਦੇ ਕਾਰਜ਼ਸ਼ੀਲ ਨਾ ਰਹਿਣ ਦੀ ਹਾਲਤ ਵਿੱਚ ਬਿਨਾ ਵਿਚੋਲੇ ਦੇ, ਸਿੱਧੇ ਕਥਿਤ ਰੱਬ ਨਾਲ ਪ੍ਰਾਰਥਨਾ ਕਰ ਸਕਦੇ ਹਨ ਤਦ ਫੇਰ ਇਹਨਾਂ ਵਿਚੋਲਗੀ ਕਰਨ ਵਾਲਿਆਂ ਦੀ ਹੋਂਦ ਦੀ ਕੀ ਉੱਚਿਤਤਾ ਰਹਿ ਜਾਂਦੀ ਹੈ ? ਜਦ ਸਿੱਧੇ ਸੌਦਾ ਹੋ ਸਕਦਾ ਹੈ ਤਦ ਦਲਾਲਾਂ ਦੀ ਕੀ ਜ਼ਰੂਰਤ ਹੈ ?

ਜੇਕਰ ਬਾਬਾ ਸੱਚਮੁੱਚ ਵਿੱਚ ਸ਼ਿਵਲਿੰਗ, ਅੰਗੂਠੀ, ਭਬੂਤ ਆਦਿ ਭੌਤਿਕ ਪਦਾਰਥ ਅਧਿਆਤਮ (ਆਤਮਾ-ਪ੍ਰਮਾਤਮਾ ਨਾਲ ਸੰਬੰਧਿਤ ਗਿਆਨ) ਦੀ ਕਥਿਤ ਸ਼ਕਤੀ ਨਾਲ ਪੈਦਾ ਕਰਦੇ ਰਹੇ ਹੁੰਦੇ ਤਾਂ ਉਹਨਾਂ ਨੂੰ ਆਪਣੇ ਲਈ ਉਸੇ ਸ਼ਕਤੀ ਨਾਲ ਲਿਵਰ, ਗੁਰਦਾ ਆਦਿ ਪੈਦਾ ਕਰਨ ਵਿੱਚ ਕੀ ਰੁਕਾਵਟ ਹੋ ਸਕਦੀ ਸੀ ? ਉਹ ਜ਼ਰੂਰੀ ਅੰਗ ਹਵਾ ਵਿਚੋਂ ਪੈਦਾ ਕਰਦੇ ਅਤੇ ਤੰਦਰੁਸਤ ਹੋ ਜਾਂਦੇ, ਪਰ ਅਜਿਹਾ ਨਹੀਂ ਹੋ ਸਕਦਾ ਸੀ ਨਾ ਹੋਇਆ ਹੀ। ਸਿੱਟੇ ਵਜੋਂ, ਭਬੂਤ ਬਾਬਾ ਭੂਤਕਾਲ ਦੀ ਚੀਜ਼ ਬਣ ਗਏ।

**ਡਾਕਟਰਾਂ ਦੀ ਸ਼ਰਣ ਕਿਉਂ ?** :- ਜੇਕਰ ਬਾਬਾ ਅਧਿਆਤਮਿਕ ਸ਼ਕਤੀ ਨਾਲ ਸਭ ਕੁਝ ਕਰਦੇ ਸਨ ਅਤੇ 86 ਸਾਲ ਤੱਕ ਉਸੇ ਨਾਲ ਕਥਿਤ ਚਮਤਕਾਰ ਕਰਦੇ ਰਹੇ ਹੁੰਦੇ ਤਾਂ ਮੁਸੀਬਤ ਦੀ ਘੜੀ ਵਿੱਚ ਡਾਕਟਰਾਂ ਦੀ ਸ਼ਰਣ ਵਿੱਚ ਜਾਣ ਦੀ ਕੋਈ ਉਚਿੱਤਤਾ ਨਹੀਂ ਸੀ, ਕਿਉਂਕਿ ਡਾਕਟਰ ਲੋਕ ਤਾਂ ਅਧਿਆਤਮਕ ਸ਼ਕਤੀ ਨਾਲ ਇਲਾਜ ਨਹੀਂ ਕਰਦੇ। ਉਹ ਤਾਂ ਭੌਤਿਕ ਚੀਜ਼ਾਂ ਅਤੇ ਵਿਗਿਆਨ ਦੀ ਅਜੋਕੀਆਂ ਖੋਜਾਂ ਦੇ ਆਧਾਰ ਉੱਤੇ ਇਲਾਜ ਕਰਦੇ ਹਨ। ਅਧਿਆਤਮ ਦੇ ਬਾਦਸ਼ਾਹ, ਬਾਬੇ ਦਾ ਇਲਾਜ ਤਾਂ ਅਧਿਆਤਮ ਨਾਲ ਹੀ ਹੋਣਾ ਚਾਹੀਦਾ ਸੀ ਅਤੇ ਉਸਨੂੰ ਅਮਰੀਕਾ ਤੋਂ ਬੁਲਾਏ ਡਾਕਟਰਾਂ ਸਮੇਤ 27 ਡਾਕਟਰਾਂ ਦੇ ਕੋਲ ਹਸਪਤਾਲ ਵਿੱਚ ਨਹੀਂ, ਸਗੋਂ ਹਿਮਾਲਿਆ ਦੇ ਕਿਸੇ ਆਸ਼ਰਮ ਵਿੱਚ ਕਿਸੇ ਹਜ਼ਾਰਾਂ ਸਾਲਾਂ ਤੋਂ ਸਮਾਧੀ ਲਗਾਈ ਬੈਠੇ ਯੋਗੀ ਅਤੇ ਅਧਿਆਤਮਵਾਦ ਦੇ ਚੱਕਰਵਰਤੀ ਸਮਰਾਟ ਦੇ ਪਾਸ ਪਹੁੰਚਣਾ ਚਾਹੀਦਾ ਸੀ। ਕਿੱਥੇ ਆਮ ਭੌਤਿਕ ਮੈਡੀਕਲ ਕਾਲਜਾਂ ਵਿੱਚ ਪੜ੍ਹੇ ਹੋਏ ਡਾਕਟਰ ਆਖੇ ਜਾਂਦੇ ਇਸਤਰੀ ਪੁਰਸ਼ ਅਤੇ ਅਧਿਆਤਮਕ ਸਾਮਰਾਜ ਦੇ ਬਾਦਸ਼ਾਹ, ਡਾਕਟਰਾਂ ਤੋਂ ਤਾਂ ਆਮ ਆਦਮੀ ਇਲਾਜ ਕਰਾਉਂਦਾ ਹੈ। ਉਸੇ ਡਾਕਟਰ ਤੋਂ ਹੁਣ ਜੇਕਰ ਪੂਜਨੀਕ, ਅਲੌਕਿਕ ਸ਼ਕਤੀ ਸੰਪਨ ਬਾਬਾ ਵੀ ਇਲਾਜ ਕਰਾਉਂਦਾ ਹੈ ਤਾਂ ਕੀ ਉਹ (ਡਾਕਟਰ) ਬਾਬੇ ਦੀ ਕਥਿਤ ਅਧਿਆਤਮਕ ਸ਼ਕਤੀ ਤੋਂ ਜ਼ਿਆਦਾ ਉੱਤਮ ਸਿੱਧ ਨਹੀਂ ਹੋ ਜਾਂਦਾ ?

ਇਹ ਕਿਹਾ ਜਾ ਸਕਦਾ ਹੈ ਕਿ ਸਰੀਰ ਤਾਂ ਭੌਤਿਕ ਹੈ, ਇਹ ਤਾਂ ਕੋਈ ਅਧਿਆਤਮਕ ਚੀਜ਼ ਨਹੀਂ ਹੈ। ਇਸ ਲਈ ਇਸ ਦੇ ਰੋਗਾਂ ਨੂੰ ਸ਼ਾਂਤ ਕਰਨ ਦੇ ਲਈ ਭੌਤਿਕ ਗਿਆਨ ਦੇ ਮਾਲਕ ਡਾਕਟਰਾਂ ਦੀ ਸ਼ਰਣ ਵਿੱਚ ਜਾਣ ਵਿੱਚ ਕੁੱਝ ਵੀ ਗਲਤ ਨਹੀਂ ਹੈ। ਭੌਤਿਕਤਾ ਦਾ ਅਪਣਾ ਖੇਤਰ ਹੈ ਅਤੇ ਅਧਿਆਤਮਿਕਤਾ ਦਾ ਆਪਣਾ।

**ਅਸਮਰੱਥਾ ਦੀ ਰਜ਼ਾਮੰਦੀ** :- ਇਸ ਗੱਲ ਨੂੰ ਮੰਨਿਆਂ ਜਾ ਸਕਦਾ ਸੀ, ਪ੍ਰੰਤੂ ਇੱਕ ਬਹੁਤ ਵੱਡੀ ਰੁਕਾਵਟ ਇਹਨਾਂ ਦੇ ਰਸਤੇ ਵਿੱਚ ਆ ਰਹੀ ਹੈ। ਜਦ ਕੋਈ ਬਾਬਾ ਅਧਿਆਤਮ ਦੇ ਨਾਂ 'ਤੇ ਭੌਤਿਕ ਪਦਾਰਥ ਪੈਦਾ ਕਰਦਾ ਹੈ, ਉਹ ਭਾਵੇਂ ਸ਼ਿਵਲਿੰਗ ਹੋਵੇ ਜਾਂ ਅੰਗੂਠੀ, ਪੁਸਤਕ ਹੋਵੇ ਜਾਂ ਰੁਦਰਾਕਸ਼ ਦੇ ਮਣਕੇ, ਤਦ ਦੋਵੇਂ ਖੇਤਰ ਅਲੱਗ ਨਹੀਂ ਰਹਿੰਦੇ ਹਨ। ਤਦ ਅਧਿਆਤਮ ਭੌਤਿਕ ਨੂੰ ਪੈਦਾ ਕਰਦਾ ਹੈ, ਅਧਿਆਤਮਿਕ ਸ਼ਕਤੀ ਨਾਲ ਭੌਤਿਕ ਪਦਾਰਥ ਪੈਦਾ ਹੁੰਦੇ ਹਨ। ਜੇਕਰ ਸ਼ਿਵਲਿੰਗ ਪੈਦਾ ਹੋ ਸਕਦਾ ਹੈ ਤਾਂ ਲਿਵਰ, ਫੇਫੜਾ ਆਦਿ ਪੈਦਾ ਕਰਨ ਦੇ ਮਾਮਲੇ ਵਿੱਚ ਅਧਿਆਤਮ ਦੇ ਭੌਤਿਕ ਤੋਂ ਵੱਖ ਖੇਤਰ ਹੋਣ ਦੀ ਗੱਲ ਕਰਨਾ ਸ਼ੋਭਾ ਨਹੀਂ ਦੇਂਦਾ। ਇਹ ਤਾਂ ਇੱਕ ਤਰ੍ਹਾਂ ਤੋਂ ਅਸਮਰੱਥਾ ਦੀ ਪ੍ਰਵਾਨਗੀ ਹੀ ਪ੍ਰਤੀਤ ਹੁੰਦੀ ਹੈ।

**ਸਿਰਫ਼ ਟਰਿਕਸ਼** :- ਜੇਕਰ ਸੱਚਮੁੱਚ ਵਿੱਚ ਅਧਿਆਤਮਿਕ ਅਤੇ ਭੌਤਿਕ ਖੇਤਰ ਅਲੱਗ-ਅਲੱਗ ਹਨ ਤਾਂ ਸਪਸ਼ਟ ਹੈ ਕਿ ਭੌਤਿਕ ਪਦਾਰਥਾਂ ਨਾਲ ਬਣੇ ਸ਼ਿਵਲਿੰਗ, ਰੁਦਰਾਕਸ਼ ਦੇ ਮਣਕੇ, ਅੰਗੂਠੀਆਂ, ਚੈਨਾਂ, ਪੁਸਤਕਾਂ ਆਦਿ ਅਧਿਆਤਮਿਕ ਸ਼ਕਤੀ ਨਾਲ ਪੈਦਾ ਕਰਨਾ ਇਕਦਮ ਅਸੰਭਵ ਹੈ। ਜੇਕਰ ਕੋਈ ਉਹਨਾਂ ਨੂੰ 'ਪੈਦਾ' ਕਰਦਾ ਹੈ ਤਾਂ ਉਹ ਸਿਰਫ ਹੱਥ ਦੀ ਸਫਾਈ ਹੈ, ਟਰਿਕ ਮਾਤਰ ਹੈ।

ਜੇਕਰ ਕੋਈ ਸੱਚਮੁੱਚ ਵਿੱਚ ਉਹਨਾਂ ਨੂੰ ਪੈਦਾ ਕਰਦਾ ਹੈ, ਜਿਵੇਂ ਸਾਈਂ ਬਾਬੇ ਦੇ ਮਾਮਲੇ ਵਿੱਚ ਦਾਅਵਾ ਕੀਤਾ ਜਾਂਦਾ ਸੀ, ਤਾਂ ਫੇਰ ਉਸਨੂੰ ਲਿਵਰ, ਫੇਫੜਾ ਆਦਿ ਪੈਦਾ ਕਰ ਕੇ ਆਈ. ਸੀ. ਯੂ ਤੋਂ ਬਾਹਰ ਆ ਜਾਣਾ ਚਾਹੀਦਾ ਸੀ ਅਤੇ ਵੈਂਟੀਲੇਟਰ ਨੂੰ ਅਲਵਿਦਾ ਕਹਿ ਦੇਣਾ ਚਾਹੀਦਾ ਸੀ। ਦੋਵੇਂ ਹਾਲਤਾਂ ਬਿਲਕੁਲ ਸਪਸ਼ਟ ਹਨ। ਇਕ ਸਪਸ਼ਟ ਸਟੈਂਡ ਲਿਆ ਜਾਵੇ ਰਲਗੱਡ ਨਹੀਂ।

**ਆਸ਼ੀਰਵਾਦ ਕਿੰਨਾ ਕੁ ਕਾਰਗਰ ?** :- ਜੇਕਰ

ਅਧਿਆਤਮਿਕ ਸ਼ਕਤੀ ਭਰਪੂਰ ਕਿਸੇ ਬੰਦੇ ਦੇ ਆਸ਼ੀਰਵਾਦ ਨਾਲ ਸਭ ਰੋਗ ਅਤੇ ਕਸ਼ਟ ਦੂਰ ਹੋ ਜਾਂਦੇ ਹਨ ਤਾਂ ਅਜਿਹੇ ਬੰਦੇ ਦਾ ਕਥਿਤ ਤੌਰ 'ਤੇ ਠੀਕ ਤਰ੍ਹਾਂ ਇਲਾਜ ਨਾ ਕਰਨ ਵਾਲੇ ਡਾਕਟਰਾਂ ਦੇ ਵਿਰੁੱਧ ਗੁੱਸੇ ਦੀ ਕੋਈ ਉੱਚਿਤਤਾ ਰਹਿ ਜਾਂਦੀ ਹੈ ? ਦੇਖਿਆ ਜਾਵੇ ਤਾਂ ਇਹ ਕਥਨ ਹੀ ਆਪਸੀ ਵਿਰੋਧੀ ਹਨ ਕਿ ਅਧਿਆਤਮਿਕ ਸ਼ਕਤੀ ਸੰਪਨ ਬਾਬੇ ਦਾ ਡਾਕਟਰ ਠੀਕ ਇਲਾਜ ਨਹੀਂ ਕਰ ਰਹੇ ਹਨ।

**ਹਸਪਤਾਲਾਂ ਦੀ ਕੀ ਲੋੜ ਹੈ ?** :- ਕਿਹਾ ਜਾਂਦਾ ਹੈ ਕਿ ਸਾਈ ਬਾਬੇ ਨੇ ਪੁੱਟਪਰਥੀ ਵਿੱਚ 500 ਕਰੋੜ ਖਰਚ ਕਰ ਕੇ ਸੁਪਰ ਸਪੈਸ਼ਲਿਟੀ ਹਸਪਤਾਲ ਬਣਾਇਆ ਹੈ। ਹੋਰ ਵੀ ਉਹਨਾਂ ਨੇ ਕਈ ਹਸਪਤਾਲ ਖੜ੍ਹੇ ਕੀਤੇ ਹਨ।

ਜੇਕਰ ਅਧਿਆਤਮਿਕ ਸ਼ਕਤੀ ਨਾਲ ਸਭ ਰੋਗ ਖਤਮ ਹੋ ਜਾਂਦੇ ਹਨ, ਜਿਵੇਂ ਕਿ ਦਾਅਵਾ ਕੀਤਾ ਜਾਂਦਾ ਹੈ, ਤਾਂ ਇਹਨਾਂ ਹਸਪਤਾਲਾਂ ਨੂੰ ਬਣਾਉਣ ਦੀ ਕੀ ਲੋੜ ਹੈ ? ਇਹ ਤਾਂ ਠੀਕ ਉਸੇ ਤਰ੍ਹਾਂ ਹੈ ਜਿਵੇਂ ਕਈ ਗ੍ਰੰਥਾਂ ਵਿੱਚ ਕਿਹਾ ਗਿਆ ਹੈ ਕਿ ਉਹਨਾਂ ਦੇ ਪਾਠ ਨਾਲ ਸਭ ਰੋਗ ਅਤੇ ਦੁੱਖ ਖਤਮ ਹੋ ਜਾਂਦੇ ਹਨ, 'ਇਹ ਗ੍ਰੰਥ ਸਭ ਤੋਂ ਵੱਡੀ ਦਵਾਈ ਹੈ', 'ਇਸ ਗ੍ਰੰਥ ਦਾ ਪਾਠ ਸਭ ਰੋਗਾਂ ਦੇ ਲਈ ਰਾਮਬਾਣ ਹੈ' ਪ੍ਰੰਤੂ ਉਨ੍ਹਾਂ ਹੀ ਗ੍ਰੰਥਾਂ ਨੂੰ ਮੰਨਣ ਵਾਲਿਆਂ ਨੇ ਮੈਡੀਕਲ ਕਾਲਜ ਖੋਲ੍ਹੇ ਹੋਏ ਹਨ ਅਤੇ ਉਹਨਾਂ ਦੀਆਂ ਕੰਧਾਂ ਉੱਤੇ ਉਨ੍ਹਾਂ ਗ੍ਰੰਥਾਂ ਦੇ ਉਪਰੋਕਤ ਕਥਨ ਅੰਕਿਤ ਕਰਵਾ ਰੱਖੇ ਹਨ।

ਜੇਕਰ ਗ੍ਰੰਥਾਂ ਦੇ ਕਥਨ ਸੱਚੇ ਅਤੇ ਪ੍ਰਮਾਣਿਕ ਹਨ ਤਾਂ ਉਹ ਮੈਡੀਕਲ ਕਾਲਜ ਫਜ਼ੂਲ ਹਨ ਅਤੇ ਜੇਕਰ ਉਹ ਕਾਲਜ ਸਾਰਥਕ ਹਨ ਤਾਂ ਗ੍ਰੰਥਾਂ ਦੀਆਂ ਉੱਪਰ ਆਖੀਆਂ ਗੱਲਾਂ ਗਲਤ ਹੈ'। ਦੋਵੇਂ ਚੀਜ਼ਾਂ ਇੱਕੋ ਸਮੇਂ ਸਹੀ ਨਹੀਂ ਹੋ ਸਕਦੀਆਂ।

**ਰਾਮ ਅਤੇ ਵੈਦ** :- ਰਾਮਾਇਣ ਵਿੱਚ ਲਿਖਿਆ ਹੈ ਕਿ ਲਕਸ਼ਮਣ ਤੀਰ ਲੱਗਣ ਨਾਲ ਜਦ ਜ਼ਖਮੀ ਹੋ ਕੇ ਬੇਹੋਸ਼ ਹੋ ਜਾਂਦੇ ਹਨ ਤਦ ਰਾਮ ਨੇ ਇਹ ਨਹੀਂ ਕਿਹਾ ਕਿ ਇਸਨੂੰ ਫਲਾਣੇ ਗ੍ਰੰਥ ਦਾ ਪਾਠ ਸੁਣਾਓ, ਸਾਨੂੰ ਹਨੂੰਮਾਨ ਚਾਲੀਸਾ ਸੁਣਾਓ। ਉਹਨਾਂ ਨੇ ਇਹ ਵੀ ਕਿਹਾ ਕਿ ਇਸਨੂੰ ਮੇਰਾ (ਅਰਥਾਤ ਰਾਮ ਦਾ) ਨਾਂ ਸੁਣਾਓ ਅਤੇ ਨਾ ਹੀ ਇਹ ਕਿਹਾ ਕਿ ਕੀਰਤਨ ਕਰੋ, ਢੋਲਕ ਵਜਾਕੇ ਗੀਤ ਗਾਓ। ਉਹਨਾਂ ਨੇ ਕਿਸੀ ਅਧਿਆਤਮ ਦੀ ਗੱਲ ਨਹੀਂ ਕੀਤੀ, ਕਿਸੀ ਦੈਵੀ ਸ਼ਕਤੀ ਦੀ ਗੱਲ ਨਹੀਂ ਕੀਤੀ ਅਤੇ ਨਾ ਹੀ ਉਥੇ ਕੋਈ ਚਮਤਕਾਰ ਵਪਰਿਆ। ਉਹਨਾਂ ਨੇ ਸਿੱਧੇ ਵੈਦ ਦੀ ਸ਼ਰਣ ਲਈ ਅਤੇ ਵੈਦ ਨੇ ਦਵਾਈ ਦਿੱਤੀ। ਜੇਕਰ ਅਧਿਆਤਮ ਵਿੱਚ ਜ਼ਖਮੀ ਅਤੇ ਬੇਹੋਸ਼ ਨੂੰ ਠੀਕ ਕਰਨ ਦੀ ਸਮਰੱਥਾ ਹੁੰਦੀ ਤਾਂ ਰਾਮ ਦੁਸ਼ਮਣ ਰਾਵਣ ਦੇ ਉਥੋਂ ਦੇ ਸੁਸ਼ੇਨ ਨਾਂ ਦੇ ਵੈਦ ਨੂੰ ਕਦੇ ਨਾ ਬੁਲਾਉਂਦੇ। ਉਸਨੂੰ ਦੁਸ਼ਮਣ ਦੇ ਇੱਥੋਂ ਬੁਲਵਾਉਣਾ ਇਹੀ ਦਰਸ਼ਾਂਦਾ ਹੈ ਕਿ ਉਪਰੋਕਤ ਵੈਦ ਦੇ ਬਿਨਾਂ ਲਕਸ਼ਮਣ ਦੀ ਪ੍ਰਾਣ ਰੱਖਿਆ ਦਾ ਹੋਰ ਕੋਈ ਵਸੀਲਾ ਨਹੀਂ ਸੀ।

ਰਾਮ ਨੇ ਅਧਿਆਤਮ ਅਤੇ ਭੌਤਿਕ ਦਾ ਗੱਡਮੱਡ ਨਹੀਂ ਕੀਤਾ। ਇਸ ਲਈ ਉਹਨਾਂ ਦਾ ਵੈਦ ਦੀ ਸ਼ਰਣ ਗ੍ਰਹਿਣ ਕਰਨਾ ਕਿਸੇ ਤਰ੍ਹਾਂ ਦੀ ਦੁਚਿੱਤੀ ਨੂੰ ਪੈਦਾ ਨਹੀਂ ਕਰਦਾ। ਪ੍ਰੰਤੂ ਪੁੱਟਪਰਥੀ ਦੇ ਹਸਪਤਾਲ ਦੁਚਿੱਤੀ ਅਤੇ ਪ੍ਰਸ਼ਨ ਪੈਦਾ ਕਰਦੇ ਹਨ, ਕਿਉਂਕਿ ਇਹਨਾਂ ਦਾ ਸੱਤਿਆ ਸਾਈਂ ਬਾਬੇ ਦੀ ਇਸ ਕਥਿਤ ਅਧਿਆਤਮਿਕ ਸ਼ਕਤੀ ਨਾਲ ਤਾਲਮੇਲ ਨਹੀਂ ਬੈਠਦਾ ਜਿਸ ਤੋਂ ਉਹ ਭੌਤਿਕ ਪਦਾਰਥ ਪੈਦਾ ਕਰ ਕੇ ਦਿਖਾਉਂਦੇ ਸਨ ਅਤੇ ਭਗਤਾਂ ਦੇ ਦੁੱਖ ਅਤੇ ਰੋਗ ਹਰਦੇ ਸਨ। ਜਦ ਭਭੂਤ ਨਾਲ, ਆਸ਼ੀਰਵਾਦ ਨਾਲ, ਹਵਾ ਵਿੱਚ ਹੱਥ ਹਿਲਾਉਣ ਨਾਲ ਅਤੇ ਅਜਿਹੇ ਹੀ ਹੋਰ ਕਿਸੇ ਤਰੀਕੇ ਨਾਲ ਰੋਗ ਖਤਮ ਹੋ ਜਾਂਦੇ ਸਨ ਤਾਂ 500 ਕਰੋੜ ਰੁਪਏ ਸੀਮਿੰਟ ਟਾਇਲਾ ਅਤੇ ਆਧੁਨਿਕ ਯੰਤਰ ਉੱਤੇ ਖਰਚ ਕਰਨਾ ਸਮਝ ਤੋਂ ਬਾਹਰ ਹੈ। ਜਦ ਪ੍ਰਾਰਥਨਾ ਕਾਰਗਰ ਹੈ ਤਦ ਦਵਾਈ ਦੇ ਪ੍ਰਯੋਗ ਦਾ ਕੀ ਮਤਲਬ ਹੈ ? ਜਦ ਬਾਬੇ ਤੋਂ ਹੀ ਸਭ ਦੁਆਵਾਂ ਮੰਗੀਆਂ ਜਾਂਦੀਆਂ ਸੀ, ਤਦ ਉਹਨਾਂ ਦੇ ਗੰਭੀਰ ਹਾਲਤ ਵਿੱਚ ਪਹੁੰਚਣ ਉੱਤੇ ਉਨ੍ਹਾਂ ਦੇ ਲਈ ਕਿਸ ਤੋਂ ਦੁਆਵਾਂ ਮੰਗੀਆਂ ਜਾ ਰਹੀਆਂ ਸਨ ? ਜੇਕਰ ਕੋਈ ਉਹਨਾਂ ਤੋਂ ਵੀ ਅੱਗੇ ਬਿਗ ਬੌਸ ਹੈ ਤਾਂ ਪਹਿਲਾਂ ਹੀ ਉਸ ਤੋਂ ਕਿਉਂ ਦੁਆਵਾਂ ਨਹੀਂ ਮੰਗੀਆਂ ਜਾਂਦੀਆਂ ਸੀ ਅਤੇ ਕਿਸੇ ਵਿਚੋਲੇ ਦੀ ਵਿਚੋਲਗੀ ਦੀ ਕੀ ਤੁਕ ਸੀ ?

**ਪ੍ਰਾਰਥਨਾ ਦੁਆ ਬਨਾਮ ਦਵਾਈ** :- ਪ੍ਰਸ਼ਨ ਇਹ ਵੀ ਉੱਠਦਾ ਹੈ ਕਿ ਕੀ ਦੁਆ ਉਹ ਕੰਮ ਕਰ ਸਕਦੀ ਹੈ ਜੋ ਸਿਰਫ ਦਵਾ ਕਰ ਸਕਦੀ ਹੈ ? ਜੇਕਰ ਅਜਿਹਾ ਸੰਭਵ ਹੁੰਦਾ, ਜੇਕਰ ਦੁਆ ਦਵਾ ਦਾ ਕੰਮ ਕਰ ਸਕਦੀ ਹੈ ਤਾਂ ਕੀ ਇਹ ਰਾਮ ਜੀ ਨੂੰ ਮਾਲੂਮ ਨਹੀਂ ਸੀ ? ਕੀ ਉਹ ਅਗਿਆਨੀ ਸਨ ਜੋ ਉਹਨਾਂ ਨੇ ਦੁਆ ਨੂੰ ਇਕਦਮ ਰੱਦ ਕਰਕੇ ਦਵਾ ਨੂੰ ਪਹਿਲ ਦਿੱਤੀ ? ਸੱਤਿਆ ਸਾਈਂ ਬਾਬੇ ਦੁਆਰਾ ਖੋਲ੍ਹੇ ਗਏ ਹਸਪਤਾਲ ਦਵਾਈ ਦੇ ਲਈ ਹੀ ਹਨ, ਦੁਆ ਦੇ ਲਈ ਨਹੀਂ। ਜਦ ਬਾਬਾ ਆਪ ਗੰਭੀਰ ਹਾਲਤ ਵਿੱਚ ਪਹੁੰਚੇ ਤਦ ਆਪ ਉਹਨਾਂ ਨੇ ਦਵਾ ਦੀ ਸ਼ਰਣ ਲਈ, ਇਹ ਤੱਥ ਵੀ ਦੁਆ ਦੀ ਵਿਅਰਥਤਾ ਦਾ ਹੀ ਸੂਚਕ ਹੈ।

**ਪ੍ਰਾਰਥਨਾ ਕੀ ਹੈ ?** ਦੁਆ ਇੱਕ ਕਾਮਨਾ ਹੈ, ਸਾਡਾ ਮਨੋਰਥ ਕਿ ਇਹ ਅਜਿਹਾ ਹੋ ਜਾਵੇ, ਬਿਮਾਰ ਬਾਬਾ ਠੀਕ ਹੋ ਜਾਵੇ। ਟੀ. ਵੀ. ਦੇ ਕਈ ਚੈਨਲ ਚੀਕ ਰਹੇ ਸਨ ਕਿ ਹਜ਼ਾਰਾਂ "ਨੰਨ੍ਹੇ ਹੱਥ ਸਾਈਂ" ਬਾਬੇ ਦੇ ਲਈ ਦੁਆ ਦੇ ਲਈ ਉੱਠ ਰਹੇ ਹਨ।

**ਉੱਦਮ ਦਾ ਮਹੱਤਵ ਹੈ** :- ਸਾਡੇ ਨੀਤੀਕਾਰਾਂ ਦਾ ਕਹਿਣਾ ਹੈ ਕਿ ਦੁਆ ਤੋਂ ਮਨੋਰਥ ਜਾਂ ਮਨੋਕਾਮਨਾ ਮਾਤਰ ਨਾਲ, ਕੋਈ ਕੰਮ ਪੂਰਾ ਨਹੀਂ ਹੁੰਦਾ। ਸਭ ਕੰਮ ਉੱਦਮ ਨਾਲ ਸਿੱਧ ਹੁੰਦੇ ਹਨ। ਅਜਿਹਾ ਕਦੇ ਨਹੀਂ ਹੁੰਦਾ ਕਿ ਸ਼ੇਰ ਦੁਆ ਕਰਦਾ ਹੈ ਅਤੇ ਹਿਰਣ ਆ ਕੇ ਆਪਣੇ ਆਪ ਉਸ ਦੇ ਮੂੰਹ ਵਿੱਚ ਪੈ ਜਾਂਦਾ ਹੈ।

ਅਧਿਆਤਮ ਦੀ ਘੁੰਮਣਘੇਰੀ ਵਿੱਚ ਫਸਣਾ ਉੱਦਮ ਨਹੀ, ਸਿਰਫ਼ ਮਨੋਕਾਮਨਾ ਦੇ ਰੱਥ ਉੱਤੇ ਮਨੋਰਥ ਉੱਤੇ ਸਵਾਰ ਹੋਣਾ ਹੈ। ਪਰ ਕੀ ਇੱਛਾਵਾਂ ਦੇ ਰੱਥ ਉੱਤੇ ਸਵਾਰ ਹੋ ਕੇ ਤੁਸੀਂ ਕਿਧਰੇ ਪਹੁੰਚ ਸਕਦੇ ਹੋ ? ਜੇਕਰ ਕਿਧਰੇ ਪਹੁੰਚਣਾ ਹੈ ਤਾਂ ਗਤੀ ਕਰਨੀ ਹੋਵੇਗੀ ਅਤੇ ਉਹ ਅਧਿਆਤਮ ਦੀ ਘੁੰਮਣਘੇਰੀ ਤੋਂ ਨਿਕਲੇ ਬਿਨਾਂ ਇਕਦਮ ਅਸੰਭਵ ਹੈ। ਦਲਦਲ ਵਿੱਚੋਂ ਫਸ ਕੇ ਤੁਸੀਂ ਡੁੱਬ ਤਾਂ ਸਕਦੇ ਹੋ, ਕਿਧਰੇ ਪਹੁੰਚ ਨਹੀਂ ਸਕਦੇ। ਇਸ ਲਈ ਹੱਥ ਦੀ ਸਫਾਈ ਦਿਖਾਉਣ ਵਾਲਿਆਂ ਦੇ ਝਾਂਸੇ ਵਿੱਚ ਨਾ ਆਉ।

ਉਹ ਚੀਜ਼ਾਂ ਬਣਾ ਨਹੀਂ ਸਕਦੇ, ਸਿਰਫ ਪਹਿਲਾਂ ਤੋਂ ਬਣੀਆਂ ਹੋਈਆਂ ਅਤੇ ਦੂਜਿਆਂ ਦੁਆਰਾ ਬਣਾਈਆਂ ਚੀਜ਼ਾਂ ਨੂੰ ਮੁੱਠੀ ਵਿੱਚੋਂ ਕੱਢ ਕੇ ਦਿਖਾ ਸਕਦੇ ਹਨ। ਜਦ ਸਾਈਂ ਬਾਬਾ ਹਵਾ ਤੋਂ ਅਜਿਹੀ ਘੜੀ ਪੈਦਾ ਕਰ ਕੇ ਦਿਖਾਂਦੇ ਹਨ, ਜਿਸ ਉੱਤੇ ਮੇਡ ਇਨ ਸਵਿਸ ਉਕਰਿਆ ਹੋਇਆ ਹੁੰਦਾ ਸੀ, ਤਦ ਸਾਫ਼ ਸੀ, ਕਿ ਉਹ ਚਲਾਕੀ ਕਰ ਰਿਹਾ ਹੈ। ਰੁਪਏ ਦਾ ਸਿੱਕਾ ਕੋਈ ਮਦਾਰੀ ਬਣਾਉਂਦਾ ਨਹੀਂ, ਕਿਉਂਕਿ ਉਹ ਤਾਂ ਪਹਿਲਾਂ ਤੋਂ ਹੀ ਭਾਰਤ ਸਰਕਾਰ ਨੇ ਬਣਾਇਆ ਹੁੰਦਾ ਹੈ। ਉਸਨੂੰ ਬਣਾਉਣਾ ਉਂਜ ਵੀ ਸਜ਼ਾਯੋਗ ਅਪਰਾਧ ਹੈ। ਉਹ ਸਿਰਫ ਆਪਣੀ ਕਲਾ ਨਾਲ ਦ੍ਰਿਸ਼ਟੀ ਭਰਮ ਪੈਦਾ ਕਰਦਾ ਹੈ ਤਾਂ ਜੋ ਅਸਾਵਧਾਨ ਦਰਸ਼ਕ ਨੂੰ ਲੱਗੇ ਕਿ ਉਸ ਨੇ ਸਿੱਕਾ ਹਵਾ ਵਿੱਚੋਂ ਇਵੇਂ ਹੀ ਪੈਦਾ ਕੀਤਾ ਹੈ। ਜੇਕਰ ਮਦਾਰੀ ਸੱਚ ਵਿੱਚ ਸਿੱਕੇ ਪੈਦਾ ਕਰ ਲੈਂਦੇ ਤਾਂ ਥਾਂ ਥਾਂ ਖੇਲ ਦਿਖਾ ਕੇ ਪੇਟ ਪੂਰਤੀ ਨਾ ਕਰਦੇ, ਸਗੋਂ ਨਕਲੀ ਮੁਦਰਾ ਬਣਾਉਣ ਦੇ ਅਪਰਾਧ ਵਿੱਚ ਜੇਲ੍ਹ ਦੀ ਹਵਾ ਖਾ ਰਹੇ ਹੁੰਦੇ। ਇਹੀ ਗੱਲ ਸਵਿੱਸ ਵਿੱਚ ਬਣੀ ਨਕਲੀ ਘੜੀਆ ਬਣਾਉਣ ਵਾਲੇ ਦਾ ਹੁੰਦਾ

**ਮੌਤ ਉੱਤੇ ਆਤਮ ਹੱਤਿਆ** :- ਟੈਲੀਵਿਜਨ ਦੇ ਕਈ ਚੈਨਲ ਅਜਿਹੇ ਭਗਤਾਂ ਨੂੰ ਦਿਖਾ ਰਹੇ ਸਨ ਜੋ ਕਹਿੰਦੇ ਸਨ ਕਿ ਜੇਕਰ ਬਾਬਾ ਠੀਕ ਨਾ ਹੋਏ ਤਾਂ ਅਸੀਂ ਆਤਮਹੱਤਿਆ ਕਰ ਲਵਾਂਗੇ। (ਪਰ

ਬਾਬੇ ਦੇ ਮਰ ਜਾਣ ਉੱਤੇ ਮਰਿਆ ਇੱਕ ਵੀ ਭਗਤ ਨਹੀਂ) ਇਹ ਚੈਨਲ ਅਜਿਹਾ ਕਰਕੇ ਸਿੱਧੇ ਸਾਦੇ ਲੋਕਾਂ ਨੂੰ ਆਤਮਹੱਤਿਆ ਦੇ ਲਈ ਹੀ ਪ੍ਰੇਰਿਤ ਕਰਦੇ ਪ੍ਰਤੀਤ ਹੁੰਦੇ ਸਨ, ਜੋ ਭਰਤੀ ਦੰਡ ਸੰਹਿਤਾ ਦੀ ਨਜ਼ਰਾਂ ਵਿੱਚ ਇੱਕ ਅਪਰਾਧ ਹੈ।

ਕਿਸੇ ਦੀ ਮੌਤ ਉਤੇ ਆਤਮਹੱਤਿਆ ਕਰਨ ਦੀ ਇੱਛਾ ਨਾਲ ਕੀ ਕਿਸੇ ਦੀ ਮਹਾਨਤਾ ਸਿੱਧ ਹੁੰਦੀ ਹੈ? ਕੀ ਇਸ ਨਾਲ ਮ੍ਰਿਤਕ ਬੰਦਾ ਜਿਉਂਦਾ ਹੋ ਜਾਂਦਾ ਹੈ ਜਾਂ ਆਤਮਹੱਤਿਆ ਕਰਨ ਵਾਲਾ ਅਮਰ ਹੋ ਜਾਂਦਾ ਹੈ? ਕੀ ਇਸ ਨਾਲ ਮੌਤ ਦੀ ਸਿਹਤ ਉਤੇ ਕੋਈ ਅਸਰ ਪੈਂਦਾ ਹੈ?

ਮੌਤ ਦੀ ਸਮੱਸਿਆ ਲਗਾਤਾਰ ਮੂੰਹੀ ਅੱਡੀ ਖੜ੍ਹੀ ਆਉਂਦੀ ਹੈ, ਮ੍ਰਿਤਕ ਭਾਵੇਂ ਕਦੇ ਕਿੰਨੇ ਹੀ ਚਮਤਕਾਰ, ਦਰਸ਼ਨ ਦੇ ਦਾਅਵੇ ਕਿਉਂ ਨਾ ਕਰਦਾ ਰਿਹਾ ਹੋਵੇ ਜਾਂ ਉਸ ਦੀ ਚੇਲਾਮੰਡਲੀ ਭਾਵੇਂ ਕਿੰਨੀ ਹੀ ਵਿਸ਼ਾਲ ਕਿਉਂ ਨਾ ਰਹੀ ਹੋਵੇ। ਮੌਤ ਚਮਤਕਾਰਾਂ ਨੂੰ ਅਤੇ ਚਕਾਚੌਂਧ ਕਰ ਦੇਣ ਵਾਲੇ ਤਾਮਝਾਮ ਅਤੇ ਤਥਕਥਿਤ ਚਮਕ ਵਾਲੇ ਘੇਰੇ ਨੂੰ ਚਿੱਤ (ਪਿੱਠ ਪਰਨੇ) ਕਰ ਦੇਂਦੀ ਹੈ ਤਥਾਕਥਿਕ ਭਗਵਾਨਾਂ ਅਤੇ ਆਪਣੇ ਆਪ ਪੈਦਾ ਹੋਏ ਦਲਾਲਾਂ ਨੂੰ ਲਾਸ਼ ਬਣਾ ਦੇਂਦੀ ਹੈ।

**ਹੜ੍ਹ ਵਿੱਚ ਵਹਿੰਦੇ ਤਿਨਕੇ** :- ਇਹਨਾਂ (ਕਥਿਤ ਭਗਵਾਨਾਂ ਅਤੇ ਦਲਾਲਾਂ) ਦੇ ਮਰਨ ਉਤੇ ਭਾਵਾਵੇਸ਼ ਵਿੱਚ ਆਤਮਹੱਤਿਆ ਕਰਨ ਵਾਲਾ ਭਗਤ ਉਸ ਧੱਕੇ ਨੂੰ ਸਹਿ ਪਾਂਦਾ ਜੋ ਉਸਨੂੰ ਆਪਣੇ ਪੂਜਨੀਕ ਭਗਵਾਨ ਦੀ ਲਾਸ਼ ਵਿੱਚ ਬਦਲੇ ਹੋਣ ਉਤੇ ਲੱਗਦਾ ਹੈ। ਉਹ ਜਿਸਨੂੰ ਸਰਵਸ਼ਕਤੀਮਾਨ ਸਮਝਦਾ ਸੀ, ਉਸਨੂੰ ਜਦ ਉਹ ਮੌਤ ਦੇ ਹੜ੍ਹ ਵਿੱਚ ਵਹਿ ਰਹੇ ਇੱਕ ਤਿਨਕੇ ਦੇ ਸਮਾਨ ਬੇਆਸਰਾ ਪਾਂਦਾ ਹੈ ਤਾਂ ਉਸਨੂੰ ਸਚਾਈ ਦਾ ਮੁਕਾਬਲਾ ਕਰਨ ਵਿੱਚ ਪਰੇਸ਼ਾਨੀ ਜਾਂ ਤਕਲੀਫ਼ ਹੁੰਦੀ ਹੈ ਉਸ ਨੂੰ ਸਮਝ ਵਿੱਚ ਨਹੀਂ ਆਉਂਦਾ ਕਿ ਇਹ ਸਭ ਕਿਵੇਂ ਹੋ ਗਿਆ। ਕੀ ਗੁਰੂ ਜੀ ਇੱਕ ਫੁੱਲਿਆ ਹੋਇਆ ਗੁਬਾਰਾ ਮਾਤਰ ਸਨ ਕਿ ਹਵਾ ਨਿਕਲ ਗਈ ਅਤੇ ਉਹ ਪਿਚਕ ਗਿਆ?

ਭਗਤ ਜਦ ਕਥਿਤ ਭਗਵਾਨ ਅਤੇ ਕੌੜੀ ਸਚਾਈ ਵਿੱਚ ਤਾਲਮੇਲ ਕਾਇਮ ਕਰਨ ਵਿੱਚ ਅਸਫ਼ਲ ਰਹਿੰਦਾ ਹੈ ਤਦ ਉਹ ਭਗੌੜਾਵਾਦੀ ਰਸਤਾ ਅਪਨਾਉਂਦਾ ਹੈ।

ਜਿਸ ਪ੍ਰਕਾਰ ਪਹਿਲਾਂ ਉਹ ਗੁਰੂ ਜੀ ਦੇ ਪੱਲੇ ਜਾਂ ਲੜ ਵਿੱਚ ਛਿਪ ਕੇ ਅਸਲੀਅਤ ਤੋਂ ਭੱਜਦਾ ਸੀ, ਉਸੇ ਤਰ੍ਹਾਂ ਉਹ ਗੁਰੂ ਦੇ ਸ਼ਵ ਵਿੱਚ ਰੂਪ ਬਦਲ ਹੋ ਜਾਣ ਉਤੇ ਮੌਤ ਦੇ ਪੱਲੇ ਵਿੱਚ ਛੁੱਪ ਜਾਂਦਾ ਹੈ। ਅਸਲ ਸਮੱਸਿਆ ਜੀਵਨ ਨੂੰ ਸੰਤੁਲਿਤ ਅਤੇ ਠੀਕ ਢੰਗ ਨਾਲ ਜਿਉਣ ਦੀ ਹੈ, ਆਤਮਹੱਤਿਆ ਕਰਨ ਵਿੱਚ ਕੀ ਹੈ? ਇੱਕ ਮਰ ਗਿਆ, ਦੂਜੇ ਨੇ ਆਪਣੇ ਆਪ ਨੂੰ ਮਾਰ ਲਿਆ, ਇਹ ਅੰਧਸਿਲਸਿਲਾ ਹੀ ਜੇਕਰ ਅਧਿਆਤਮਵਾਦ ਹੈ ਤਾਂ ਇਸ ਨੂੰ ਇੱਕ ਮਨੋਰੋਗ ਹੀ ਕਹਿਣਾ ਹੋਵੇਗਾ। ਜੋ ਟੀਵੀ ਚੈਨਲ ਇਹ ਬਿਮਾਰ ਸੁਨੇਹਾ ਫੈਲਾ ਰਹੇ ਸਨ ਉਹ ਦਰਅਸਲ ਆਪਣੀ ਸਾਮਾਜਿਕ ਜ਼ੁੰਮੇਵਾਰੀ ਨੂੰ ਸੁਚਾਰੂ ਰੂਪ ਵਿੱਚ ਚਲਾਉਣ ਦੀ ਥਾਂ ਅਪਰਾਧਿਕ ਲਾਪਰਵਾਹੀ ਵਰਤ ਰਹੇ ਸਨ, ਇਹੀ ਕਿਹਾ ਜਾ ਸਕਦਾ ਹੈ।

**ਚਮਤਕਾਰ ਚਿਤ** :- ਇਹ ਜੀਵਨ ਦਾ ਇੱਕ ਨਾ ਬਦਲਣ ਯੋਗ ਸੱਚ ਹੈ ਕਿ ਜੋ ਜਨਮਦਾ ਹੈ ਉਹ ਜ਼ਰੂਰ ਮਰਦਾ ਹੈ, ਭਾਵੇਂ ਉਹ ਚਮਤਕਾਰ ਦਿਖਾਉਂਦਾ ਰਿਹਾ ਹੋਵੇ ਜਾਂ ਦੇਖਦਾ ਰਿਹਾ ਹੋਵੇ। ਮੌਤ ਇੱਕ ਬਹੁਤ ਵੱਡਾ ਅਤੇ ਅੰਤਮ ਸਾਧਨ ਹੈ ਸਭ ਨੂੰ ਇਕ ਸਮਾਨ ਕਰ ਦੇਣ ਦਾ, ਸਭ ਦੇ ਸਮਤਲੀਕਰਣ ਦਾ ਅਤੇ ਸਭ ਤਥਾਕਥਿਤ ਚਮਤਕਾਰੀਆਂ, ਸਰਵਸ਼ਕਤੀਮਾਨਾਂ, ਪਖੰਡੀਆਂ, ਭਗਵਾਨਾਂ, ਆਪਣੇ ਆਪ-ਬਣੇ ਦਲਾਲਾਂ, ਦੈਵੀ ਸ਼ਕਤੀਆਂ ਦੇ ਦਾਅਵੇਦਾਰਾਂ ਆਦਿ ਦੇ ਢੋਲ ਦੇ ਪੋਲ ਖੋਲ੍ਹਣ ਦਾ। ਜੋ ਲਾਸ਼ ਬਣ ਗਿਆ, ਜੋ ਮਰ ਗਿਆ ਉਸ ਦੇ ਸਭ ਪਰਾਕੁਦਰਤੀ ਦਾਅਵੇ ਝੂਠੇ ਸਨ, ਉਹ ਇੱਕ ਬਹੁਤ ਹੀ ਮਾਮੂਲੀ ਬੰਦਾ ਸੀ।

ਸਾਨੂੰ ਅਸਲੀਅਤ ਨੂੰ ਸਮਝ ਕੇ, ਉਸ ਉਤੇ ਦ੍ਰਿੜਤਾ ਨਾਲ ਚੱਲਣਾ ਚਾਹੀਦਾ ਹੈ। ਤਦੇ ਅਸੀਂ ਸੱਚਮੁੱਚ ਵਿੱਚ ਜੀ ਸਕਾਂਗੇ, ਕਿਉਂਕਿ ਸਾਰੀ ਉਮਰ ਬੇਅਕਲੀ ਵਿੱਚ ਪਏ ਰਹਿਣਾ ਜਾਂ ਅਸੀਂ ਜਾਂ ਉਸ ਪਖੰਡੀ ਦੇ ਪਿੱਛੇ ਬੇਅਕਲ ਦੀ ਤਰ੍ਹਾਂ ਚੱਲਦੇ ਜਾਣ ਦਾ ਨਾਂ ਜੀਵਨ ਨਹੀਂ ਹੈ।


## ਤਰਕਭਾਰਤੀ ਪ੍ਰਕਾਸ਼ਨ ਵੱਲੋਂ ਪ੍ਰਕਾਸ਼ਿਤ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨਾਲ ਸੰਬੰਧਤ ਕਿਤਾਬਾਂ


ਜੀਵਨੀ ਸ਼ਹੀਦ ਭਗਤ ਸਿੰਘ
80.00


ਸ਼ਹੀਦੇ ਆਜ਼ਮ ਦੀ ਜੇਲ੍ਹ ਡਾਇਰੀ
120.00


ਇਨਕਲਾਬ
120.00


ਸ਼ਹੀਦਾਂ ਦੇ ਅੰਗ ਸੰਗ
80.00


ਅਮਰ ਸ਼ਹੀਦਾਂ ਦੀਆਂ ਯਾਦਾਂ
80.00


ਸ਼ਹੀਦ ਭਗਤ ਸਿੰਘ
80.00


ਸ਼ਹੀਦ ਚੰਦਰ ਸ਼ੇਖਰ ਆਜ਼ਾਦ
80.00


ਸ਼ਹੀਦ ਭਗਵਤ ਚਰਨ ਵੋਹਰਾ
80.00


ਸ਼ਹੀਦ ਰਾਮ ਪ੍ਰਸਾਦ ਬਿਸਮਿਲ
80.00


ਸ਼ਹੀਦ ਉਧਮ ਸਿੰਘ
300.00


ਪਾਸ਼ ਦੀ ਚੋਣਵੀਂ ਕਵਿਤਾ
70.00


ਸੰਤ ਰਾਮ ਉਦਾਸੀ ਦੇ ਚੋਣਵੇਂ ਗੀਤ
60.00


ਭਗਤ ਸਿੰਘ ਤੇ ਸਾਥੀ
80.00


ਗਾਥਾ ਗਦਰੀਆਂ ਦੀ
80.00


ਖੇਤਾਂ ਦੀ ਬੁੱਕਲ 'ਚੋਂ
80.00


ਭਗਤ ਸਿੰਘ ਨੂੰ ਫਾਂਸੀ
120.00

**ਘਰ ਬੈਠੇ ਵੀਪੀਪੀ ਰਾਹੀਂ ਮੰਗਵਾਉਣ ਲਈ ਫ਼ੋਨ ਕਰੋ 01679-241744**

# ਰੱਬ ਕਿਥੇ ਹੈ?



ਜਗਤਾਰ ਸਹੋਤਾ



ਦੁਨੀਆਂ ਦੀ ਪਹਿਲੀ ਲੜਾਈ ਤੋਂ ਪਹਿਲਾਂ, ਬਰਤਾਨੀਆ ਦੁਨੀਆਂ ਦੀ ਇਕ ਵੱਡੀ ਤਾਕਤ ਦੇ ਤੌਰ 'ਤੇ ਜਾਣਿਆ ਜਾਂਦਾ ਸੀ, ਜਿਸ ਦੇ ਰਾਜ ਵਿਚ ਸੂਰਜ ਨਹੀਂ ਡੁੱਬਦਾ ਸੀ।ਪਰ ਦੁਨੀਆਂ ਦੀ ਦੂਸਰੀ ਲੜਾਈ ਤੋਂ ਬਾਅਦ, ਅਮਰੀਕਾ ਅਤੇ ਰਸ਼ੀਆ ਦੁਨੀਆਂ ਦੀਆਂ ਦੋ ਵੱਡੀਆਂ ਤਾਕਤਾਂ ਉਭਰ ਕੇ ਅੱਗੇ ਆਈਆਂ ਅਤੇ ਬਰਤਾਨੀਆ ਦੇ ਰਾਜ ਵਿਚ ਸੂਰਜ ਢਲਣਾ ਸ਼ੁਰੂ ਹੋ ਗਿਆ।ਲੜਾਈ ਵਿਚ ਬਰਤਾਨੀਆ ਨੂੰ ਬਹੁਤ ਜਾਨੀ ਅਤੇ ਮਾਲੀ ਨੁਕਸਾਨ ਉਠਾਉਣਾ ਪਿਆ।ਬਰਤਾਨੀਆ ਨੂੰ ਇਕੱਲੇ ਆਰਥਿਕ ਸੰਕਟ ਦਾ ਹੀ ਸਾਹਮਣਾ ਨਹੀਂ ਕਰਨਾ ਪਿਆ ਸਗੋਂ ਉਸ ਤੋਂ ਬਸਤੀਆਂ ਵੀ ਆਜ਼ਾਦ ਹੋਣ ਲੱਗ ਪਈਆਂ।ਬਸਤੀਆਂ ਆਜ਼ਾਦ ਹੋਣ ਦਾ ਅਰਥ ਸੀ ਮੰਡੀਆਂ ਦੀ ਇਜਾਰੇਦਾਰੀ ਨੂੰ ਖੋਹਣਾ। ਲੜਾਈ ਵਿਚ ਇਕ ਵੱਡੀ ਮਿਕਦਾਰ ਵਿਚ ਫੌਜੀਆਂ ਦੇ ਮਰਨ ਕਾਰਨ ਬਰਤਾਨੀਆਂ ਦੇ ਉਦਯੋਗ ਨੂੰ ਸਸਤੇ ਮਜ਼ਦੂਰਾਂ ਦੀ ਥੁੜ ਪੇਸ਼ ਆਈ। ਸਰਮਾਏ ਦੀ ਘਾਟ ਕਾਰਨ ਬਰਤਾਨੀਆਂ, ਜਰਮਨੀ ਦੇ ਵਾਂਗ, ਆਟੋ ਮਸ਼ੀਨਰੀ ਲੁਆ ਨਾ ਸਕਿਆ।ਇਸ ਲਈ ਜਦ ਆਰਥਿਕ ਸੰਕਟ ਖਤਮ ਹੋਣ ਲੱਗਾ ਤਾਂ ਉਸ ਨੇ ਆਜ਼ਾਦ ਕੀਤੀਆਂ ਬਸਤੀਆਂ ਵਿਚੋਂ ਸਸਤੇ ਮਜ਼ਦੂਰ ਭਾਲਣੇ ਸ਼ੁਰੂ ਕਰ ਦਿਤੇ। ਇਹ ਹੀ ਕਾਰਨ ਸੀ ਕਿ ਆਵਾਸੀ ਮਜ਼ਦੂਰ ਬਰਤਾਨੀਆਂ ਵਿਚ ਆਏ।

ਇੰਗਲੈਂਡ ਦੇ ਮੱਧ ਦੇਸ਼ ਵਿਚ ਕਾਰਖਾਨਿਆ ਦੀ ਭਰਮਾਰ ਸੀ, ਜਦ ਕਿ ਉਤਰੀ ਭਾਗ ਵਿਚ ਮਿੱਲਾਂ ਦੀ।ਇੰਗਲੈਂਡ ਦੇ ਉਤਰੀ ਭਾਗ ਦਾ ਇਕ ਪੁਰਾਣਾ ਸ਼ਹਿਰ, ਦੁਨੀਆਂ ਦੇ ਪੁਰਾਣੇ ਸ਼ਹਿਰਾਂ ਦੀ ਤਰ੍ਹਾਂ, ਦਰਿਆ ਦੇ ਕਿਨਾਰੇ ਵਸਿਆ ਹੋਇਆ ਸੀ।ਦਰਿਆ ਇੱਥੇ ਆ ਕੇ ਚੌੜਾ ਹੋ ਜਾਂਦਾ ਸੀ, ਜਿੱਥੋਂ ਲੋਕੀਂ ਦਰਿਆ ਪਾਰ ਕਰ ਸਕਦੇ ਸਨ।ਇਸ ਲਈ ਇਸ ਜਗ੍ਹਾ ਨੂੰ ਖੁੱਲ੍ਹਾ ਜਾਂ ਚੌੜਾ ਪੱਤਣ (broad ford) ਕਹਿੰਦੇ ਸਨ।ਇਨ੍ਹਾਂ ਦੋਨੋਂ ਲਫ਼ਜ਼ਾਂ ਦੀ ਜੋੜ ਤੋੜ ਤੋਂ ਹੀ ਸ਼ਹਿਰ ਦਾ ਨਾਂ ਬਰੱਡਫਰਡ (Bradford) ਬਣਿਆ ਸੀ।ਹੁਣ ਦਰਿਆ ਨੂੰ ਛੱਤਿਆ ਹੋਣ ਕਰਕੇ ਪਤਾ ਨਹੀਂ ਲਗਦਾ ਸੀ ਕਿ ਇਥੇ ਥੱਲੇ ਦੀ ਦਰਿਆ ਵੀ ਵਹਿੰਦਾ ਹੈ।ਮਿੱਲਾਂ ਵਾਲੇ ਦਰਿਆ ਦਾ ਪਾਣੀ ਸੂਤ ਅਤੇ ਉੱਨ ਨੂੰ ਧੋਣ ਲਈ ਵਰਤਦੇ ਸਨ।ਮਿੱਲਾਂ ਵਿਚ ਕੰਮ ਕਰਨ ਲਈ ਆਵਾਸੀ ਮਜ਼ਦੂਰ ਸ਼ਹਿਰ ਵਿਚ ਆ ਵਸੇ ਸਨ।ਇਨ੍ਹਾਂ ਮਜ਼ਦੂਰਾਂ ਵਿਚ ਪੰਜਾਬ ਤੋਂ ਆਏ ਸਿੱਖ ਵੀ ਸਨ।ਪਹਿਲਾਂ ਪਹਿਲਾਂ ਕੰਮ, ਘਰ ਅਤੇ ਪੱਬ ਹੀ ਉਨ੍ਹਾਂ ਦੀ ਜ਼ਿੰਦਗੀ ਸੀ।ਬਾਅਦ ਵਿਚ ਉਨ੍ਹਾਂ ਨੂੰ ਮਿਲਣ ਗਿਲਣ ਦੀ ਥਾਂ ਦੀ ਘਾਟ ਮਹਿਸੂਸ ਹੋਣ ਲੱਗੀ।ਪੂੰਜੀਵਾਦ ਸਮਾਜ ਵਿਚ ਲੋਕੀਂ ਮਿਲਣ ਗਿਲਣ ਲਈ ਕਮਿਊਨਿਟੀ ਸੈਂਟਰ (community centre) ਜਾਂ ਕਾਮਿਆ ਦੀ ਕਲੱਬ (workingmen's club) ਬਣਾਉਦੇ ਹਨ ਪਰ ਜਗੀਰਦਾਰੀ ਸਮਾਜ ਵਿਚ ਧਾਰਮਕ ਸਥਾਨ ਹੀ ਮਿਲਣ ਗਿਲਣ ਦੀ ਘਾਟ ਪੂਰੀ ਕਰਦਾ ਹੈ।ਇਸ ਲਈ ਪੰਜਾਬੀ ਸਿੱਖਾਂ ਨੇ ਇਕ ਘਰ ਖਰੀਦ ਕੇ ਗੁਰਦਵਾਰਾ ਬਣਾ ਲਿਆ।ਅਕਸਰ ਜਿਵੇਂ ਹੁੰਦਾ ਹੈ ਗੁਰਦਵਾਰੇ ਵਿਚ ਦੋ ਧੜੇ ਬਣ ਗਏ, ਇਕ ਜੱਟਾਂ ਦਾ ਅਤੇ ਦੂਜਾ ਦੁਕਾਨਦਾਰਾਂ ਦਾ।ਦੂਜੇ ਧੜੇ ਵਿਚ ਇਕ ਪੜ੍ਹਿਆ ਲਿਖਿਆ ਸਿੱਖ ਰਣਬੀਰ ਸਿੰਘ ਵੀ ਸੀ।ਬਰਤਾਨੀਆ ਦੀ ਸਰਕਾਰ ਨੇ ਜਦ ਮੰਗੇਤਰ ਮੰਗਵਾਉਣ ਦੀ ਇਜਾਜ਼ਤ ਦੇ ਦਿੱਤੀ, ਤਾਂ ਆਵਾਸੀ ਧੜਾ ਧੜ ਪੰਜਾਬ ਤੋਂ ਆਉਣ ਲਗੇ।ਭਾਵੇਂ ਬਰਤਾਨੀਆ ਦੀ ਸਰਕਾਰ ਆਵਾਸੀਆਂ ਦੇ ਧਾਰਮਕ ਵਿਆਹਾਂ ਨੂੰ ਮਾਨਤਾ ਨਹੀਂ ਦਿੰਦੀ ਸੀ ਪਰ ਫਿਰ ਵੀ ਆਵਾਸੀ ਆਪਣੇ ਧਾਰਮਕ ਵਿਆਹ ਨੂੰ ਹੀ ਸਹੀ ਵਿਆਹ ਮੰਨਦੇ ਸਨ।ਕਾਨੂੰਨ ਲਈ ਉਹ ਰਜਿਸਟਰ ਵਿਆਹ ਕਰਾਉਂਦੇ ਅਤੇ ਆਪਣੇ ਸਮਾਜ ਲਈ ਧਾਰਮਕ ਵਿਆਹ। ਸ਼ੁਰੂ ਵਿਚ ਸ਼ਾਦੀ ਦੀ ਰਸਮ ਸਮੇਂ ਚਾਰ ਕੁ ਬੰਦੇ ਹੁੰਦੇ ਸਨ, ਬਾਅਦ ਵਿਚ ਪੰਜਾਬ ਦੀ ਤਰ੍ਹਾਂ ਜਨੇਤਾਂ ਵੀ ਆਉਣ ਲੱਗ ਪਈਆਂ।ਜਨੇਤਾਂ ਨੂੰ ਸਾਂਭਣ ਲਈ ਗੁਰਦਵਾਰਾ ਛੋਟਾ ਸੀ, ਇਸ ਲਈ ਕਮੇਟੀ ਨੇ ਲੋਕਾਂ ਤੋਂ ਪੈਸਾ ਇਕੱਠਾ ਕਰਕੇ ਵੱਡਾ ਗੁਰਦਵਾਰਾ ਬਣਾ ਲਿਆ।

ਦੂਜੇ ਧੜੇ ਨੇ ਵੀ ਇਕ ਵੱਡੀ ਬਿਲਡਿੰਗ ਖਰੀਦ ਕੇ ਵੱਖਰਾ ਗੁਰਦਵਾਰਾ ਬਣਾ ਲਿਆ।ਇਸ ਬਿਲਡਿੰਗ ਦੇ ਨਾਲ ਇਕ ਵੱਖਰਾ ਹਾਲ ਵੀ ਸੀ ਜੋ ਜਨੇਤ ਲਈ ਖਾਣ ਪੀਣ ਲਈ ਵਰਤਿਆ ਜਾਣ ਲੱਗਾ।ਆਵਾਸੀਆਂ ਦੀ ਗਿਣਤੀ ਵਧਣ ਕਰਕੇ ਦੋਨੋਂ ਗੁਰਦਵਾਰੇ ਬਹੁਤ ਮਸਰੂਫ ਰਹਿਣ ਲਗੇ।ਐਤਵਾਰ ਨੂੰ ਫੰਕਸ਼ਨ ਕਰਾਉਣ ਲਈ ਅਡਵਾਨਸ ਬੁਕਿੰਗ ਕਰਾਉਣੀ ਪੈਂਦੀ।ਲੰਗਰ ਵਿਚ ਭਾਂਤ ਭਾਂਤ ਦੇ ਖਾਣੇ ਤਾਂ ਪੰਜਾਬ ਦੇ ਖਾਣਿਆਂ ਨੂੰ ਵੀ ਮਾਤ ਪਾਉਂਦੇ।ਹਰ ਐਤਵਾਰ ਨੂੰ ਲੰਗਰ ਦਾ ਬਚ ਜਾਣਾ ਕਮੇਟੀਆਂ ਲਈ ਸਿਰ ਦਰਦੀ ਬਣ ਗਿਆ। ਰਾਮ ਸਿੰਘ, ਜੋ ਬੱਸਾਂ ਦੇ ਸ਼ੈਡ ਵਿਚ ਕੰਮ ਕਰਦਾ ਸੀ, ਨੇ ਕਮੇਟੀ ਮੈਂਬਰਾਂ ਨੂੰ ਸੁਝਾਅ ਦਿਤਾ ਕਿ ਬਚੇ ਹੋਏ ਲੰਗਰ ਨੂੰ ਸ਼ਹਿਰ ਦੇ ਗਰੀਬ ਲੋਕਾਂ, ਜਿਨ੍ਹਾਂ ਦਾ ਕੋਈ ਘਰ ਬਾਰ ਨਹੀਂ, ਉਨ੍ਹਾਂ ਵਿਚ ਵੰਡਿਆ ਜਾਵੇ।ਕਮੇਟੀ ਮੈਂਬਰਾਂ ਨੇ ਸੁਝਾਅ ਨੂੰ ਸਵੀਕਾਰ ਕਰ ਲਿਆ।ਰਾਮ ਸਿੰਘ ਬਚਿਆ ਹੋਇਆ ਲੰਗਰ ਹਰ ਐਤਵਾਰ ਨੂੰ ਸ਼ਹਿਰ ਦੇ ਗਰੀਬ ਲੋਕਾਂ ਵਿਚ ਵੰਡਣ ਲੱਗਾ। ਲੋਕਲ ਅਖਬਾਰ ਨੇ ਰਾਮ ਸਿੰਘ ਦੇ ਕੰਮ ਦੀ ਬਹੁਤ ਸ਼ਲਾਘਾ ਕੀਤੀ। ਇਕ ਦਿਨ ਜਦ ਰਾਮ ਸਿੰਘ ਲੰਗਰ ਵਰਤਾ ਹਟਿਆ, ਤਾਂ ਇਕ ਨਵੇਂ ਆਏ ਅੰਗਰੇਜ਼ ਜਿਹਦਾ ਨਾਮ 'ਜੌਨ' ਸੀ, ਨੇ ਲੰਗਰ ਦੀ ਬਹੁੱਤ ਸਿਫਤ ਕੀਤੀ ਅਤੇ ਪੁੱਛਿਆ ਕਿ ਬਾਕੀ ਦੇ ਦਿਨਾਂ ਵਿਚ ਇਹ ਖਾਣਾਂ ਨਹੀਂ ਮਿਲ ਸਕਦਾ। ਰਾਮ ਸਿੰਘ ਨੇ ਨਵੇਂ ਬਣੇ ਗੁਰਦਵਾਰੇ ਦਾ ਪਤਾ ਦੱਸ ਦਿਤਾ ਅਤੇ ਇਹ ਵੀ ਕਿਹਾ ਕਿ ਉਥੇ ਅਕਸਰ ਹਰ ਰੋਜ਼ ਹੀ ਲੰਗਰ ਚਲਦਾ ਹੈ।

ਇਕ ਦਿਨ ਜੌਨ ਲੋਕਾਂ ਤੋਂ ਪੁੱਛ ਪੁੱਛਾ ਕੇ ਨਵੇਂ ਬਣੇ ਗੁਰਦਵਾਰੇ ਆ ਕੇ ਲੰਗਰ ਦੀ ਕਤਾਰ ਵਿਚ ਜਾ ਬੈਠਾ।ਸਤਨਾਮ ਸਿੰਘ, ਜੋ ਲੰਗਰ ਦਾ ਵਰਤਾਵਾ ਸੀ, ਜੌਨ ਨੂੰ ਦੇਖ ਕੇ ਕਹਿਣ ਲੱਗਾ ਇਹ ਬਾਂਦਰ ਕਿਥੋਂ ਆ ਗਿਆ? ਇਹਨੂੰ ਇਹ ਵੀ ਨਹੀਂ ਪਤਾ ਕਿ ਇਥੇ ਸਿਰ ਢੱਕ ਕੇ ਲੰਗਰ ਮਿਲਦਾ ਹੈ। ਸਾਰੇ ਲੋਕੀਂ ਹੱਸ ਪਏ। ਨਾਲ ਬੈਠੇ ਅਮਰੀਕ ਨੇ ਉੱਠ ਕੇ ਰਿਮਾਲਾ ਲੈ ਆਂਦਾ ਅਤੇ ਜੌਨ ਨੂੰ ਸਿਰ ਢੱਕਣ ਲਈ ਦੇ ਦਿਤਾ।ਜੌਨ ਹੁਣ ਤਕਰੀਬਨ ਹਰ ਰੋਜ਼ ਲੰਗਰ ਖਾਣ ਆਉਣ ਲੱਗ ਪਿਆ।ਜੌਨ ਬਾਬਤ ਗੁਰਦਵਾਰੇ ਦੇ ਭਾਈ ਅਤੇ ਕਮੇਟੀ ਨੂੰ ਵੀ ਪਤਾ ਚੱਲ ਗਿਆ।ਪ੍ਰਧਾਨ, ਸਕੱਤਰ ਅਤੇ ਭਾਈ ਨੇ ਸੋਚਿਆ ਕਿ ਜੇ ਜੌਨ

ਸਿੱਖ ਬਣ ਜਾਵੇ, ਤਾਂ ਇਕ ਤਾਂ ਗੁਰਦਵਾਰਾ ਮਸ਼ਹੂਰ ਹੋਵੇਗਾ ਅਤੇ ਦੂਜਾ ਸਿੱਖਾਂ ਦੇ ਨਿਆਣਿਆਂ ਵਿਚ ਪੱਛਮੀ ਸਭਿਅਤਾ ਦੇ ਵਧਦੇ ਪਰਭਾਵ ਨੂੰ ਰੋਕਣ ਵਿਚ ਮੱਦਦ ਮਿਲੇਗੀ।ਉਨ੍ਹਾਂ ਨੇ ਸਲਾਹ ਕਰਕੇ ਰਣਬੀਰ ਸਿੰਘ ਨੂੰ ਜੌਨ ਨਾਲ ਗੱਲ ਕਰਨ ਲਈ ਆਖਿਆ।

ਰਣਬੀਰ ਸਿੰਘ ਇਕ ਦਿਨ ਜੌਨ ਨੂੰ ਮਿਲਿਆ।ਜਾਣ ਪਹਿਚਾਣ ਤੋਂ ਬਾਅਦ ਉਸ ਨੇ ਜੌਨ ਨੂੰ ਪੁੱਛਿਆ ਕਿ ਕੀ ਉਹ ਸਿੱਖ ਬਨਣਾ ਪਸੰਦ ਕਰੇਗਾ।ਜੌਨ ਨੇ ਸਾਰਾ ਨਫਾ ਨੁਕਸਾਨ ਸੋਚ ਕੇ ਸਿੱਖ ਬਨਣਾ ਮੰਨ ਲਿਆ।ਰਣਬੀਰ ਵੀ ਮੰਨ ਗਿਆ ਸੀ ਕਿ ਜੌਨ ਨੂੰ ਕੱਪੜੇ ਗੁਰਦਵਾਰਾ ਲੈ ਕੇ ਦੇਵੇਗਾ ਅਤੇ ਪੱਗ ਵੀ ਬੰਨ੍ਹੀ ਬਣਾਈ ਮਿਲਿਆ ਕਰੇਗੀ।ਵਿਸਾਖੀ ਵਾਲੇ ਦਿਨ ਜੌਨ ਨੂੰ ਸਹਿਜਧਾਰੀ ਸਿਖ ਬਣਾ ਕੇ ਅੰਮ੍ਰਿਤ ਛਕਾ ਦਿੱਤਾ।ਰਣਬੀਰ ਦੇ ਇਹ ਪੁੱਛਣ ਤੇ ਕਿ ਜੌਨ ਕੁੱਛ ਕਹਿਣਾ ਚਾਹੁੰਦਾ ਹੈ, ਜੌਨ ਨੇ ਆਖਿਆ ਕਿ ਇੱਥੇ ਉਸ ਨੂੰ ਰੱਬ ਦਿਸਦਾ ਹੈ।ਸੰਗਤ ਨੇ ਤਾੜੀਆਂ ਲਾ ਦਿਤੀਆ।ਭਾਈ ਨੇ ਆਪਣੇ ਭਾਸ਼ਣ ਵਿਚ ਸਿੱਖ ਧਰਮ ਦੀ ਮਹਾਨਤਾ ਦੇ ਪੁੱਲ ਬਣ ਦਿੱਤੇ।ਜੌਨ ਹੁਣ ਜਾਨੀ ਸਿੰਘ ਬਣ ਗਿਆ ਸੀ।ਸੰਗਤ ਜਾਨੀ ਸਿੰਘ ਦੀਆਂ ਤਾਰੀਫਾਂ ਕਰਦੀ ਨਹੀਂ ਥਕਦੀ ਸੀ।ਔਰਤਾਂ ਤਾਂ ਉਸ ਨੂੰ ਦੇਖ ਦੇਖ ਕੇ ਖੁਸ਼ ਹੁੰਦੀਆ ਕਿ ਉਹ ਸਿੱਖ ਬਣ ਕੇ ਕਿੰਨ੍ਹਾਂ ਸਜਦਾ ਹੈ।

ਹੌਲੀ ਹੌਲੀ ਜਾਨੀ ਸਿੰਘ ਪਾਰਟੀਆਂ ਦੀ ਜਾਨ ਬਣ ਗਿਆ।ਜਿਸ ਪਾਰਟੀ ਵਿਚ ਜਾਨੀ ਸਿੰਘ ਨਹੀਂ ਹੁੰਦਾਂ ਸੀ, ਉਹ ਪਾਰਟੀ ਨਹੀਂ ਸਜਦੀ ਸੀ।ਸਾਰਾ ਸ਼ਹਿਰ ਤਾਂ ਕੀ ਲਾਗਲੇ ਸ਼ਹਿਰਾਂ ਵਿਚ ਵੀ ਜਾਨੀ ਸਿੰਘ ਦੀਆਂ ਗੱਲਾਂ ਹੋਣ ਲੱਗੀਆਂ।ਕਈ ਲੋਕੀਂ ਤਾਂ ਸਿਰਫ ਜਾਨੀ ਸਿੰਘ ਨੂੰ ਹੀ ਦੇਖਣ ਲਈ ਗੁਰਦਵਾਰੇ ਆਉਂਦੇ। ਔਰਤਾਂ ਦੀ ਇਕ ਢਾਣੀ ਵਿਚ ਬੈਠੀ ਬੰਤੀ ਤਾਈ ਨੇ ਕਿਹਾ ਕਿ ਜੇਕਰ ਮੈਨੂੰ ਇਦਾਂ ਦਾ ਆਦਮੀ ਮਿਲ ਜਾਂਦਾ, ਮੈਂ ਤਾਂ ਪੈਰ ਧੋ ਧੋ ਪੀਂਦੀ। ਕੋਲ ਬੈਠੀ ਬੰਸੋ ਬੋਲੀ ਤਾਈ ਨੂੰ ਬੁੱਢੀ ਉਮਰ ਵਿਚ ਇਸ਼ਕ ਹੋ ਗਿਆ। ਸਾਰੀਆਂ ਔਰਤਾਂ ਹੱਸ ਪਈਆਂ। ਬੰਤੀ ਤਾਈ ਨੇ ਜਵਾਬ ਦਿੱਤਾ ਮੈਨੂੰ ਇਸ਼ਕ ਕੁੜੇ ਕੀ ਹੋਣਾ, ਤੇਰਾ ਤਾਇਆ ਤਾਂ ਅਜੇ ਵੀ ਮੈਨੂੰ ਦੂਜੇ ਆਦਮੀ ਵੱਲ ਅੱਖ ਪੱਟ ਕੇ ਨਹੀਂ ਦੇਖਣ ਦਿੰਦਾ।ਮੈਂ ਸੋਚਦੀ ਆ ਉਹ ਲੰਬੜਾ ਦੀ ਕੁੜੀ ਬਾਬਤ, ਜਿਹਦਾ ਛੱਡ ਛਡਾਈਆ ਹੋਇਆ ਆ, ਉਸ ਨਾਲ ਵਿਆਹ ਕਰਾ ਦੇਈਏ, ਨਹੀਂ ਤਾਂ ਉਸ ਨਾਲ ਆਪਣੇ ਕਿਸੇ ਬੰਦੇ ਨੇ ਤਾਂ ਵਿਆਹ ਨਹੀਂ ਕਰਾਉਣਾ।ਮਰ ਜਾਨੀ ਵਲੈਤ ਨੇ ਤਾਂ ਆਪਣੇ ਬੰਦਿਆ ਦੇ ਨੱਕ ਅਸਮਾਨ ਨਾਲ ਦਿੱਤੇ ਆ।ਕੁੜੀ ਕਿੰਨ੍ਹੀ ਸੋਹਣੀ ਆ, ਹੱਥ ਲਾਇਆ ਮੈਲੀ ਹੁੰਦੀ ਆ।ਫਿਰ ਬਿਚਾਰੀ ਦੀ ਉਮਰ ਈ ਕੀ ਆ।ਮੈਨੂੰ ਦਾਦੇ ਮਗਾਣੀ ਗਰੇਜ਼ੀ ਨਹੀਂ ਆਉਂਦੀ। ਮਿੰਦੋ ਬੋਲੀ ਜੇ ਉਹ ਮੈਨੂੰ ਕਿਤੇ 'ਕੱਲੀ ਨੂੰ ਮਿਲ ਗਿਆ, ਮੈਂ ਗੱਲ ਕਰੂੰ।

ਵਿਆਹ ਸ਼ਾਦੀ ਦੀਆਂ ਪਾਰਟੀਆਂ ਵਿਚ ਜਾਨੀ ਸਿੰਘ ਦੀ ਬਹੁਤ ਮੌਜ ਲਗਦੀ।ਹਰ ਕੋਈ ਜਾਨੀ ਸਿੰਘ ਨਾਲ 'ਪਿਗ' ਸਾਂਝੀ ਕਰਨਾ ਚਾਹੁੰਦਾ।ਜਾਨੀ ਸਿੰਘ ਨੇ ਕੁੱਛ ਪੰਜਾਬੀ ਦੇ ਲਫਜ਼ ਵੀ ਸਿੱਖ ਲਏ ਸਨ।ਜਦ ਉਹ ਪੰਜਾਬੀ ਬੋਲਦਾ, ਪੰਜਾਬੀ ਬਹੁੱਤ ਖੁਸ਼ ਹੁੰਦੇ।ਇਸ ਤਰ੍ਹਾਂ ਲੱਗਦਾ ਕਿ ਜਾਨੀ ਸਿੰਘ ਪੰਜਾਬੀਆਂ ਦੇ ਮਨਾਂ 'ਤੇ ਰਾਜ ਕਰਦਾ ਹੈ।ਜਾਨੀ ਸਿੰਘ ਉਨ੍ਹਾਂ ਲਈ ਅੰਗਰੇਜ਼ ਘੱਟ ਸੀ, ਪੰਜਾਬੀ ਜ਼ਿਆਦਾ ਸੀ।ਜਾਨੀ ਸਿੰਘ ਦੀ ਲੋਕ ਪਰੀਅਤਾ ਇਸੇ ਤਰ੍ਹਾਂ ਛੇ ਸੱਤ ਮਹੀਨੇ ਬਣੀ ਰਹੀ।ਫਿਰ ਅਚਾਨਕ ਜਾਨੀ ਸਿੰਘ ਗਾਇਬ ਹੋ ਗਿਆ।ਪਹਿਲਾਂ ਪਹਿਲਾਂ ਲੋਕਾਂ ਨੂੰ ਫਿਕਰ ਲੱਗਾ ਰਿਹਾ ਕਿ ਜਾਨੀ ਸਿੰਘ ਠੀਕ ਵੀ ਹੈ ਕਿਉਂਕਿ ਉਹ ਇਸ ਤਰ੍ਹਾਂ ਕਦੇ ਗੁੰਮ ਨਹੀਂ ਹੋਇਆ ਸੀ।ਫਿਰ ਜਾਨੀ ਸਿੰਘ ਬਾਬਤ ਵੱਖਰੀਆਂ ਵੱਖਰੀਆਂ ਅਫਵਾਹਾਂ ਫੈਲਣ ਲੱਗ ਪਈਆਂ।ਅਫਵਾਹਾਂ ਗੁਰਦਵਾਰੇ ਦੀ ਪਰਬੰਧਕ ਕਮੇਟੀ ਕੋਲ ਵੀ ਪਹੁੰਚ ਗਈਆਂ।ਸਕੱਤਰ, ਪ੍ਰਧਾਨ ਅਤੇ ਭਾਈ ਨੇ ਰਣਬੀਰ ਸਿੰਘ ਨੂੰ ਆਖਿਆ ਕਿ ਉਹ ਜਾਨੀ ਸਿੰਘ ਬਾਬਤ ਸੱਚ ਕੀ ਹੈ ਦਾ ਪਤਾ ਕਰੇ।

ਰਣਬੀਰ ਸਿੰਘ ਲੋਕਾਂ ਦੇ ਦੱਸੇ ਮੁਤਾਬਕ ਉਸ ਪੱਬ ਵਿਚ ਪਹੁੰਚ ਗਿਆ ਜਿਥੇ ਲੋਕਾਂ ਨੇ ਜਾਨੀ ਸਿੰਘ ਨੂੰ ਦੇਖਿਆ ਸੀ।ਜਾਨੀ ਸਿੰਘ ਹੁਣ ਮੁੜ ਕੇ ਜੌਨ ਬਣ ਗਿਆ ਸੀ।ਪੱਗ ਦਾੜ੍ਹੀ ਗਾਇਬ ਸੀ।ਅਮਰਿੰਦਰ ਨੇ ਜੌਨ ਨੂੰ ਪੁੱਛਿਆ ਕਿ ਇਹ ਕਿਸ ਤਰ੍ਹਾਂ ਹੋਇਆ।ਜੌਨ ਨੇ ਕਾਰਖਾਨੇ ਵੱਲ ਹੱਥ ਕਰਕੇ ਕਿਹਾ ਹੁਣ ਮੈਨੂੰ ਰੱਬ ਇਥੇ ਮਿਲ ਗਿਆ ਅਤੇ ਇਹ ਰੱਬ ਮੇਰੇ 'ਤੇ ਕੋਈ ਪਬੰਦੀ ਨਹੀਂ ਲਾਉਂਦਾ।ਰਣਬੀਰ ਨੇ ਹੈਰਾਨੀ ਨਾਲ ਕਿਹਾ ਕਾਰਖਾਨੇ ਵਿਚ ਰੱਬ ? ਜੌਨ ਨੇ ਕਿਹਾ ਮੇਰੇ ਲਈ ਰੱਬ ਉਥੇ ਹੈ ਜਿਥੇ ਮੈਨੂੰ ਖਾਣ ਲਈ ਮਿਲਦਾ ਹੈ।ਜਦ ਮੈਨੂੰ ਗੁਰਦਵਾਰੇ ਵਿਚ ਖਾਣ ਲਈ ਮਿਲਦਾ ਸੀ, ਮੇਰੇ ਲਈ ਰੱਬ ਉਥੇ ਸੀ ਅਤੇ ਹੁਣ ਮੈਂ ਕਾਰਖਾਨੇ ਵਿਚ ਕੰਮ ਕਰਦਾ ਹਾਂ। ਮੈਂ ਤਨਖਾਹ ਨਾਲ ਖਾਣ ਪੀਣ, ਰਹਿਣ ਅਤੇ ਪਹਿਨਣ ਲਈ ਗੁਜਾਰਾ ਚਲਾ ਸਕਦਾ, ਇਸ ਲਈ ਮੇਰਾ ਰੱਬ ਤਾਂ ਇਥੇ ਹੀ ਹੋਇਆ।ਰੱਬ ਇਕ ਯਕੀਨ ਹੀ ਹੈ, ਕਿਸੇ ਨੂੰ ਕਾਸੇ ਵਿਚ ਅਤੇ ਕਿਸੇ ਨੂੰ ਕਾਸੇ ਵਿਚ, ਮੈਨੂੰ ਰੋਟੀ ਦੇਣ ਵਾਲੇ ਵਿਚ ਹੈ। ਰਣਬੀਰ ਨੇ ਕਿਹਾ ਰੱਬ ਤਾਂ ਧਾਰਮਕ ਸਥਾਨਾਂ 'ਤੇ ਹੁੰਦਾ ਹੈ।ਜੌਨ ਨੇ ਕਿਹਾ ਮਿਸਟਰ ਸਿੰਘ, ਜੇ ਰੱਬ ਤੁਹਾਨੂੰ ਖਾਣ ਪੀਣ ਲਈ ਪੰਜਾਬ ਵਿਚ ਦਿੰਦਾ ਜਿੱਥੇ ਤੁਹਾਡੇ ਬਹੁਤ ਧਾਰਮਕ ਸਥਾਨ ਹਨ, ਤਾਂ ਤੁਹਾਨੂੰ ਇੰਗਲੈਂਡ ਵਿਚ ਆਉਣ ਦੀ ਲੋੜ ਨਹੀਂ ਸੀ।ਤੁਸੀਂ ਧਾਰਮਕ ਸਥਾਨ ਇੱਥੇ ਇਸ ਲਈ ਬਣਾਏ ਹਨ ਕਿ ਤੁਹਾਨੂੰ ਉਦਯੋਗ ਖਾਣ ਪੀਣ ਲਈ ਦਿੰਦਾ ਹੈ।ਇਸ ਲਈ ਅਸਲੀ ਰੱਬ ਤਾਂ ਉਦਯੋਗ ਹੋਇਆ।ਤੁਸੀਂ ਆਪੇ ਤਾਂ ਕਹਿੰਦੇ ਹੋ ਕਿ ਰੱਬ ਹੀ ਬੰਦੇ ਨੂੰ ਖਾਣ ਨੂੰ ਦਿੰਦਾਂ ਹੈ।ਮੈਂ ਉਸ ਰੱਬ ਨੂੰ ਮੰਨਦਾ ਹਾਂ ਜੋ ਸਾਹਮਣੇ ਦਿਸਦਾ ਹੈ ਅਤੇ ਤੁਸੀਂ ਉਸ ਰੱਬ ਨੂੰ ਮੰਨਦੇ ਹੋ ਜੋ ਤੁਸੀਂ ਕਦੇ ਦੇਖਿਆ ਹੀ ਨਹੀਂ। ਰਣਬੀਰ ਸੋਚਾਂ ਵਿਚ ਪੈ ਗਿਆ ਅਤੇ ਉਸ ਨੇ ਜੌਨ ਤੋਂ ਵਿਦਾ ਲੈ ਲਈ।

ਰਣਬੀਰ ਨੇ ਜੌਨ ਨਾਲ ਸਾਰੀ ਗੱਲਬਾਤ ਦਾ ਵੇਰਵਾ ਸਕੱਤਰ, ਪ੍ਰਧਾਨ ਅਤੇ ਭਾਈ ਨੂੰ ਦੱਸਿਆ।ਸੁਣ ਕੇ ਭਾਈ ਨੇ ਕਿਹਾ ਉਹ ਅਕਿਰਤਘਣ ਹੈ।ਇਸ ਦੁਸ਼ਟ ਨੂੰ ਵਾਹਿਗੁਰੂ ਜ਼ਰੂਰ ਸਜ਼ਾ ਦੇਵੇਗਾ। ਰਣਬੀਰ ਭਾਵੇਂ ਭਾਈ ਦੇ ਖਰ੍ਹਵਾਂ ਬੋਲਾਂ ਨਾਲ ਸਹਿਮਤ ਨਹੀਂ ਸੀ ਪਰ ਉਹ ਫਿਰ ਵੀ ਖਮੋਸ਼ ਹੀ ਰਿਹਾ ਸੀ ਕਿਉਂਕਿ ਪ੍ਰਧਾਨ ਅਤੇ ਸਕੱਤਰ ਵੀ ਭਾਈ ਨਾਲ ਸਹਿਮਤ ਸਨ।

## ਵਿਗਿਆਨ ਜੋਤ ਲਈ ਆਈ ਸਹਾਇਤਾ

1. ਵਿਛੜੇ ਸਾਥੀ ਕੁਲਦੀਪ ਆਜ਼ਾਦ ਮਾਹਮਦਪੁਰ ਦੇ ਪਿਤਾ ਗੁਰਮੇਲ ਸਿੰਘ ਜੀ ਨੇ ਵੀ 500/- ਰੁਪਏ ਵਿਗਿਆਨ ਜੋਤ ਲਈ ਭੇਜੇ ਹਨ ਅਦਾਰਾ ਪਰਿਵਾਰ ਦਾ ਧੰਨਵਾਦ ਕਰਦਾ ਹੈ।

## ਵਿਗਿਆਨ ਜੋਤ ਲਈ ਸਹਾਇਤਾ



ਤਰਕਸ਼ੀਲ ਸੁਸਾਇਟੀ ਦੇ ਆਗੂ ਸੁਖਚੈਨ ਥਾਂਦੇਵਾਲ ਅਤੇ ਉਨ੍ਹਾਂ ਦੀ ਪਤਨੀ ਸੁਖਜਿੰਦਰ ਕੌਰ ਜੀ ਵੱਲੋਂ ਆਪਣੇ ਸਪੁੱਤਰ ਹਰਬਲਜੋਤ ਵੀਰ ਥਾਂਦੇਵਾਲ ਦੇ ਪੰਜਵੇ ਜਨਮ ਦਿਨ (ਜਨਮ ਮਿਤੀ 25.9.2009) ਦੇ ਮੌਕੇ 'ਤੇ ਅਦਾਰਾ "ਵਿਗਿਆਨ ਜੋਤ" ਨੂੰ 1000/- ਰੁਪਏ ਸਹਾਇਤਾ ਦੇ ਰੂਪ ਵਿੱਚ ਭੇਜੇ ਗਏ। ਅਦਾਰਾ ਇੰਨ੍ਹਾਂ ਦਾ ਧੰਨਵਾਦੀ ਹੈ।

# ਮੈਡੀਕਲ ਸਾਇੰਸਜ਼

ਸੁਖਮੰਦਰ ਸਿੰਘ ਤੂਰ

*** ਦਿਮਾਗ ਦੀ ਸਮਰੱਥਾ ਨੂੰ ਵੀ ਘਟਾਉਂਦਾ ਹੈ ਮੋਟਾਪਾ**

ਇਸ ਵਿੱਚ ਕੋਈ ਦੋ ਰਾਵਾਂ ਨਹੀ ਹਨ ਕਿ ਮੋਟਾਪਾ ਸਭ ਰੋਗਾਂ ਦੀ ਜੜ੍ਹ ਹੈ। ਮੋਟਾਪੇ ਨੂੰ ਲੈ ਕੇ ਹੁਣ ਤੱਕ ਜਿੰਨੇ ਵੀ ਅਧਿਐਨ ਹੋਏ ਹਨ, ਉਹ ਸਭ ਸਰੀਰਕ ਸਵਾਸਥ ਨੂੰ ਹੀ ਆਧਾਰ ਬਣਾ ਕੇ ਹੋਏ ਹਨ, ਪਰ ਇੱਕ ਤਾਜ਼ਾਤਰੀਨ ਅਧਿਐਨ ਵਿੱਚ ਮੋਟਾਪੇ ਨਾਲ ਮਨੁੱਖ ਦੇ ਮਾਨਸਿਕ ਸਵਾਸਥ ਉੱਪਰ ਵੀ ਪ੍ਰਭਾਵ ਪੈਣ ਦੀ ਗੱਲ ਕਹੀ ਗਈ ਹੈ।



ਯੂਨੀਵਰਸਿਟੀ ਆਫ ਦੋਰਾਂਟੋ ਦੇ ਇੱਕ ਅਧਿਐਨ ਤੋ ਪਤਾ ਚੱਲਿਆ ਹੈ ਕਿ 'ਓਵਰ ਵੇਟ' ਹੋਣ ਨਾਲ ਦਿਮਾਗ ਦੀ ਸਮਰੱਥਾ ਘੱਟ ਸਕਦੀ ਹੈ। ਇਸ ਤੋਂ ਇਲਾਵਾ ਖੋਜਕਰਤਿਆਂ ਮੁਤਾਬਕ ਮੋਟੇ ਯਾਨੀ 'ਓਵਰ ਵੇਟ' ਲੋਕਾਂ ਨੂੰ ਰੋਜ਼ਮਰ੍ਹਾ ਜ਼ਿੰਦਗੀ ਦੀਆਂ ਸਮੱਸਿਆਵਾਂ ਦਾ ਮੁਕਾਬਲਾ ਕਰਨ, ਉਨ੍ਹਾਂ ਨੂੰ ਹੱਲ ਕਰਨ ਵਿੱਚ ਵੀ ਵਧੇਰੇ ਦਿੱਕਤਾਂ ਪੇਸ਼ ਆਉਂਦੀਆਂ ਵੇਖੀਆਂ ਜਾਂ ਸਕਦੀਆਂ ਹਨ। ਇਸ ਦੀ ਵਜ੍ਹਾਂ ਜਾਂ ਤਾਂ ਪਹਿਲਾਂ ਤੋਂ ਹੀ ਮੌਜੂਦ ਡਿਪ੍ਰੈਸ਼ਨ ਜਾਂ ਫਿਰ ਉਨ੍ਹਾਂ ਦਾ ਦਿਨ-ਬ-ਦਿਨ ਵਧਦਾ ਜਾ ਰਿਹਾ ਵਜ਼ਨ ਹੋ ਸਕਦਾ ਹੈ, ਕਿਉਂਕਿ ਮੋਟਾਪਾ ਵੀ ਮਨ ਉੱਤੇ ਡਿਪ੍ਰੈਸ਼ਨ ਵਰਗਾ ਹੀ ਅਸਰ ਪਾਉਂਦਾ ਹੈ। ਲਿਹਾਜ਼ਾਂ ਸਰੀਰ ਨੂੰ ਪਤਲਾ ਰੱਖਣ ਲਈ ਅਤੇ ਦਿਮਾਗ ਦੀ ਕਾਰਜਸ਼ੀਲਤਾ ਨੂੰ ਬਰਕਰਾਰ ਰੱਖਣ ਲਈ ਰੋਜ਼ਾਨਾ ਘੱਟੋ-ਘੱਟ 20 ਮਿੰਟ ਤੱਕ ਕਸਰਤ ਕਰਨਾ ਜ਼ਰੂਰੀ ਹੈ। ਇਹ ਕਹਿਣਾ ਹੈ ਉਪਰੋਕਤ ਅਧਿਐਨ ਦੇ ਲੇਖਕ ਅਤੇ 'ਡਾਕਟੋਰਲ ਕੈਂਡੀਡੇਟ' ਡਾ. ਕੋਸਤਾਸ ਤਰਾਕਾਸ ਦਾ।

*** ਦਿਮਾਗ 'ਚ ਨਵੀਆਂ ਕੋਸਿਕਾਵਾਂ ਰਾਹੀਂ ਵਾਪਸ ਆ ਸਕਦੀ ਹੈ ਯਾਦ ਸ਼ਕਤੀ**

ਦਿਮਾਗ 'ਚ ਨਵੀਆਂ ਕੋਸਿਕਾਵਾਂ ਰਾਹੀ ਅਲਜ਼ਾਈਮਰ ਦੇ ਮਰੀਜ਼ ਦੀ ਭੁੱਲੀ ਹੋਈ ਯਾਦਸ਼ਕਤੀ ਵਾਪਸ ਲਿਆਉਣ 'ਚ ਮਦਦ ਮਿਲ ਸਕਦੀ ਹੈ। ਖੋਜਕਾਰਾਂ ਨੇ ਹਾਲ ਹੀ 'ਚ ਇਹ ਖੋਜ ਕਰਕੇ ਦਾਅਵਾ ਕੀਤਾ ਹੈ। ਯੂਨੀਵਰਸਿਟੀ ਆਫ ਕੈਲੀਫੋਰਨੀਆਂ ਤੇ ਗਲੇਡਸਟੋਨ ਇੰਸਟੀਚਿਊਟਸ ਦੇ ਖੋਜਕਾਰਾਂ ਨੂੰ ਪ੍ਰਯੋਗਸ਼ਾਲਾ 'ਚ ਇੱਕ ਬੁੱਢੇ ਚੂਹੇ 'ਤੇ ਖੋਜ ਦੌਰਾਨ ਦਿਮਾਗ ਦੀ ਗਤੀਵਿਧੀ ਤੇ ਬੁੱਧੀ ਦੇ ਪੱਧਰ ਨੂੰ ਨਾਰਮਲ ਪੱਧਰ 'ਤੇ ਲਿਆਉਣ 'ਚ ਸਫ਼ਲਤਾ ਮਿਲੀ ਹੈ।

ਖੋਜਕਾਰਾਂ ਅਨੁਸਾਰ ਏਪੋ-ਈ 4 ਜੀਨ ਨਾਲ ਗਵਾਚੀਆਂ ਹੋਈਆਂ ਕੋਸ਼ਿਆਵਾਂ ਦੀ ਥਾਂ 'ਤੇ ਨਵੀਆਂ ਕੋਸ਼ਿਕਾਵਾਂ ਬਦਲਣ ਨਾਲ ਦਿਮਾਗ ਦੀਆਂ ਗਤੀਵਿਧੀਆਂ ਨੂੰ ਨਿਯਮਤ ਕਰਕੇ ਅਤੇ ਸਿੱਖਣ ਤੇ ਯਾਦ ਰੱਖਣ ਦੀ ਸਮਰੱਥਾ ਨੂੰ ਵਧਾਉਣ 'ਚ ਮੱਦਦ ਮਿਲਦੀ ਹੈ। ਖੋਜ ਪੱਤਰ ਦੇ ਮੁੱਖ ਲੇਖਕ ਲੇਸਲੀ ਟਾਂਗ ਨੇ ਆਖਿਆ ਹੈ ਕਿ ਇਹ ਪਹਿਲੀ ਵਾਰ ਹੈ ਕਿ ਅਲਜ਼ਾਈਮਰ ਦੇ ਬਜ਼ੁਰਗ ਮਰੀਜ਼ਾਂ 'ਚ ਨਾੜੀ-ਤੰਤਰ ਨੂੰ ਬਦਲਿਆ ਗਿਆ ਹੈ। ਉਨ੍ਹਾਂ ਕਿਹਾ ਹੈ ਕਿ ਬੁੱਢੇ ਜਾਨਵਰਾਂ 'ਤੇ ਪ੍ਰਯੋਗ ਕਰਨਾ ਤਕਨੀਕੀ ਤੌਰ 'ਤੇ ਕਾਫੀ ਚਣੌਤੀ ਵਾਲਾ ਹੋ ਸਕਦਾ ਹੈ ਤੇ ਇਹ ਅਸਲ 'ਚ ਹੈਰਾਨ ਕਰ ਦੇਣ ਵਾਲਾ ਤਜ਼ਰਬਾ ਸੀ ਕਿ ਨਵੀਆਂ ਕੋਸ਼ਿਕਾਵਾਂ ਨਾ ਸਿਰਫ਼ ਜ਼ਿੰਦਾਂ ਰਹੀਆਂ, ਬਲਕਿ ਉਨ੍ਹਾਂ ਦੇ ਦਿਮਾਗ ਦੀਆਂ ਗਤੀਵਿਧੀਆਂ ਅਤੇ ਵਿਵਹਾਰ 'ਤੇ ਵੀ ਅਸਰ ਕੀਤਾ।

*** ਮਨੁੱਖੀ ਡੀ ਐਨ ਏ ਦਾ ਸਿਰਫ 8 ਫੀਸਦੀ ਹਿੱਸਾ ਹੀ ਕਿਰਿਆਸ਼ੀਲ ਹੁੰਦਾ ਹੈ**

ਆਕਸਰੋਡ ਦੇ ਖੋਜਕਾਰਾਂ ਨੇ ਇੱਕ ਖੋਜ ਦੌਰਾਨ ਪਤਾ ਲਗਾਇਆ ਹੈ ਕਿ ਮਨੁੱਖ ਦੇ ਡੀ. ਐਨ. ਏ. 'ਚ ਸਿਰਫ਼ 8.2 ਫੀਸਦੀ ਹਿਸਾ ਹੀ ਕਿਰਿਆਸ਼ੀਲ ਹੁੰਦਾ ਹੈ। ਪਹਿਲਾਂ ਦੇ ਅੰਕੜਿਆਂ 'ਚ ਦੱਸਿਆ ਗਿਆ ਸੀ ਕਿ ਇਸ ਦਾ 80 ਫੀਸਦੀ ਹਿੱਸਾ ਕਿਰਿਆਸ਼ੀਲ ਹੁੰਦਾ ਹੈ। ਖੋਜੀਆਂ ਨੇ ਦੱਸਿਆ ਹੈ ਕਿ ਜੀਨੋਮ ਦਾ ਬਚਿਆ ਹੋਇਆ ਇਹ ਵਿਕਾਸ਼ਸ਼ੀਲ ਹਿੱਸਾ ਹੁੰਦਾ ਹੈ, ਜੋ ਡੀ ਐਨ ਦੇ ਕੋਡ ਦੇ ਬਣਨ ਟੁੱਟਣ 'ਚ ਕੰਮ ਆਉਂਦਾ ਹੈ, ਇਸ ਨੂੰ ਜੰਕ ਡੀ. ਐਨ. ਏ ਆਖਿਆ ਜਾਂਦਾ ਹੈ। ਆਪਣੇ ਅਕੰੜਿਆਂ ਨੂੰ ਸਾਬਤ ਕਰਨ ਲਈ ਆਕਸਫੋਰਡ ਦੀ ਟੀਮ ਨੇ ਇਹ ਜਾਂਚ ਕੀਤੀ ਕਿ ਦੁੱਧ ਧਾਰੀਆਂ ਦੇ ਸੈਂਕੜੇ ਲੱਖਾਂ ਸਾਲ ਦੇ ਵਿਕਾਸ ਦੌਰਾਨ ਅਜਿਹੇ ਕਿੰਨੇ ਡੀ ਐਨ ਏ ਜਿੰਨ੍ਹਾ ਨੇ ਬਦਲਾਅ ਸਵੀਕਾਰ ਨਹੀਂ ਕੀਤਾ। ਇਸਦਾ ਮਤਲਬ ਇਹ ਹੈ ਕਿ ਅਜਿਹੇ ਡੀ. ਐਨ. ਏ. ਮਹੱਤਵਪੂਰਨ ਹਨ ਤੇ ਇਨ੍ਹਾਂ ਦੀ ਭੂਮਿਕਾ ਜ਼ਰੂਰ ਹੋਵੇਗੀ। ਆਕਸਫੋਰਡ ਯੂਨੀਵਰਸਿਟੀ ਦੇ ਜੀਨੋਮਿਕਸ ਦੇ ਪ੍ਰੋਫੈਸਰ ਡਾ. ਕ੍ਰਿਸ ਪੋਈਟਿੰਗ ਮੁਤਾਬਕ ਸਾਨੂੰ ਨਹੀ ਲਗਦਾ ਕਿ ਸਾਡੇ ਅੰਕੜੇ ਪੁਰਾਣੇ ਅੰਕੜਿਆਂ ਤੋਂ ਬਹੁਤ ਜ਼ਿਆਦਾ ਵੱਖ ਹਨ। 2012 'ਚ ਵਿਗਿਆਨੀਆਂ ਨੇ ਸਿੱਧ ਕੀਤਾ ਸੀ ਕਿ ਡੀ ਐਨ ਏ ਦਾ 80 ਫੀਸਦੀ ਹਿੱਸਾ ਕਿਰਿਆਸ਼ੀਲ ਹੁੰਦਾ ਹੈ। ਉਨ੍ਹਾਂ ਕਿਹਾ ਕਿ ਹੁਣ ਸਾਨੂੰ ਇਹ ਪਤਾ ਹੋਵੇਗਾ ਕਿ ਨਵੇਂ ਅੰਕੜਿਆਂ ਅਨੁਸਾਰ 8 ਫੀਸਦੀ ਹਿਸਾ ਕਿਹੋ ਜਿਹੇ ਬਦਲਾਅ ਲਈ ਜ਼ਿੰਮੇਵਾਰ ਹੈ। ਇਸ ਦਾ ਪਤਾ ਕਰਕੇ ਅਸੀ ਬਿਮਾਰੀਆਂ 'ਚ ਪਿਤਾ-ਪੁਰਖੀ ਭੂਮਿਕਾ ਦੀ ਵਿਆਖਿਆ ਵੀ ਕਰ ਸਕਾਂਗੇ।



*** ਸ਼ੱਕਰ ਰੋਗ ਦਾ ਇਲਾਜ ਸਟੈੱਮ ਸੈੱਲ ਟਰਾਂਸਪਲਾਂਟ ਨਾਲ ਸੰਭਵ**

ਸਟੈੱਮਸੈੱਲ ਟਰਾਂਸਪਲਾਂਟ ਨਾਲ ਛੇਤੀ ਹੀ ਸ਼ੱਕਰ ਰੋਗ (ਟਾਈਪ-1) ਦਾ ਇਲਾਜ ਸੰਭਵ ਹੋ ਸਕੇਗਾ ਕਿਉਂਕਿ ਖੋਜ਼ਕਾਰੀਆਂ ਨੇ ਸਟੈੱਮ ਸੈੱਲ ਨੂੰ ਇਨਪੁਲੀਨ ਬਣਾਉਣ ਵਾਲੇ ਸੈੱਲ ਵਿੱਚ ਛੇਤੀ ਤਬਦੀਲ ਕਰਨ ਦਾ ਰਾਹ ਲੱਭ ਲਿਆ ਹੈ। ਕੈਨੇਡਾ ਦੀ ਯੂਨੀਵਰਸਿਟੀ ਆਫ਼ ਬ੍ਰਿਟਿਸ਼ ਕੋਲੰਬੀਆ ਦੇ ਪ੍ਰੋਫੈਸਰ ਡਾ. ਟਿਮੋਥੀ ਕਾਇਫਿਰ ਜੋ ਇਸ ਖੋਜ ਦੀ ਅਗਵਾਈ ਕਰ ਰਹੇ ਹਨ, ਨੇ ਦੱਸਿਆ ਹੈ ਕਿ ਉਹ ਸ਼ੱਕਰ ਰੋਗ (ਟਾਈਪ-1) ਦੇ ਰੋਗੀਆਂ ਦੇ ਇਲਾਜ ਲਈ ਇਨਸੁਲੀਨ ਬਣਾਉਣ ਵਾਲੇ ਸੈਲਾਂ ਦੀ ਵਾਧੂ ਸਪਲਾਈ ਦੇ ਇੱਕ ਕਦਮ ਨੇੜੇ ਪੁੱਜ ਗਏ ਹਨ।

*** ਵੱਧ ਪ੍ਰੋਟੀਨ ਵਾਲਾ ਭੋਜਨ ਹਾਈ ਬਲੱਡ ਪ੍ਰੈਸ਼ਰ ਦੇ ਖਤਰੇ ਨੂੰ ਘਟਾਉਂਦਾ ਹੈ**

ਖਾਣੇ ਵਿੱਚ ਪ੍ਰੋਟੀਨ ਦੀ ਮਾਤਰਾ ਵਧਾਉਣ ਨਾਲ ਬਲੱਡ ਪੈਸ਼ਰ ਵਧਣ ਦਾ ਖਤਰਾ ਘੱਟ ਜਾਂਦਾ ਹੈ। ਬੋਸਟਨ ਯੂਨੀਵਰਸਿਟੀ ਆਫ਼ ਐਡੀਸਨ ਦੇ ਖੋਜਕਾਰਾਂ ਵੱਲੋ ਕੀਤੇ ਗਏ ਅਧਿਐਨ ਅਨੁਸਾਰ ਵੱਧ ਪ੍ਰੋਟੀਨ (ਔਸਤਨ 100 ਗ੍ਰਾਮ ਪ੍ਰਤੀ ਦਿਨ) ਵਾਲੇ ਭੋਜਨ ਦਾ ਸੇਵਨ ਕਰਨ ਵਾਲਿਆਂ ਨੂੰ ਬਲੱਡ ਪ੍ਰੈਸ਼ਰ ਵਧਣ ਦਾ ਖਤਰਾ 40 ਫੀਸਦੀ ਘੱਟ ਹੁੰਦਾ ਹੈ। ਇਹ ਅਧਿਐਨ ਮੋਟੇ ਅਤੇ ਠੀਕ ਵਜ਼ਨ ਵਾਲੇ ਲੋਕਾਂ ਦੀਆਂ ਚਾਰ ਸ਼ਾਲਾਂ ਦੀਆਂ ਖਾਣ-ਪੀਣ ਦੀਆਂ ਆਦਤਾਂ 'ਤੇ ਆਧਾਰ ਕੀਤਾ ਗਿਆ ਹੈ।

*** ਪੰਜਾਹ ਸਾਲ ਤੋ ਵੱਧ ਦੀਆਂ ਔਰਤਾਂ ਲਈ ਕਸਰਤ ਫਾਇਦੇਮੰਦ**

ਪੰਜਾਹ ਸਾਲ ਤੋ ਵੱਧ ਦੀ ਉਮਰ ਦੀਆਂ ਔਰਤਾਂ ਲਈ ਨਿਯਮਤ ਰੂਪ ਨਾਲ ਕੀਤੀ ਕਸਰਤ ਵਰਦਾਨ ਸਾਬਤ ਹੋ ਸਕਦੀ ਹੈ। ਹਾਲੀਆਂ ਖੋਜ਼ ਮੁਤਾਬਕ, ਨਿਯਮਤ ਕਸਰਤ ਨਾਲ ਉਮਦਰਾਜ਼ ਔਰਤਾਂ ਲੰਮੇ ਸਮੇਂ ਤੱਕ ਜੀਵਤ ਰਹਿ ਸਕਦੀਆਂ ਹਨ। ਮਾਨਸਿਕ ਤੇ ਸਰੀਰਕ ਸਿਹਤ ਲਈ ਰਵਾਇਤੀ ਇਲਾਜ ਤੋ ਇਲਾਵਾ ਉਮਦਰਾਜ਼ ਔਰਤਾਂ ਨੂੰ ਮੱਧ ਤੀਬਰਤਾ ਵਾਲੀ ਕਸਰਤ ਕਰਨੀ ਚਾਹੀਦੀ ਹੈ।

ਕੁਈਸਲੈਂਡ ਯੂਨੀਵਰਸਿਟੀ ਦੇ ਪ੍ਰਮੁੱਖ ਡਾ. ਡੇਕਰਾ ਐਂਡਰਸਨ ਨੇ ਕਿਹਾ ਹੈ ਕਿ ਸਮਝਿਆ ਜਾਂਦਾ ਰਿਹਾ ਹੈ ਦਿਨ 'ਚ 30 ਮਿੰਟ ਦੀ ਕਸਰਤ ਸਿਹਤਮੰਦ ਸਰੀਰ ਲਈ ਕਾਫੀ ਹੈ। ਹੁਣ ਅਸੀ ਕਹਿੰਦੇ ਹਾਂ ਕਿ ਉਮਰਦਰਾਜ਼ ਦੀਆਂ ਔਰਤਾਂ ਨੂੰ ਇੱਕ ਹਫਤੇ 'ਚ ਪੰਜ ਦਿਨ ਘੱਟੋ-ਘੱਟ 30 ਤੋਂ 40 ਮਿੰਟ ਤੱਕ ਦੀ ਕਸਰਤ ਕਰਨੀ ਚਾਹੀਦੀ ਹੈ। ਵਧਦੀ ਉਮਰ 'ਚ ਉੱਚ ਤੀਬਰਤਾ ਵਾਲੀ ਕਸਰਤ ਜ਼ਿੰਦਗੀ ਨੂੰ ਵਧਾ ਸਕਦੀ ਹੈ। ਇਹ ਖੋਜ ਇੰਟਰਨੈਸ਼ਨਲ ਜਨਰਲ ਆਫ ਮੈਚਿਊਰਿਟਸ ਦੇ ਤਾਜ਼ਾ ਅੰਕ ਵਿੱਚ ਛਪੀ ਹੈ।

*** ਮੋਬਾਈਲ ਫੋਨ ਦੀਆਂ ਕਿਰਨਾਂ ਬਦਲ ਦਿੰਦੀਆਂ ਹਨ ਮਨੁੱਖੀ ਸੈੱਲਾਂ ਦਾ ਆਕਾਰ**

ਫਿਨਲੈਂਡ ਦੇ ਖੋਜ਼ਕਾਰਾਂ ਨੇ ਦਾਅਵਾ ਕੀਤਾ ਹੈ ਕਿ ਮੋਬਾਈਲ ਫੋਨ ਦੀਆਂ ਕਿਰਨਾਂ ਮਨੁੱਖੀ ਸੈੱਲਾਂ 'ਤੇ ਅਸਰ ਪਾਉਂਦੀਆਂ ਹਨ। ਫਿਨਲੈਂਡ ਦੇ ਵਿਗਿਆਨੀ ਡਾ. ਦਰਿਯੂਸ ਲੇਸਜੇਕ ਲਿਸਕੀ ਨੇ ਕਿਹਾ ਕਿ ਉਨ੍ਹਾਂ ਵੇਖਿਆ ਕਿ ਮੋਬਾਇਲ ਫੋਨ ਦੀਆਂ ਕਿਰਨਾਂ ਦੇ ਸੰਪਰਕ 'ਚ ਆਉਣ ਨਾਲ ਮਨੁੱਖੀ ਸੈੱਲਾਂ ਦਾ ਆਕਾਰ ਬਦਲ ਜਾਂਦਾ ਹੈ। ਉਨ੍ਹਾਂ ਨਾਲ ਹੀ ਇਹ ਵੀ ਆਖਿਆ ਹੈ ਕਿ ਅਜੇ ਇਹ ਤੈਅ ਨਹੀ ਹੋ ਸਕਿਆ ਕਿ ਇਹ ਨੁਕਸਾਨਦੇਹ ਹੈ ਜਾਂ ਨਹੀ, ਕਿਉਂਕਿ ਖੋਜ ਲਈ ਦਿੱਤੀ ਜਾਣ ਵਾਲੀ ਰਕਮ ਰੋਕ ਦਿੱਤੀ ਹੈ। ਵਿਗਿਆਨਕ ਸਲਾਹਕਾਰ ਬੋਰਡ ਦੇ ਉਦਯੋਗ ਦੇ ਹਿੱਸੇਦਾਰ ਮੈਂਬਰ ਹੁੰਦੇ ਹਨ। ਉਦਯੋਗ ਨੂੰ ਕੋਈ ਖੋਜ ਪਸੰਦ ਨਹੀ ਆਉਂਦੀ ਤਾਂ ਉਹ ਪੈਸੇ 'ਤੇ ਰੋਕ ਲਗਾਅ ਦਿੰਦਾ ਹੈ।

***... ਤੇ ਅੰਤ ਵਿੱਚ:** ਵਿਗਿਆਨੀਆਂ ਨੇ ਮਨੁੱਖੀ ਅੱਖ ਦੀ ਤਰਜ਼ 'ਤੇ ਇੱਕ ਬਣਾਉਟੀ ਰੇਟੀਨਾ ਤਿਆਰ ਕੀਤਾ ਹੈ। ਇਹ ਇੱਕ ਅਜਿਹਾ ਪ੍ਰੋਸੈਸਰ ਹੈ ਜੋ ਸੂਖਮ ਕਣਾਂ ਦੇ ਟਕਰਾਅ ਨੂੰ ਹੁਣ ਦੇ ਮੁਕਾਬਲੇ 400 ਗੁਣਾਂ ਤੇਜ਼ ਗਤੀ ਨਾਲ ਵਿਸ਼ਲੇਸ਼ਣ ਕਰ ਸਕਦਾ ਹੈ। ਇੰਨ੍ਹਾਂ ਟਕਰਾਵਾਂ 'ਚ ਪ੍ਰੋਟੀਨ ਪ੍ਰਕਾਸ਼ ਦੀ ਗਤੀ ਨਾਲ ਇੱਕ-ਦੂਸਰੇ ਨਾਲ ਟਕਰਾਉਂਦੇ ਹਨ। ਇਹ ਸ਼ਕਤੀਸ਼ਾਲੀ ਟਕਰਾਅ ਨਵੇਂ ਕਣਾਂ ਨੂੰ ਜਨਮ ਦਿੰਦੇ ਹਨ, ਜਿਸ ਨਾਲ ਵਿਗਿਆਨੀਆਂ ਨੂੰ ਪਦਾਰਥ ਤੇ ਐਂਟੀਮੀਟਰ ਦੀ ਪ੍ਰਵਿਰਤੀ ਨੂੰ ਸਮਝਣ 'ਚ ਮਦਦ ਮਿਲਦੀ ਹੈ। ਤਕਨੀਕੀ ਪੱਧਰ 'ਤੇ ਇਸਤੇਮਾਲ ਕੀਤੇ ਗਏ ਇਸ ਪ੍ਰੋਸੈਸਰ ਦੀ ਮੱਦਦ ਨਾਲ ਵੇਖਿਆ ਗਿਆ ਹੈ ਕਿ ਟਕਰਾਅ ਤੋਂ ਪੈਦਾ ਹੋਣ ਵਾਲੇ ਪ੍ਰਭਾਵਾਂ ਨੂੰ ਇਹ ਤੇਜ਼ ਗਤੀ ਨਾਲ ਫੜ੍ਹਦਾ ਹੈ।

# ਚੁਣੌਤੀ

1. ਜਿਹੜੇ ਵਿਅਕਤੀ ਇਹ ਕਹਿੰਦੇ ਹਨ ਕਿ ਉਹਨਾਂ ਦੇ ਧਾਰਮਿਕ ਗ੍ਰੰਥਾਂ ਵਿੱਚ ਸਾਰੀ ਸਾਇੰਸ ਪਹਿਲਾਂ ਹੀ ਦਰਜ ਹੈ। ਉਹ ਪੰਜ ਸੌ ਵਰ੍ਹੇ ਪੁਰਾਣਾ ਕੋਈ ਵੀ ਗ੍ਰੰਥ ਲੈ ਆਉਣ ਜਿਸ ਵਿੱਚ ਇਹ ਦਰਸਾਇਆ ਗਿਆ ਹੋਵੇ ਕਿ ਪਾਣੀ, ਹਾਈਡਰੋਜਨ ਅਤੇ ਆਕਸੀਜਨ ਦਾ ਯੋਗਿਕ ਹੈ ਅਤੇ ਹਾਈਡਰੋਜਨ ਦੇ ਦੋ ਭਾਗ ਅਤੇ ਆਕਸੀਜਨ ਦੇ ਇੱਕ ਭਾਗ ਮਿਲਾਉਣ ਨਾਲ ਬਣਦਾ ਹੈ।

2. ਜਿਹੜੇ ਵਿਅਕਤੀ ਇਹ ਦਾਅਵਾ ਕਰਦੇ ਹਨ ਕਿ ਪੁਰਾਣਿਆਂ ਸਮਿਆਂ ਵਿੱਚ ਵਿਗਿਆਨ ਅੱਜ ਦੇ ਵਿਗਿਆਨ ਨਾਲੋਂ ਅੱਗੇ ਸੀ। ਉਹਨਾਂ ਵਿਅਕਤੀਆਂ ਲਈ ਮੈਂ ਚੁਣੌਤੀ ਦਿੰਦਾ ਹਾਂ ਕਿ ਹਜ਼ਾਰ ਵਰ੍ਹੇ ਪਹਿਲਾਂ ਦਾ ਬਣਿਆ ਹੋਇਆ ਕੈਮਰਾ, ਮੋਬਾਇਲ ਜਾਂ ਕਾਰ ਦਾ ਇੰਜਣ ਵਿਖਾ ਦੇਣ ਤਾਂ ਉਹਨਾਂ ਨੂੰ ਇਨਾਮ ਦੇ ਦਿੱਤਾ ਜਾਵੇਗਾ।

3. ਜਿਹੜੇ ਵਿਅਕਤੀ ਇਹ ਦਾਅਵਾ ਕਰਦੇ ਹਨ ਕਿ ਪ੍ਰਾਚੀਨ ਯੁੱਗ ਦੇ ਵੈਦਾਂ, ਹਕੀਮਾਂ ਕੋਲ ਅੱਜ ਦੇ ਯੁੱਗ ਨਾਲੋਂ ਵਧੀਆ ਨੁਖਸੇ ਸਨ ਤਾਂ ਉਹ ਕਿਸੇ ਕਬਰਸਤਾਨ ਵਿੱਚੋਂ ਅਜਿਹੇ ਮਨੁੱਖ ਦੀਆਂ ਹੱਡੀਆਂ ਲੱਭ ਕੇ ਅੱਜ ਦੇ ਯੁੱਗ ਦੀਆਂ ਲੈਬਾਂ ਤੋਂ ਟੈਸਟ ਕਰਵਾ ਕੇ ਸਿੱਧ ਕਰ ਦੇਣ ਕਿ ਉਸ ਸਮੇਂ ਮਨੁੱਖ ਪੰਜ ਸੌ ਵਰ੍ਹੇ ਜਿਉਂਦੇ ਸਨ।

4. ਜਿਹੜੇ ਵਿਅਕਤੀ ਇਹ ਦਾਅਵਾ ਕਰਦੇ ਹਨ ਕਿ ਪਹਾੜਾਂ ਵਿੱਚ ਅਜਿਹੇ ਰਿਸ਼ੀ ਮੁਨੀ ਹੁੰਦੇ ਹਨ ਜਿਹਨਾਂ ਦੀ ਉਮਰ ਪੰਜ ਸੌ ਵਰ੍ਹੇ ਤੋਂ ਉੱਪਰ ਹੁੰਦੀ ਹੈ। ਉਹ ਇੱਕ ਵੀ ਰਿਸ਼ੀ ਮੁਨੀ ਨੂੰ ਲੈ ਆਉਣ ਜਿਸਦੀ ਉਮਰ 200 ਸੌ ਸਾਲ ਤੋਂ ਵਧੇਰੇ ਹੋਵੇ।

5. ਜਿਹੜੇ ਵਿਅਕਤੀ ਇਹ ਦਾਅਵਾ ਕਰਦੇ ਹਨ ਕਿ ਪ੍ਰਾਚੀਨ ਯੁੱਗ ਵਿੱਚ ਗਿੱਠਮੁਠੀਏ ਧਰਤੀ 'ਤੇ ਮੌਜੂਦ ਸਨ। ਜਾਂ ਖੂਹਾਂ ਵਿੱਚੋਂ ਖੁਦਾਈ ਸਮੇਂ ਮਿਲੇ ਸਨ ਜਾਂ ਮਿਲਦੇ ਸਨ। ਉਹ ਅਜਿਹੇ ਦਸ ਮਨੁੱਖੀ ਗਿਠਮੁਠੀਏ ਦੇ ਹੱਡੀਆਂ ਦੇ ਢਾਂਚੇ ਪੇਸ਼ ਕਰ ਦੇਣ।

6. ਜਿਹੜੇ ਵਿਅਕਤੀ ਇਹ ਦਾਅਵਾ ਕਰਦੇ ਹਨ ਕਿ ਪ੍ਰਾਚੀਨ ਯੁੱਗ ਵਿੱਚ ਇਹ ਮਨੁੱਖੀ ਦੈਂਤਾਂ ਦੀ ਹੋਂਦ ਹੁੰਦੀ ਸੀ ਜਿਹਨਾਂ ਦੇ ਕੱਦ ਅੱਜ ਦੇ ਮਨੁੱਖ ਨਾਲੋਂ ਕਈ ਗੁਣਾ ਵੱਡੇ ਹੁੰਦੇ ਸਨ। ਉਹ ਕਿਸੇ ਵੀ ਅਜਿਹੇ ਮਨੁੱਖੀ ਦੈਂਤ ਜਾਂ ਢਾਂਚਾ ਪੇਸ਼ ਕਰ ਦੇਣ ਜਿਸਦਾ ਕੱਦ 20 ਫੁੱਟ ਜਾਂ ਇਸ ਤੋਂ ਵੱਧ ਹੁੰਦਾ ਸੀ।

7. ਜਿਹੜੇ ਵਿਅਕਤੀ ਇਹ ਦਾਅਵਾ ਕਰਦੇ ਹਨ ਕਿ ਧਰਤੀ 'ਤੇ ਬਾਂਦਰਾਂ ਦੀ ਜਾਂ ਮਨੁੱਖਾਂ ਦੀ ਹਵਾ ਵਿੱਚ ਉੱਡਣ ਵਾਲੀ ਨਸਲ ਮੌਜੂਦ ਸੀ। ਉਹ ਦਸ ਅਜਿਹੇ ਹੱਡੀਆਂ ਦੇ ਢਾਂਚੇ ਪੇਸ਼ ਕਰ ਦੇਣ।

8. ਅਜਿਹੇ ਜੀਵ ਦੀ ਨਸਲ ਦੇ ਜਿਉਂਦੇ ਜਾਂ ਮ੍ਰਿਤਕ ਢਾਂਚੇ ਪੇਸ਼ ਕਰ ਸਕਣ ਜਿਹੜੇ ਆਪਣੇ ਸਰੀਰਕ ਢਾਂਚੇ ਨੂੰ ਬਦਲ ਲੈਂਦੇ ਸਨ। ਜਿਵੇਂ ਕੁੱਤੇ ਦਾ ਬਾਂਦਰ ਜਾਂ ਝੋਟੇ ਦਾ ਗਧੇ ਵਿੱਚ ਬਦਲਣਾ।

9. ਅਜਿਹੇ ਸੰਗੀਤਕਾਰ ਜਿਹੜੇ ਆਪਣੇ ਸੰਗੀਤ ਰਾਹੀਂ ਮੋਮਬੱਤੀ ਦੀ ਲਾਟ ਨੂੰ ਆਪਣੇ ਸੰਗੀਤ ਦੀ ਧੁਨ ਰਾਹੀਂ ਦੋ ਇੰਚ ਉੱਚੀ ਕਰਕੇ ਵਿਖਾ ਦੇਣ।

10. ਫਰਾਂਸੀਸੀ ਕਵੀ ਨਾਸਤ੍ਰੇਦਾਮ ਦੀਆਂ ਮੁਢਲੀਆਂ ਤੇ ਅਸਲੀ ਕਵਿਤਾਵਾਂ ਵਿੱਚ ਭਾਰਤ ਦੀ ਪ੍ਰਧਾਨ ਮੰਤਰੀ ਇੰਦਰਾਗਾਂਧੀ ਦਾ ਪੂਰਾ ਨਾਂ ਅਤੇ ਆਹੁਦਾ ।

11. ਪਾਰਸ ਨਾਂ ਦਾ ਅਜਿਹਾ ਪੱਥਰ ਪੇਸ਼ ਕਰ ਦੇਣ ਜਿਸ ਨੂੰ ਜਦੋਂ ਕਿਸੇ ਚੀਜ਼ ਨਾਲ ਸੁਆਹਿਆ ਜਾਂਦਾ ਹੋਵੇ ਉਹ ਸੋਨਾ ਬਣ ਜਾਂਦੀ ਹੋਵੇ।

12. ਸੱਪਾਂ ਦੇ ਮਨੀ ਦੀ ਹੋਂਦ ਨੂੰ ਸਿੱਧ ਕਰ ਦੇਣ।

13. ਅਜਿਹਾ ਜੀਵਤ ਵਿਅਕਤੀ ਪੇਸ਼ ਕਰਨ ਜਿਹੜਾ ਛੇ ਮਹੀਨੇ ਖਾਣੇ ਤੋਂ ਬਗੈਰ ਜਿਉਂਦਾ ਰਹਿ ਸਕਦਾ ਹੋਵੇ।

14. ਅਜਿਹਾ ਵਿਅਕਤੀ ਪੇਸ਼ ਕਰ ਦੇਣ ਜਿਸਨੂੰ ਆਕਾਸ਼ਬਾਣੀ ਹੁੰਦੀ ਹੋਵੇ ਤੇ ਉਹ ਆਉਣ ਵਾਲੇ ਸਮੇਂ ਬਾਰੇ ਭਵਿੱਖਬਾਣੀ ਰਾਹੀਂ ਜੋ ਗੱਲਾਂ ਉਸਨੂੰ ਪੁੱਛੀਏ ਉਹ ਸੱਚ ਦੱਸ ਸਕਦਾ ਹੋਵੇ।

15. ਇਸ ਧਰਤੀ 'ਤੇ ਏਲੀਅਨਜ ਦੀ ਹੋਂਦ ਸਿੱਧ ਕਰੋ ?

**ਕੋਈ ਵੀ ਵਿਅਕਤੀ ਜੋ ਉਪਰੋਕਤ ਸ਼ਰਤਾਂ ਵਿੱਚੋਂ ਇੱਕ ਵੀ ਸਿੱਧ ਕਰ ਸਕਦਾ ਹੋਵੇ ਮੈਂ ਉਸ ਨੂੰ ਪੰਜ ਲੱਖ ਰੁਪਿਆ ਦੇਣ ਲਈ ਬਚਨ ਵੱਧ ਹੋਵਾਂਗਾ। ਇਸ ਚੁਣੌਤੀ ਨੂੰ ਮਨਜ਼ੂਰ ਕਰਨ ਤੋਂ ਪਹਿਲਾਂ ਦਸ ਹਜ਼ਾਰ ਰੁਪੈ ਪੇਸ਼ਗੀ ਜਮਾਨਤ ਦੇ ਤੌਰ 'ਤੇ ਜਮ੍ਹਾਂ ਕਰਵਾਉਣ ਜਰੂਰੀ ਹੋਣਗੇ। ਚੁਣੌਤੀ ਜਿੱਤਣ ਦੀ ਸੂਰਤ ਵਿੱਚ ਇਹ ਰਾਸ਼ੀ ਵਾਪਸ ਕਰ ਦਿੱਤੀ ਜਾਵੇਗੀ।**

**-ਮੇਘ ਰਾਜ ਮਿੱਤਰ**

# ਜਿਉਣ ਦੇ ਤੱਤ



ਡਾ. ਹਰੀਸ਼ ਮਲਹੋਤਰਾ ਬ੍ਰਮਿੰਘਮ
ਮੋਬਾ : 00447763013424

ਵਾਰਿਨ ਬਫਟ (Warren Buffet) ਦੁਨੀਆਂ ਦੇ ਚੋਟੀ ਦੇ ਅਮੀਰ ਆਦਮੀਆਂ ਵਿਚੋਂ ਇਕ ਹੈ। ਵਾਰਿਨ ਨੇ 31 ਬਿਲੀਅਨ ਡਾਲਰ ਚੈਰੀਟੀ ਨੂੰ ਦਾਨ ਕੀਤੇ ਹਨ। ਉਹਨੇ ਆਪਣੀ ਸੀ. ਐਨ. ਬੀ. ਸੀ. ਟੈਲੀਵਿਜ਼ਨ ਤੇ ਇਕ ਘੰਟੇ ਦੀ ਇੰਟਰਵਿਊ ’ਤੇ ਜੋ ਕੁੱਝ ਦੱਸਿਆ ਸਾਡੇ ਸਾਰਿਆਂ ਲਈ ਲਾਹੇਵੰਦ ਤਾਂ ਹੋ ਈ ਸਕਦਾ ਹੈ ਸਗੋਂ ਅਸੀਂ ਆਪਣੇ ਬੱਚਿਆਂ ਨੂੰ ਵੀ ਇਸ ਬਾਰੇ ਅਗਵਾਈ ਦੇ ਸਕਦੇ ਹਾਂ। ਸ਼ਾਇਦ ਇਸੇ ਕਰਕੇ ਕਿਹਾ ਜਾਂਦਾ ਹੈ ਕਿ ਜ਼ਿੰਦਗੀ ਦੀਆਂ ਕੜਵੀਆਂ ਸੱਚਾਈਆਂ ਮਹਾਨ ਪੁਰਸ਼ਾਂ ਦੀਆਂ ਜੀਵਨੀਆਂ ਤੋਂ ਹੀ ਸਿੱਖੀਆਂ ਜਾਂਦੀਆਂ ਹਨ। ਆਉ ਵਾਰਿਨ ਬੱਫਟ ਦੀ ਜ਼ਿੰਦਗੀ ਤੋਂ ਕੁੱਝ ਸਿੱਖੀਏ :



ਵਾਰਿਨ ਬੱਫਟ

* ਵਾਰਿਨ ਅਜੇ ਸਿਰਫ 11 ਵਰ੍ਹਿਆਂ ਦਾ ਹੀ ਸੀ ਜਦੋਂ ਉਹਨੇ ਇਨਵੈਸਮੈਂਟ ਲਈ ਪਹਿਲਾ ਸ਼ੇਅਰ ਖ਼ੀਦਿਆ ਸੀ ਯਾਨੀ ਭਵਿੱਖ ’ਚ ਜ਼ਿਆਦਾ ਪੈਸੇ ਬਣ ਸਕਣ ਉਹਦੇ ਲਈ ਬਹੁਤ ਥੋੜ੍ਹੀ ਪੂੰਜੀ ਲਾਈ ਸੀ। ਉਸ ਵੇਲੇ ਚੀਜ਼ਾ ਬੜੀਆਂ ਸਸਤੀਆਂ ਸਨ ਪਰ ਉਹਦੇ ਤਜ਼ੁਰਬੇ ਤੋਂ ਸਿੱਖਣ ਵਾਲੀ ਗੱਲ ਇਹ ਹੈ ਕਿ ਸਾਨੂੰ ਆਪਣੀ ਔਲਾਦ ਨੂੰ ਠੀਕ ਢੰਗ ਨਾਲ ਪੈਸੇ ਬਚਾਉਣ ਅਤੇ ਉਹਨਾਂ ਨੂੰ ਇਨਵੈਸਟਮੈਂਟ ਕਰਨ ਵਾਲੇ ਛੋਟੀ ਉਮਰ ਤੋਂ ਹੀ ਲਾ ਦੇਣਾ ਚਾਹੀਦਾ ਹੈ।

* ਵਾਰਿਨ ਨੇ 14 ਸਾਲ ਦੀ ਉਮਰ ਵਿਚ ਉਹਨਾਂ ਬਚਾਏ ਹੋਏ ਪੈਸਿਆਂ ਨਾਲ ਇਕ ਫਾਰਮ ਖ਼ੀਦ ਲਿਆ ਜੋ ਉਹਨੇ ਅਖਬਾਰਾਂ ਨੂੰ ਲੋਕਾਂ ਦੇ ਘਰਾਂ ਵਿਚ ਸੁੱਟਣ ਦੇ ਕੰਮ ਤੋਂ ਬਚਾਏ ਸਨ।

ਇਸ ਗੱਲ ਤੋਂ ਸਬਕ ਸਿੱਖਣ ਵਾਲੀ ਗੱਲ ਇਹ ਹੈ ਕਿ ਥੋੜ੍ਹੀ ਜੇਹੀ ਪੂੰਜੀ ਨਾਲ ਹੀ ਬਹੁਤ ਸਾਰੀਆਂ ਚੀਜਾਂ ਖ਼ੀਦੀਆਂ ਜਾ ਸਕਦੀਆਂ ਹਨ ਜੋ ਬਾਅਦ ਵਿਚ ਵੇਚਣ ਤੇ ਕਾਫੀ ਮੁਨਾਫਾ ਦੇ ਸਕਦੀਆਂ ਹਨ। ਇਸ ਤੋਂ ਇਹ ਵੀ ਸਬਕ ਮਿਲਦਾ ਹੈ ਕਿ ਆਪਣੇ ਬੱਚਿਆਂ ਨੂੰ ਕਿਸੇ ਕਿਸਮ ਦਾ ਵਿਉਪਾਰ ਸ਼ੁਰੂ ਕਰਨ ਲਈ ਉਤਸ਼ਾਹਿਤ ਕਰੋ।

* ਵਾਰਿਨ ਅੱਜ ਵੀ ਆਪਣੇ ਛੋਟੇ ਜਿਹੇ ਤਿੰਨ ਸੌਣ ਵਾਲੇ ਕਮਰਿਆਂ ਵਿਚ ਮਿਡ ਟਾਊਨ ਉਮਾਰਾ ਵਿਖੇ ਰਹਿੰਦਾ ਹੈ। ਇਹ ਛੋਟਾ ਜਿਹਾ ਘਰ ਉਹਨੇ ਉਸ ਵੇਲੇ ਲਿਆ ਸੀ ਜਦ 50 ਕੁ ਸਾਲ ਪਹਿਲਾਂ ਉਹਨੇ ਵਿਆਹ ਕਰਾਇਆ ਸੀ। ਵਾਰਿਨ ਦਾ ਕਹਿਣਾ ਹੈ ਕਿ ਉਸ ਘਰ ਵਿਚ ਉਸ ਕੋਲ ਉਹ ਸਭ ਕੁੱਝ ਹੈ ਜੋ ਉਹਨੂੰ ਚਾਹੀਦਾ ਹੈ। ਉਹਦੇ ਘਰ ਦੇ ਆਲੇ ਦੁਆਲੇ ਨਾ ਤਾਂ ਕੋਈ ਚਾਰ ਦੀਵਾਰੀ ਵਾਲੀ ਕੰਧ ਹੀ ਕੀਤੀ ਹੋਈ ਅਤੇ ਨਾ ਹੀ ਉਹਨੂੰ ਕਿਸੇ ਫਿੰਸ ਨਾਲ ਵਗਲਿਆ ਹੋਇਆ ਹੈ।

ਇਸ ਤੋਂ ਇਹ ਸਬਕ ਸਿਖਿਆ ਜਾ ਸਕਦਾ ਹੈ ਕਿ ਜਿਸ ਚੀਜ਼ ਦੀ ਤੁਹਾਨੂੰ ਲੋੜ ਹੋਵੇ, ਸਿਰਫ ਉਹ ਹੀ ਖ਼ੀਦੋ ਅਤੇ ਇਸ ਤੋਂ ਜ਼ਿਆਦਾ ਚੀਜ਼ਾਂ ਬਿਲਕੁਲ ਨਾ ਖ਼ੀਦੋ। ਆਪਣੇ ਬੱਚਿਆਂ ਦੀ ਸੋਚਣੀ ਵੀ ਇਸੇ ਤਰ੍ਹਾਂ ਹੀ ਕਰਨ ਲਈ ਉਤਸ਼ਾਹਿਤ ਕਰੋ।

* ਵਾਰਿਨ ਆਪਣੀ ਕਾਰ ਆਪ ਚਲਾਉਂਦਾ ਹੈ। ਨਾ ਤਾਂ ਉਹਦੇ ਕੋਲ ਕੋਈ ਕਾਰ ਚਲਾਉਣ ਲਈ ਡਰਾਈਵਰ ਹੈ ਅਤੇ ਨਾ ਹੀ ਉਹਨੂੰ ਸੁੱਰਖਿਆ ਦੇਣ ਲਈ ਕੋਈ ਬਾਡੀ ਗਾਰਡ ਜਾਂ ਸਕਿਊਰਿਟੀ ਗਾਰਡ ਹੈ।

ਇਸ ਤੋਂ ਸਿੱਖਣ ਵਾਲੀ ਗੱਲ ਇਹ ਹੈ ਕਿ ਤੁਸੀਂ ਉਹ ਹੀ ਹੋ ਜੁ ਤੁਸੀਂ ਹੋ, ਆਪਣੇ ਹੋਰ ਖੰਭ ਖਿਲਾਰਨ ਦੀ ਲੋੜ ਨਹੀਂ।

* ਵਾਰਿਨ ਕਦੇ ਵੀ ਨਿੱਜੀ ਹਵਾਈ ਜ਼ਹਾਜ਼ ਰਾਹੀਂ ਯਾਤਰਾ ਨਹੀਂ ਕਰਦਾ ਜਦੋਂ ਕਿ ਉਹ ਦੁਨੀਆ ਭਰ ਚੋਂ ਸਭ ਤੋਂ ਵੱਡੀ ਹਵਾਈ ਜ਼ਹਾਜ਼ਾਂ ਦੀ ਕੰਪਨੀ ਦਾ ਮਾਲਿਕ ਹੈ।

ਇਸ ਤੋਂ ਇਹ ਸਿਖਿਆ ਜਾ ਸਕਦਾ ਹੈ ਕਿ ਤੁਸੀਂ ਥੋੜ੍ਹੇ ਪੈਸਿਆਂ ਨਾਲ ਯਾਨੀ ਸੰਕੋਚ ਅਤੇ ਸੰਜਮ ਨਾਲ ਜ਼ਿੰਦਗੀ ਦੀਆਂ ਲੋੜਾਂ ਨੂੰ ਕਿਵੇਂ ਪੂਰਾ ਕਰ ਸਕਦੇ ਹੋ।

* ਵਾਰਿਨ ਦੀ ਕੰਪਨੀ – ਬਰਕਸ਼ਾਇਰ ਹਾਥਅਵੇਅ (Berkshire Hathaway) 63 ਕੰਪਨੀਆਂ ਦਾ ਸਮੂਹ ਹੈ। ਵਾਰਿਨ ਇਹਨਾਂ ਕੰਪਨੀਆਂ ਦੇ ਮੁਖੀਆਂ ਨੂੰ ਸਿਰਫ ਸਾਲ ’ਚ ਇਕ ਚਿੱਠੀ ਲਿਖਦਾ ਹੈ ਅਤੇ ਉਸ ਚਿੱਠੀ ਵਿਚ ਉਸ ਸਾਲ ਦੇ ਟੀਚੇ ਮਿਥੇ ਹੁੰਦੇ ਹਨ। ਵਾਰਿਨ ਨਾ ਤਾਂ ਕਦੇ ਮੀਟਿੰਗਾਂ ਬੁਲਾਉਂਦਾ ਹੈ ਅਤੇ ਨਾ ਹੀ ਉਹਨਾਂ ਨੂੰ ਵਾਰ ਵਾਰ ਫੋਨ ਕਰਦਾ ਹੈ।

ਇਹ ਤੋਂ ਸਿਖਿਆ ਇਹ ਜਾ ਸਕਦਾ ਹੈ ਕਿ ਨੌਕਰੀ ਮੁਤਾਬਕ ਯੋਗ ਲੋਕਾਂ ਦੀ ਨਿਯੁਕਤੀ ਕਰੋ।

* ਵਾਰਿਨ ਨੇ ਕੰਪਨੀਆਂ ਦੇ ਮੁਖੀਆਂ ਨੂੰ ਸਿਰਫ ਦੋ ਸਿਧਾਂਤ ਦਿੱਤੇ ਹਨ

(1) ਕਦੇ ਵੀ ਉਹਨਾਂ ਲੋਕਾਂ ਦਾ ਪੈਸਾ ਘਾਟੇ ਵਿਚ ਨਹੀਂ ਜਾਣਾ ਚਾਹੀਦਾ ਜਿਹਨਾਂ ਨੇ ਉਹ ਪੈਸਾ ਤੁਹਾਡੀ ਕੰਪਨੀ ਵਿਚ ਨਿਵੇਸ਼ ਕੀਤਾ ਹੈ।

(2) ਉਪਰਲਾ ਸਿਧਾਂਤ ਕਦੇ ਵੀ ਨਾ ਭੁਲਾਇਆ ਜਾਵੇ।

ਇਸ ਤੋਂ ਇਹ ਸਬਕ ਸਿੱਖਿਆ ਜਾ ਸਕਦਾ ਹੈ ਕਿ ਜਦ ਟੀਚੇ ਮਿੱਥ ਲਏ ਜਾਣ ਤਾਂ ਫਿਰ ਇਸ ਗੱਲ ਨੂੰ ਯਕੀਨੀ ਬਣਾਇਆ ਜਾਵੇ ਕਿ ਕੰਮ ਕਰਨ ਵਾਲਿਆਂ ਦਾ ਸਾਰਾ ਧਿਆਨ ਬੱਸ ਉਸ ਟੀਚੇ ਨੂੰ ਪ੍ਰਾਪਤ ਕਰਨ ’ਤੇ ਹੀ ਕੇਂਦਰਤ ਰਹੇ।

* ਵਾਰਿਨ ਕਦੇ ਵੀ ਵੱਡੇ ਲੋਕਾਂ ਜਾਂ ਹਾਈ ਸੁਸਾਇਟੀ ਦੀ ਭੀੜ ਨਾਲ ਮਿਲਦਾ ਗਿਲਦਾ ਨਹੀਂ। ਉਹ ਆਪਣੇ ਘਰ ਵਿਚ ਜਾ ਕੇ ਵੀ ਟੀ. ਵੀ. ਦੇਖਦਾ ਹੈ ਅਤੇ ਛੱਲੀਆਂ ਦੇ ਦਾਣੇ ਭੁੰਨਦਾ ਹੈ।

ਇਸ ਤੋਂ ਪਾਠ ਇਹ ਸਿਖਿਆ ਜਾ ਸਕਦਾ ਹੈ ਕਿ ਦਿਖਾਵਾ ਬਿਲਕੁਲ ਨਾ ਕਰੋ ਅਤੇ ਜੋ ਵੀ ਤੁਸੀਂ ਹੋ, ਬਸ ਉਹ ਹੀ ਰਹੋ ਅਤੇ ਉਹ ਕੰਮ ਕਰੋ ਜੋ ਕਰਕੇ ਤੁਸੀਂ ਆਨੰਦ ਮਾਣਦੇ ਹੋ।

* ਵਾਰਿਨ ਕਦੇ ਵੀ ਮੋਬਾਈਲ ਫੋਨ ਨਹੀਂ ਵਰਤਦਾ ਅਤੇ ਨਾ ਹੀ ਉਹਦੇ ਡੈਸਕ ਤੇ ਕੋਈ ਕੰਪਿਊਟਰ ਹੈ।

* ਬਿਲ ਗੇਟਸ ਦੁਨੀਆਂ ਦਾ ਚੋਟੀ ਦਾ ਅਮੀਰ ਆਦਮੀ ਉਹਨੂੰ ਸਿਰਫ ਪੰਜ ਸਾਲ ਪਹਿਲਾਂ ਮਿਲਿਆ ਸੀ। ਉਹਨੂੰ ਲਗਦਾ ਸੀ ਕਿ ਵਾਰਿਨ ਬੱਫਟ ਨਾਲ ਉਹਦੀ ਮੀਜ਼ਾਜ ਨਹੀਂ ਮਿਲਦੀ ਅਤੇ ਇਸੇ ਕਰਕੇ ਉਹਨੇ ਸਿਰਫ ਅੱਧੇ ਘੰਟੇ ਲਈ ਆਪਣੀ ਮੀਟਿੰਗ ਨਿਸ਼ਚਤ ਕੀਤੀ ਸੀ।

ਪਰ ਜਦ ਬਿਲ ਗੇਟਸ ਉਹਨੂੰ ਮਿਲਿਆ ਤਾਂ ਉਹ ਵਾਰਿਨ ਕੋਲ 10 ਘੰਟੇ ਬੈਠਾ ਰਿਹਾ ਅਤੇ ਉਸ ਤੋਂ ਉਹਦਾ ਪੱਕਾ ਮੁਰੀਦ ਬਣ ਗਿਆ।

ਵਾਰਿਨ ਬੱਫੇਟ ਦੀ ਨੌਜਵਾਨਾਂ ਨੂੰ ਨਸੀਹਤ ਹੈ :

* ਬੈਂਕ ਕਰਜਿਆਂ ਅਤੇ ਕਰੈਡਿਟ ਕਾਰਡਾਂ ਤੋਂ ਦੂਰ ਰਹੋ ਅਤੇ ਆਪਣੇ ਆਪ ਨੂੰ ਮਜ਼ਬੂਤ ਕਰਨ 'ਚ ਸਮਾਂ ਗੁਜ਼ਾਰੋ ਕਿਉਂਕਿ :

* ਧਨ ਦੌਲਤ ਨੇ ਇਨਸਾਨ ਨੂੰ ਨਹੀਂ ਪੈਦਾ ਕੀਤਾ ਸਗੋਂ ਇਹ ਇਨਸਾਨ ਹੀ ਹੈ ਜਿਹਨੇ ਧਨ ਦੌਲਤ ਨੂੰ ਪੈਦਾ ਕੀਤਾ ਹੈ।

* ਜਿੰਦਗੀ ਨੂੰ ਜਿੰਨਾ ਸਾਦਾ ਜੀਵਿਆ ਜਾ ਸਕਦਾ ਹੈ, ਸਾਦਾ ਬਣਾਇਆ ਜਾਵੇ।

* ਲੋਕਾਂ ਨੂੰ ਸੁਣੋਂ ਜ਼ਰੂਰ ਪਰ ਉਹ ਨਾ ਕਰੋ ਜੋ ਉਹ ਕਹਿੰਦੇ ਹਨ ਸਗੋਂ ਕਰੋ ਉਹ ਹੀ ਜੋ ਤੁਹਾਨੂੰ ਚੰਗਾ ਲਗਦਾ ਹੈ।

* ਵੱਡੇ ਵੱਡੇ ਨਾਵਾਂ ਵਾਲੀਆਂ ਚੀਜ਼ਾ ਨੂੰ ਹਾਸਲ ਕਰਨ ਵੱਲ ਦੌੜ ਨਾ ਲਗਾਓ, ਸਗੋਂ ਉਹ ਹੀ ਕੱਪੜੇ, ਜੁੱਤੇ ਅਤੇ ਚੀਜ਼ਾ ਪਹਿਨੋ ਜਿਹਨਾਂ ਵਿਚ ਤੁਸੀਂ ਆਰਾਮਦਾਇਕ ਮਹਿਸੂਸ ਕਰਦੇ ਹੋ।

* ਫਜ਼ੂਲ ਚੀਜ਼ਾਂ ਤੇ ਆਪਣਾ ਧਨ ਬਿਲਕੁਲ ਨਾ ਬਰਬਾਦ ਕਰੋ ਸਗੋਂ ਉਹਨਾਂ ਚੀਜ਼ਾਂ ਤੇ ਪੈਸਾ ਖਰਚੋ ਜੋ ਚੀਜ਼ਾਂ ਤੁਹਾਡੇ ਲਈ ਜ਼ਰੂਰੀ ਹਨ।

* ਦੇਖਿਆ ਜਾਵੇ ਤਾਂ ਗੱਲ ਹੈ ਵੀ ਠੀਕ ਕਿ ਇਹ ਜਿੰਦਗੀ ਤੁਹਾਡੀ ਹੈ, ਫਿਰ ਇਹਦਾ ਕੋਈ ਹੋਰ ਚਾਲਕ ਕਿਉਂ ਬਣੇ ਅਤੇ ਤੁਸੀਂ ਕਿਸੇ ਨੂੰ ਇਹਦਾ ਮੌਕਾ ਵੀ ਕਿਉਂ ਦੇਵੋ।

* ਦੁਨੀਆ ਦੇ ਖੁਸ਼ ਰਹਿਣ ਵਾਲੇ ਲੋਕਾਂ ਕੋਲ ਭਾਵੇਂ ਬਹੁਤ ਚੀਜ਼ਾਂ ਨਾ ਹੋਣ ਪਰ ਉਹ ਉਹਨਾਂ ਚੀਜਾਂ ਨਾਲ ਸਬਰ ਸੰਤੋਖ ਕਰ ਲੈਂਦੇ ਹਨ ਜੋ ਉਹਨਾਂ ਕੋਲ ਹੁੰਦੀਆਂ ਹਨ।

ਹੁਣ ਕੁੱਝ ਗੱਲਾਂ ਮੈਂ ਜ਼ੋਰਜ਼ ਵਾਸ਼ਿਗਟਨ ਜੋ ਕਿ ਅਮਰੀਕਾ ਦਾ ਪਹਿਲਾ ਪ੍ਰਧਾਨ ਸੀ, ਦੀਆਂ ਵੀ ਸਾਂਝੀਆਂ ਕਰਨਾ ਚਾਹੁੰਦਾ। ਜ਼ੋਰਜ਼ ਵਾਸ਼ਿਗਟਨ ਦੀ ਜੀਵਨੀ ਜੋਸਫ ਈਲਸ (Joseph Ellis) ਨੇ ਲਿਖੀ ਹੈ ਅਤੇ ਇਹ ਕਿਤਾਬ ਪੜ੍ਹਨ ਦੇ ਯੋਗ ਹੈ।

ਇਸ ਕਿਤਾਬ ਵਿਚ ਜ਼ਿਕਰ ਹੈ ਕਿ ਜੋਰਜ਼ ਵਾਸ਼ਿਗਟਨ ਨੇ ਇਕ ਸੂਚੀ ਤਿਆਰ ਕੀਤੀ ਸੀ ਅਤੇ ਉਸ ਸੂਚੀ ਦਾ ਨਾਂ ਸੀ : ਲੋਕਾਂ ਨਾਲ ਮੇਲ ਮਿਲਾਪ ਅਤੇ ਗੱਲਬਾਤ ਵੇਲੇ ਸਾਊ ਅਤੇ ਸੱਭਿਅਕ ਵਰਤਾਵ ਰੱਖਣ ਦੇ ਨਿਯਮ (Rules of civicity and decent behaviour in company and conversation) ਲੇਖਕ ਐ. ਜੇ. ਜੇਕੋਬ ਦਾ ਜਹਿਣਾ ਹੈ ਕਿ ਇਹ ਨਿਯਮ ਅਸਲ ਵਿਚ ਫਰੈਂਚ ਜੇਸੂਇਟ (French Jusuit) ਨੇ 16ਵੀਂ ਸਦੀ ਵਿਚ ਲਿਖੇ ਸਨ ਅਤੇ ਜ਼ੋਰਜ਼ ਵਾਸ਼ਿਗਟਨ ਨੇ ਬੜੀ ਮਿਹਨਤ ਨਾਲ ਆਪਣੀ ਨੋਟਬੁੱਕ ਵਿਚ ਇਹਨਾਂ ਨੂੰ ਉਲੀਕਿਆ ਸੀ। ਲੇਖਕ ਜੇਕੋਬ (Jocob) ਇਸ ਗੱਲ ਨੂੰ ਆਪਣੀ ਕਿਤਾਬ : ਦਾ ਗਿੰਨੀਆਂ ਪਿੱਗ ਡਾਈਰੀਜ਼ (The Guinea Pig Diaries) ਵਿਚ ਲਿਖਦਾ ਹੈ।

ਇਹ ਕੁੱਲ 110 ਨਿਯਮ ਹਨ ਪਰ ਇਹਨਾਂ ਵਿਚੋਂ ਮੈਂ ਕੁੱਝ ਕੁ ਹੀ ਤੁਹਾਡੇ ਨਾਲ ਸਾਂਝੇ ਕਰਨਾ ਚਾਹੁੰਦਾ ਹਾਂ ਕਿਉਂਕਿ ਅੱਜ ਦੇ ਹਾਲਾਤਾਂ ਵਿਚ ਇਹ ਜ਼ਿਆਦਾ ਢੁੱਕਵੇਂ ਹਨ।

* ਲਿਸਟ ਵਿਚ ਇਹ 49ਵਾਂ ਨਿਯਮ ਹੈ ਕਿ ਕਦੇ ਵੀ ਬਦਤਮੀਜ਼ੀ ਵਾਲੀ ਭਾਸ਼ਾ ਨਾ ਬੋਲੀ ਜਾਵੇ ਅਤੇ ਨਾ ਹੀ ਕਿਸੇ ਨੂੰ ਬੁਰਾ ਭਲਾ ਕਿਹਾ ਜਾਵੇ ਅਤੇ ਨਾ ਹੀ ਸਰਾਪਿਆ ਅਤੇ ਧਰਕਾਰਿਆ ਜਾਵੇ।

ਇਸ ਨਿਯਮ ਨੂੰ ਅਗਰ ਅਸੀਂ ਪੰਜਾਬੀ ਜਾਂ ਭਾਰਤੀ ਸੰਦਰਭ ਵਿਚ ਲਾਗੂ ਕਰਨ ਦੀ ਕੋਸ਼ਿਸ਼ ਕਰੀਏ ਤਾਂ ਸਾਨੂੰ ਨਿਰਾਸ਼ਾ ਹੀ ਹੋਵੇਗੀ। ਇਹ ਗੱਲ ਬਹੁਤੇ ਸਾਧਾਰਨ ਲੋਕਾਂ ਅਤੇ ਨੇਤਾਵਾਂ 'ਤੇ ਵੀ ਢੁੱਕਵੀ ਹੈ। ਬਹੁਤੇ ਲੋਕੀਂ ਕਿਸੇ ਦੀ ਪਿੱਠ ਪਿੱਛੇ ਉਹਦਾ ਮਖੌਲ ਉਡਾ ਕੇ ਮਜ਼ਾ ਲੈਂਦੇ ਹਨ।

* ਕਿਸੇ ਦੀ ਖੁਸ਼ਾਮਦ ਨਾ ਕੀਤੀ ਜਾਵੇ ਅਤੇ ਉਹਨਾਂ ਲੋਕਾਂ ਨਾਲ ਮੇਲ ਜੋਲ ਨਾ ਰੱਖਿਆ ਜਾਵੇ ਜੋ ਖੁਸ਼ਾਮਦ ਕਰਕੇ ਜਾਂ ਕਰਵਾ ਕੇ ਖੁਸ਼ ਹੁੰਦੇ ਹਨ। (17 ਨਿਯਮ)

ਜਿਸ ਤਰ੍ਹਾਂ ਕਿ ਆਪਾਂ ਨੂੰ ਪਤਾ ਹੀ ਹੈ ਕਿ ਖੁਸ਼ਾਮਦ ਕਰਾਉਣਾ ਇਨਸਾਨੀ ਕਮਜ਼ੋਰੀ ਹੈ। ਆਮ ਕਰਕੇ ਖੁਸ਼ਾਮਦੀਆਂ ਦੀ ਸੰਗਤ ਵਿਚ ਖੁਸ਼ੀ ਦਾ ਇਜ਼ਹਾਰ ਕੀਤਾ ਜਾਂਦਾ ਹੈ। ਬਹੁਤ ਸਾਰੀਆਂ ਸਿਆਸੀ ਪਾਰਟੀਆਂ ਵੀ ਇਸ ਬੀਮਾਰੀ ਦੀਆਂ ਸ਼ਿਕਾਰ ਹਨ। ਸਾਨੂੰ ਇਹ ਵੀ ਪਤਾ ਹੈ ਕਿ ਖੁਸ਼ਾਮਦੀ ਲੋਕ ਸਿਆਸਤ ਦੇ ਡੰਡਿਆਂ ਉਪਰ ਜਲਦੀ ਛੜਪਾ ਮਾਰ ਜਾਂਦੇ ਹਨ। ਪਰ ਜਿਹੜੇ ਸੱਚ ਦਾ ਪੱਲਾ ਫੜੀ ਰੱਖਦੇ ਹਨ, ਉਹਨਾਂ ਦਾ ਜਲਦੀ ਹੀ ਪੱਤਾ ਸਾਫ ਕਰ ਦਿੱਤਾ ਜਾਂਦਾ ਹੈ। ਦੂਜੇ ਪਾਸੇ ਇਹ ਵੀ ਸੱਚ ਹੈ ਕਿ ਸੱਚ ਆਖਰਕਾਰ ਇਕ ਦਿਨ ਬਾਹਰ ਆ ਜਾਂਦਾ ਹੈ ਅਤੇ ਫਿਰ ਸਾਰੇ ਲੋਕ ਉਹਦੀ ਜੈ ਜੈਕਾਰ ਕਰਦੇ ਹਨ।

* ਪਿੱਠ ਪਿਛੇ ਕਿਸੇ ਦੀ ਬੁਰਾਈ ਨਾ ਕੀਤੀ ਜਾਵੇ ਕਿਉਂਕਿ ਇਹ ਬੇਇਨਸਾਫੀ ਹੈ (ਨਿਯਮ 89)

ਇਹ ਵਰਤਾਰਾ ਅਸੀਂ ਆਪਣੇ ਸਮਾਜ ਵਿਚ ਆਮ ਦੇਖਦੇ ਹਾਂ। ਵੱਡੀਆਂ ਨੌਕਰੀਆਂ ਅਤੇ ਰੁਤਬਿਆਂ ਵਾਲੇ ਲੋਕ, ਆਪਣੇ ਵਿਰੋਧੀਆਂ ਦਾ ਅਕਸਰ ਪਿੱਠ ਪਿੱਛੇ ਮਾਖੌਲ ਉਡਾਉਂਦੇ ਹਨ। ਹੁਣ ਇਸ ਗੱਲ ਤੋਂ ਅੰਦਾਜ਼ਾ ਲਾਉ ਕਿ ਇਹ ਨੇਤਾ ਸਾਨੂੰ ਕੀ ਸੇਧ ਦੇ ਸਕਦੇ ਹਨ। ਅਗਰ ਵਿਰੋਧੀ ਵਿਚ ਸਦਭਾਵਨਾ ਅਤੇ ਚੰਗਾ ਇਖਲਾਕ ਹੈ ਤਾਂ ਕੀ ਕਦੇ ਇਹਨਾਂ ਲੋਕਾਂ ਉਹਦੇ ਇਹਨਾਂ ਗੁਣਾਂ ਦੀ ਉਹਦੇ ਸਾਹਮਣੇ, ਆਮ ਲੋਕਾਂ ਦੇ ਇਕੱਠ ਵਿਚ ਜਾਂ ਪਿੱਠ ਪਿੱਛੇ ਵੀ ਤਾਰੀਫ ਕੀਤੀ ਹੈ? ਇਸ ਨਿਯਮ ਤੋਂ ਸਿੱਖਣ ਵਾਲੀ ਗੱਲ ਇਹ ਹੈ ਕਿ ਅਗਰ ਸਾਨੂੰ ਕਿਸੇ ਦੀ ਨੁਕਤਾਚੀਨੀ ਕਰਨੀ ਪੈ ਜਾਵੇ ਤਾਂ ਇਹ ਉਹਦੇ ਸਾਹਮਣੇ ਕੀਤੀ ਜਾਵੇ ਤਾਂ ਕਿ ਉਹ ਆਪਣਾ ਪੱਖ ਵੀ ਦੱਸ ਕੇ ਗੱਲ ਦਾ ਨਿਤਾਰਾ ਕਰ ਸਕੇ।

* ਦਿਖਾਵੇ ਦੀ ਪ੍ਰਸ਼ੰਸ਼ਾ ਕੀਤੀ ਜਾਂਦੀ ਹੈ ਜਦੋਂ ਕਿ ਉਹ ਲੋਕ ਉਸ ਪ੍ਰਸ਼ੰਸ਼ਾ ਦੇ ਹੱਕਦਾਰ ਵੀ ਨਹੀਂ ਹੁੰਦੇ। ਦੇਖਣ ਵਾਲੀ ਗੱਲ ਹੈ ਕਿ ਐਹੋ ਜੇਹੇ ਵਰਤਾਰੇ ਲਈ ਕਿੰਨੇ ਲੋਕ ਤੜਫਦੇ ਹਨ? ਅਸੀਂ ਦੇਖਦੇ ਹਾਂ ਕਿ ਉਹਨਾਂ ਲੋਕਾਂ ਨੂੰ ਡਾਕਟਰੇਟ ਦੀਆਂ ਡਿਗਰੀਆਂ ਦੇ ਦਿੱਤੀਆਂ ਜਾਂਦੀਆਂ ਹਨ ਜਿਹਨਾਂ ਸਕੂਲੀ ਪੜ੍ਹਾਈ ਵੀ ਪੂਰੀ ਨਹੀਂ ਕੀਤੀ ਹੁੰਦੀ। ਜਦੋਂ ਕਿ ਕਈ ਐਹੋ ਜੇਹੇ ਲੋਕ ਹੁੰਦੇ ਹਨ ਜਿਹੜੇ ਐਹੋ ਜਿਹੀ ਇਜ਼ਤ ਮਾਣ ਦੇ ਹੱਕਦਾਰ ਹੁੰਦੇ ਹਨ ਪਰ ਉਹਨਾਂ ਦੀ ਬਾਤ ਤੱਕ ਨਹੀਂ ਪੁੱਛੀ ਜਾਂਦੀ। ਇਸ ਤੋਂ ਬਿਨਾਂ ਪੈਸੇ ਦੇ ਕੇ ਕਈ ਖਿਤਾਬ ਲਏ ਜਾਂਦੇ ਹਨ। ਅਤੇ ਗਰਜ਼ਾ ਕਰਕੇ ਇਹ ਖਿਤਾਬ ਦਿੱਤੇ ਵੀ ਜਾਂਦੇ ਹਨ।

* ਆਪਣੀ ਜਿੰਦਗੀ ਨੂੰ ਵੇਚੋ ਨਾ ਸਗੋਂ ਇਹਦੀ ਲਾਟ ਨੂੰ ਜਗਦਿਆਂ ਰੱਖੋ (ਲਿਸਟ ਵਿਚਲਾ ਇਹ 10ਵਾਂ ਨਿਯਮ ਹੈ)।

ਆਪਣੇ ਸਮਾਜਿਕ ਵਰਤਾਰੇ ਵਿਚ ਕਿੰਨੇ ਐਸੇ ਲੋਕ ਹਨ ਜੋ ਆਪਣੀ ਜ਼ਮੀਰ 'ਤੇ ਖੜ੍ਹੇ ਰਹਿੰਦੇ ਹਨ। ਨਹੀਂ ਤਾਂ ਬਹੁਤ ਸਾਰੇ ਲੋਕਾਂ ਨੂੰ ਆਪਾਂ ਜਾਣਦੇ ਹਾਂ ਜੇਹੜੇ ਝੱਟ ਆਪਣੀ ਜ਼ਮੀਰ ਨੂੰ ਵੇਚ ਦਿੰਦੇ ਹਨ। ਸੱਚੀ ਨੂੰ ਸੱਚੀ ਅਤੇ ਝੂਠੀ ਨੂੰ ਝੂਠੀ ਗੱਲ ਕਹਿਣ ਵਾਲੇ ਲੋਕਾਂ ਦੀ ਵੀ ਆਪਾਂ ਨੂੰ ਹੀ ਨਿਸ਼ਾਨਦੇਹੀ ਕਰਨੀ ਪਵੇਗੀ।

ਦੱਸਿਆ ਜਾਂਦਾ ਹੈ ਕਿ ਜ਼ੋਰਜ਼ ਵਾਸ਼ਿਗਟਨ ਨੇ ਸਿਰਫ ਇਹਨਾਂ ਪੰਜਾਂ ਨਿਯਮਾਂ ਦਾ ਹੀ ਸਾਰੀ ਉਮਰ ਪਾਲਣ ਨਹੀਂ ਕੀਤਾ ਸਗੋਂ ਬਾਕੀ ਦੇ 105 ਨਿਯਮਾਂ ਨੂੰ ਵੀ ਆਪਣੀ ਜੀਵਨ ਚਾਲ ਦਾ ਇਕ ਅਨਿੱਖੜਵਾਂ ਅੰਗ ਬਣਾਇਆ ਹੋਇਆ ਸੀ। ਕੀ ਅਸੀਂ ਆਪਣੇ ਆਲੇ ਦੁਆਲੇ ਦੇ ਲੋਕਾਂ ਵਿਚੋਂ ਅਤੇ ਤਵਾਰੀਖ ਵਿਚੋਂ ਐਸੇ ਲੋਕਾਂ ਦੀ ਨਿਸ਼ਾਨਦੇਹੀ ਕਰ ਸਕਦੇ ਹਾਂ ਜੋ ਜੋਰਜ ਵਾਸ਼ਿਗਟਨ ਵਾਂਗ ਮਸਾਲੀ ਜੀਵਨ ਜਿਉਂਦੇ ਰਹੇ ਸਨ।

******

# ਕੀ ਸੰਤਾਨਹੀਣਤਾ ਵੀ ਕਰਦੀ ਹੈ ਵੇਰੀਕੋਸ਼ੀਲ?



ਸੰਤਾਨਹੀਣਤਾ (ਬਾਂਝਪਣ) ਲਈ ਸਿਰਫ਼ ਔਰਤਾਂ ਨੂੰ ਹੀ ਦੋਸ਼ੀ ਮੰਨਣਾ, ਕੋਈ ਸਮਝਦਾਰੀ ਨਹੀਂ ਹੁੰਦੀ ਕਿਉਂਕਿ ਅੱਜ ਦੇ ਆਧੁਨਿਕ ਜਮਾਨੇ 'ਚ ਜੇ ਬੇਔਲਾਦ ਜੋੜਿਆਂ ਨੂੰ ਵੇਖਿਆ ਜਾਵੇ ਤਾਂ ਉਹਨਾਂ 'ਚ ਬਾਂਝਪਣ ਦਾ ਵੱਡਾ ਕਾਰਨ ਮਰਦਾਂ ਨੂੰ ਦੋਸ਼ੀ ਠਹਿਰਾਉਂਦਾ ਹੈ ਤੇ ਮਰਦਾਂ ਦੀ ਅਸਮਰਥਾ ਕਾਰਣ ਹੀ ਉਹਨਾਂ ਦੇ ਘਰਾਂ 'ਚ ਬੱਚਿਆਂ ਦੀਆਂ ਕਿਲਕਾਰੀਆਂ ਨਹੀਂ ਗੂੰਜਦੀਆਂ ਹਨ। ਜੇ ਮਰਦਾਂ ਦੀ ਨਿਪੁੰਸਕਤਾ ਦੀ ਗੱਲ ਕੀਤੀ ਜਾਵੇ ਤਾਂ ਕਾਰਨ ਕਈ ਹੋ ਸਕਦੇ ਹਨ ਜਿਵੇਂ ਵੇਰੀਕੋਸੀਲ। ਵੇਰੀਕੋਸੀਲ ਮਰਦਾਂ ਦੇ ਅੰਡਕੋਸ਼ ਤੇ ਅੰਡਕੋਸ਼ ਦੀ ਥੈਲੀ (ਝਿਲੀ) 'ਚ ਮੌਜੂਦ ਵੇਰੀਕੋਜ਼ ਨਸਾਂ ਹੁੰਦੀਆਂ ਹਨ ਜੋ ਕਿ ਬੇਹਦ ਦਰਦ ਪੈਦਾ ਕਰਦੀਆਂ ਹਨ ਤੇ ਮਰਦਾਂ ਦੀ ਨਾਂਮਰਦੀ ਦਾ ਕਾਰਨ ਵੀ ਬਣ ਸਕਦੀਆਂ ਹਨ। ਦਰਅਸਲ ਨਸਾਂ (ਵੇਨਸ) 'ਚ ਕੁਝ ਅਜਿਹੇ ਤੱਤ ਹੁੰਦੇ ਹਨ ਜੋ ਕਿ ਇਥੋਂ ਲਹੂ ਦਿਲ ਤਕ ਪਹੁੰਚਾਉਣ ਲਈ ਜਿੰਮੇਵਾਰ ਹੁੰਦੀਆਂ ਹਨ ਪਰ ਜਦ ਇਹ ਵਾਲਵ ਸਹੀ ਢੰਗਾਂ ਨਾਲ ਕੰਮ ਨਹੀਂ ਕਰ ਸਕਦੇ ਤਾਂ ਉਹ ਨਸਾਂ ਢੁੱਲਕੇ ਮੋਟੀਆਂ ਤੇ ਵੱਡੀਆਂ ਹੋ ਜਾਂਦੀਆਂ ਹਨ ਤੇ ਅੰਡਕੋਸ਼ 'ਚ ਵੇਰੀਕੋਸੀਲ ਦੀ ਵਜਾਹ ਬਣਦੀਆਂ ਹਨ। ਲਗਭਗ 10 ਫੀਸਦੀ ਮਰਦ ਇਸ ਦੀ ਮਾਰ ਹੇਠ ਹਨ ਤੇ ਫਰਟਿਲਟੀ (ਜਵਾਨੀ) ਦੀ ਉਮਰ 'ਚ ਲਗਭਗ 30 ਫੀਸਦੀ ਮਰਦਾਂ ਨੂੰ ਆਪਣਾ ਸ਼ਿਕਾਰ ਬਣਾਉਂਦੀਆਂ ਹਨ। 15-35 ਸਾਲਾਂ ਦੇ ਮਰਦਾਂ 'ਚ ਇਸ ਦਾ ਉਭਾਰ ਵੱਧ ਪਾਇਆ ਜਾਂਦਾ ਹੈ। ਅਮਰੀਕਾ 'ਚ ਸਲਾਨਾ ਲਗਭਗ 70 ਤੋਂ 80 ਹਜ਼ਾਰ ਮਰਦ ਇਸ ਦੀ ਸਰਜਰੀ ਕਰਵਾਉਂਦੇ ਹਨ।

**ਲੱਛਣ** :- ਲੰਮੇ ਸਮੇਂ ਤਕ ਬੈਠੇ ਤੇ ਖੜ੍ਹੇ ਰਹਿਣ ਨਾਲ ਇਸ ਭਾਗ ਦੇ ਦਬਾਅ ਵੱਧ ਜਾਂਦਾ ਹੈ ਜਿਸ ਕਾਰਨ ਭਿਆਨਕ ਦਰਦ ਹੋ ਸਕਦਾ ਹੈ। ਵੈਸੇ ਵੀ ਦਰਦਨਾਕ ਵੇਰੀਕੋਸੀਲ ਦਾ ਸਾਈਜ਼ ਵੱਡਾ ਹੋ ਚੁਕਿਆ ਹੁੰਦਾ ਹੈ।

**ਇਨਫਰਟਿਲਟੀ (ਬਾਂਝਪਣ)** - ਵੇਰੀਕੋਸੀਲ ਤੇ ਬਾਂਝਪਣ ਵਿਚਕਾਰ ਇੱਕ ਡੂੰਘਾ ਰਿਸ਼ਤਾ ਹੈ। ਗਿਰਾਵਟ। ਇਸ ਨਾਲ ਸ਼ੁਕਰਾਣੂਆਂ ਦੀ ਗਿਣਤੀ 'ਚ ਗਿਰਾਵਟ। ਸ਼ਕਰਾਣੂ ਦਾ ਸਰਗਰਮ (ਤੇਜ਼ ਰਫ਼ਤਾਰ ਭਰਪੂਰ) ਨਾ ਹੋਣਾ, ਸ਼ਕਰਾਣੂਆਂ ਦੀ ਖ਼ਰਾਬ ਗੁਣਵੰਣਤਾ ਆਦਿ ਦੇ ਕਾਰਨਾ 'ਚ ਵਾਧਾ ਹੁੰਦਾ ਹੈ। ਮਾਹਰਾਂ ਦਾ ਮੰਨਣਾ ਹੈ ਕਿ ਵੇਰੀਕੋਸੀਲ ਕਾਰਨ ਅੰਡਕੋਸ਼ 'ਚ ਤਾਪਮਾਨ ਵਧਦਾ ਹੈ ਅਤੇ ਸ਼ਕਰਾਣੂਆਂ 'ਚ ਕਮੀ ਆ ਜਾਂਦੀ ਹੈ।

**ਅੰਡਕੋਸ਼ 'ਚ ਸੁੰਗੜਨ** :- ਇਹ ਵੇਰੀਕੋਸੀਲ ਦਾ ਇਕ ਵੱਡਾ ਲੱਛਣ ਹੈ- ਅੰਡਕੋਸ਼ ਦਾ ਸੁੰਗੜਨਾ, ਸਰਜਰੀ ਹੋ ਜਾਣ ਪਿਛੋ ਅੰਡਕੋਸ਼ ਦਾ ਆਕਾਰ ਆਮ ਵਾਂਗ (Normal) ਹੋ ਜਾਂਦਾ ਹੈ।

**ਸ਼ਨਾਖ਼ਤ (ਪਹਿਚਾਣ)** - ਇਸ ਦੀ ਪਹਿਚਾਣ ਸਾਧਾਰਣ ਤੌਰ 'ਤੇ ਕੀਤੀ ਜਾ ਸਕਦੀ ਹੈ। ਉਹ ਅੰਡਕੋਸ਼ ਥੈਲੀ ਦੇ ਖੱਬੇ ਪਾਸੇ ਹੁੰਦਾ ਹੈ। ਸ਼ਰੀਰਕ ਜਾਂਚ ਦੌਰਾਨ ਇਹ ਅੰਡਕੋਸ਼ ਦੀ ਥੈਲੀ ਕੀੜਿਆਂ ਨਾਲ ਭਰੀ ਥੈਲੀ ਵਰਗਾ ਮਹਿਸੂਸ ਹੁੰਦਾ ਹੈ। ਅੰਡਕੋਸ਼ 'ਚ ਸੁੰਗੜਾਪਣ ਹੁੰਦਾ ਹੈ।

**ਉਪਚਾਰ (ਇਲਾਜ਼)** - ਇਸ ਦਾ ਇਲਾਜ ਦੋ ਤਰੀਕਿਆਂ ਨਾਲ ਕੀਤਾ ਜਾਂਦੈ। ਪਹਿਲਾਂ ਹੈ ਖੁੱਲ੍ਹੀ (ਓਪਨ) ਸਰਜ਼ਰੀ ਤੇ ਦੂਜਾ ਤਰੀਕਾ ਹੈ - ਕੈਥੇਟਰ ਇੰਮਬੋਲਾਈਜੇਸ਼ਨ।

ਇਸ ਸਮੱਸਿਆ ਦੇ ਹੱਲ ਲਈ ਓਪਨ ਸਰਜ਼ਰੀ ਦੀ ਤਕਨੀਕ ਬਹੁਤ ਪਹਿਲਾਂ ਤੋਂ ਅਪਨਾਈ ਜਾਂਦੀ ਰਹੀ ਹੈ। ਇਸ ਸਰਜ਼ਰੀ ਇਲਾਜ ਗੁਰਦੇ ਤੇ ਮੂਨਰ ਰੋਗਾਂ ਦੇ ਮਾਹਿਰ (ਯੂਰੋਲੋਜਿਸਟ) ਵਲੋਂ ਕੀਤੀ ਜਾਂਦੀ ਹੈ। ਇਸ ਅਮਲ ਦੇ ਤਹਿਤ ਯੂਰੋਲੋਜਿਸਟ ਚੀਰਾ ਲਾ ਕੇ ਕੰਮ ਨਾ ਕਰ ਰਹੀਆਂ ਧਮਨੀਆਂ ਦਾ ਪਤਾ, ਲਾਉਂਦਾ ਹੈ ਤੇ ਫਿਰ ਉਹਨਾਂ ਨੂੰ ਬੰਨ੍ਹ ਦਿੰਦਾ ਹੈ ਤਾਂ ਕਿ ਸਹੀ ਤਰੀਕੇ ਨਾਲ ਕੰਮ ਕਰ ਰਹੀਆਂ ਧਮਨੀਆਂ ਰਾਹੀਂ ਖ਼ੂਨ ਦਿਲ ਦੀ ਤਰਫ਼ ਵਾਪਸ ਪਹੁੰਚੇ ਪਰ ਇਸ ਅਪਰੇਸ਼ਨ (ਸਰਜ਼ਰੀ) ਨਾਲ ਇਕ ਵੱਡੀ ਸਮੱਸਿਆ ਇਹ ਹੈ ਕਿ ਮਰੀਜ਼ ਨੂੰ ਸੇਹਤਮੰਦ ਹੋਣ 'ਚ ਬਹੁਤ ਲੰਮਾ ਸਮਾਂ ਲਗਦਾ ਹੈ। ਇਸ ਨਾਲ ਜੁੜਿਆ ਇਕ ਖ਼ਤਰਾ ਇਹ ਵੀ ਹੈ ਕਿ ਇਸ ਨਾਲ ਹਾਈਡਰੋਸ਼ੀਲ ਦੀ ਸਮੱਸਿਆ ਪੈਦਾ ਹੋ ਸਕਦੀ ਹੈ। ਇੰਟਰਵੈਨਸ਼ਨਲ ਰੇਡਿਓਲੋਜੀ ਇਲਾਜ ਦੀ ਹਾਲਤ 'ਚ ਇਸ ਤਰ੍ਹਾਂ ਦਾ ਕੋਈ ਖਤਰਾ ਨਹੀਂ ਰਹਿੰਦਾ।



ਡਾ. ਅਜੀਤਪਾਲ ਸਿੰਘ
ਐਮ. ਡੀ.
ਮੋ. 98156-29301

ਪਰ ਬਦਲਦੇ ਸਮੇਂ ਤੇ ਬੇਹਤਰ ਤਕਨੀਕ ਦੀ ਉਪਲੱਭਤਾ ਕਰਕੇ ਇੰਬੋਲਾਈਜੇਸ਼ਨ ਨੂੰ ਵੱਧ ਮਹੱਤਵ ਦਿੱਤਾ ਜਾਂਦਾ ਹੈ।

ਵੇਰੀਕੋਸੀਲ ਦੀ ਸਮੱਸਿਆ ਤੋਂ ਖਹਿੜਾ ਛੁਡਵਾਉਣ ਦੀ ਲੜੀ ਵਿਚ ਇੰਬੋਲਾਈਜੇਸਨ ਨੂੰ ਵੱਧ ਮਹੱਤਵ ਦਿੱਤਾ ਜਾਂਦਾ ਹੈ। ਵੇਰੀਕੋਸ਼ੀਲ ਇੰਮਬੋਲਾਈਜੇਸ਼ਨ ਇਕ ਸਰਜਰੀ-ਰਹਿਤ ਇਲਾਜ ਅਮਲ ਹੈ ਜੋ ਕਿ ਵੇਰੀਕੋਸੀਲ ਦੇ ਇਲਾਜ ਦੇ ਨੁਕਤਾ ਨਿਗਾਹ ਤੋਂ ਬਹੁਤ ਹੀ ਅਸਰਦਾਇਕ ਹੈ। ਇਸ 'ਚ ਮਰੀਜ਼ ਨੂੰ ਕੁੱਝ ਘੰਟਿਆਂ ਤੱਕ ਹੀ ਡਾਕਟਰੀ ਨਿਗਰਾਨੀ 'ਚ ਰੱਖਣਾ ਪੈਂਦਾ ਹੈ। ਉਸ ਤੋਂ ਪਿੱਛੋਂ ਉਹ ਘਰ ਵਾਪਸ ਜਾ ਸਕਦਾ ਹੈ ਤੇ ਆਪਣਾ ਰੋਜ਼ ਮਰ੍ਹਾ ਦਾ ਕੰਮ ਸ਼ੁਰੂ ਕਰ ਸਕਦਾ ਹੈ।

ਇਸ ਆਊਟ ਡੋਰ (OPD) ਇਲਾਜ ਦੇ ਤਹਿਤ ਇੰਟਰਵੈਂਸਨਲ ਰੇਡਿਓਲੋਜਿਸਟ ਕੈਥੀਟਰ ਨੂੰ ਸਰੀਰ ਦੇ ਅੰਦਰ ਪਾਉਣ ਲਈ ਇਮੇਜਿੰਗ ਦਾ ਆਸਰਾ ਲੈਂਦਾ ਹੈ। ਹਲਕੀ ਬੇਹੋਸ਼ੀ ਤੇ ਸਥਾਨਕ ਐਨਸਥੀ ਜੀਆਂ ਪਿਛੋਂ ਮਰੀਜ਼ ਤਨਾਅ ਮੁਕਤ ਹੋ ਜਾਂਦਾ ਹੈ ਅਤੇ ਉਹਨਾਂ ਨੂੰ ਕਿਸੇ ਤਰ੍ਹਾਂ ਦੇ ਦਰਦ ਦਾ ਅਹਿਸਾਸ ਵੀ ਨਹੀਂ ਹੁੰਦਾ।

ਇਸ ਅਪ੍ਰੇਸ਼ਨ ਰਹਿਤ ਅਮਲ ਦੇ ਤਹਿਤ ਇੰਟਰਵੈਂਸ਼ਨਲ ਰੇਡਿਓਲੋਜਿਸਟ ਲੋਕਲ ਐਨਸਥੀਜੀਆਂ ਦੀ ਵਰਤੋਂ ਤਹਿਤ ਪੇਟ ਦੇ ਹੇਠਲੇ ਹਿਸੇ 'ਚ ਪੈਂਸਲ ਦੀ ਨੋਕ ਦੇ ਬਰਾਬਰ 'ਚ ਸੁਰਾਖ ਕਰਦਾ ਹੈ। ਇਸ ਪਿਛੋਂ ਇਕ ਪਤਲੇ ਜਿਹੇ ਕੈਥੀਟਰ ਨੂੰ ਫੇਮੋਰਲ ਨਸ (ਵੇਨ) ਦੇ ਰਸਤੇ ਸਿੱਧਾ ਅੰਡਕੋਸ਼ 'ਚ ਸਥਿਤ ਵੇਨ (ਨਸ) ਤਕ ਲੈ ਜਾਂਦਾ ਹੈ।

ਇਸ ਤੋਂ ਪਿਛੋਂ ਸਰਜਨ ਕੰਟਰਾਸਟ ਡਾਈ ਨੂੰ ਇੰਜੈਕਟ ਕਰਦਾ ਹੈ ਤਾਂ ਕਿ ਇਮੇਜਿੰਗ ਦੇ ਸਹਾਰੇ ਇਸ ਗੱਲ ਦਾ ਪਤਾ ਲਾਇਆ ਜਾ ਸਕੇ ਕਿ ਸਮੱਸਿਆ ਅਸਲ 'ਚ ਹੈ ਕਿਥੇ? ਅਤੇ ਨਸ ਨੂੰ ਕਿਹੜੀ ਥਾਂ ਤੋਂ ਬਲਾਕ ਕਰਨਾ ਹੈ। ਇੰਟਰਵੈਂਸੁਨਲ ਰੇਡਿਓਜਿਸਟ ਜਦ ਤਾਰ, ਬੈਲੂਨ, ਛੋਟੇ ਟੁਕੜਿਆਂ ਤੇ ਸਲੇਰੋਜ਼ਿੰਗ ਏਜੰਟ ਦੀ ਵਰਤੋਂ ਕਰਦੇ ਹੋਇਆ ਧਮਨੀ ਦੀ ਬਲ ਸਪਲਾਈ ਨੂੰ ਰੋਕ ਦਿੰਦਾ ਹੈ।

ਇਸ ਨਾਲ ਵੇਰੀਕੋਜ਼ 'ਤੇ ਦਬਾਅ ਘੱਟ ਹੋ ਜਾਂਦਾ ਹੈ, ਖਰਾਬ ਤੇ ਅਸਮਰਥ ਧਮਨੀਆਂ ਦੇ ਬੰਦ ਹੋਣ ਪਿਛੋਂ ਬਲੱਡ ਸਪਲਾਈ ਦੂਜੇ ਰਾਹ ਤੋਂ ਹੋਣ ਲਗਦੀ ਹੈ। ਇਸ ਤਰ੍ਹਾਂ ਆਪਣਾ ਕੰਮ ਠੀਕ ਨਾ ਕਰ ਰਹੀ ਧਮਨੀ ਨੂੰ ਅੰਦਰੂਨੀ ਤੌਰ 'ਤੇ ਬੰਦ ਕਰ ਲਿਆ ਜਾਂਦਾ ਹੈ ਜਿਸ ਨਾਲ ਬਲੱਡ ਸਪਲਾਈ ਆਮ ਦੀ ਤਰ੍ਹਾਂ ਹੋਣ ਲਗਦੀ ਹੈ ਤੇ ਮਰੀਜ਼ 'ਤੇ ਵੀਰਜ਼ ਬਣਨ ਦਾ ਅਮਲ ਵੀ ਆਮ ਵਾਂਗ ਹੋ ਜਾਂਦਾ ਹੈ।

# ਤਰਕਭਾਰਤੀ ਪ੍ਰਕਾਸ਼ਨ ਦੁਆਰਾ ਪ੍ਰਕਾਸ਼ਿਤ ਪੁਸਤਕਾਂ

ਹੁਣ ਤੁਸੀਂ ਕੋਈ ਵੀ ਪੁਸਤਕ ਫ਼ੋਨ ਕਰਕੇ ਡਾਕ ਰਾਹੀਂ ਵੀ ਮੰਗਵਾ ਸਕਦੇ ਹੋ, ਸਾਡਾ ਫ਼ੋਨ ਨੰਬਰ ਹੈ : 01679-241744, 233244

## ਮਹੱਤਵਪੂਰਣ ਕਿਤਾਬਾਂ ਜੋ ਤੁਹਾਡੇ ਜੀਵਨ ਨੂੰ ਨਵੀਂ ਸੇਧ ਦੇ ਸਕਦੀਆਂ ਹਨ



ਨੌਜਵਾਨਾਂ ਦੀਆਂ ਮਾਨਸਿਕ ਸਮੱਸਿਆਵਾਂ 40.00 | ...ਤੇ ਦੇਵ ਪੁਰਸ਼ ਹਾਰ ਗਏ 100.00 | ਦੇਵ ਦੈਂਤ ਤੇ ਰੂਹਾਂ 100.00 | ਬਾਬਾ ਰਾਮਦੇਵ ਤਰਕ ਦੀ ਕਸੌਟੀ 'ਤੇ 40.00 | ਔਰਤਾਂ ਅਤੇ ਮਾਨਸਿਕ ਰੋਗ 50.00



ਮਨੋ ਵਿਸ਼ਲੇਸ਼ਣ 120.00 | ਬੱਚੇ ਅਸਫ਼ਲ ਕਿਵੇਂ ਹੁੰਦੇ ਹਨ? 80.00 | ਤਰਕਸ਼ੀਲ ਹੋਕਾ 80.00 | ਹਿਪਨੋਟਿਜ਼ਮ ਕਿਵੇਂ ਸਿੱਖੀਏ 60.00 | ਜੀਵਨ ਦੀਆਂ ਗਣਿਤਕ ਉਲਝਣਾਂ 70.00



ਵਸਤੂ ਸ਼ਾਸਤਰ ਕੋਰਾ ਝੂਠ 40.00 | ਰਜਨੀਸ਼ ਬੇਨਕਾਬ 30.00 | ਸ਼ੰਕਾ ਨਵਿਰਤੀ 80.00 | ਕਣ ਕਣ ਵਿੱਚ ਵਿਗਿਆਨ 40.00 | ਤਰਕਸ਼ੀਲ ਦਿਮਾਗੀ ਕਸਰਤਾਂ 50.00

### ਪ੍ਰਸਿੱਧ ਵਿਗਿਆਨੀ ਡਾ. ਜਤਿੰਦਰਪਾਲ ਸਿੰਘ ਜੀ ਦੀਆਂ ਲਿਖੀਆਂ ਕਿਤਾਬਾਂ



ਮਨੁੱਖ ਮਹਾਂਬਲੀ ਕਿਵੇਂ ਬਣਿਆ 140.00 | ਪ੍ਰਸਿੱਧ ਵਿਗਿਆਨਕ ਖੋਜਾਂ 80.00 | ਮਹਾਨ ਵਿਗਿਆਨੀ 80.00 | ਵਿਗਿਆਨ ਦੀ ਅਦਭੁੱਤ ਦੁਨੀਆਂ 80.00 | ਮਨੁੱਖੀ ਸਰੀਰ ਦੇ ਰਹੱਸ 100.00



ਵਿਗਿਆਨ ਦੇ ਚਮਤਕਾਰ 80.00 | ਸਾਡਾ ਦੋਸਤ ਵਿਗਿਆਨ 80.00 | ਪੁਲਾੜ ਯਾਤਰਾ 120.00 | ਮਨੁੱਖ ਦੀ ਉਤਪਤੀ 140.00 | ਜੀਵ ਦੀ ਉਤਪਤੀ 250.00

### ਬੱਚਿਆਂ ਦੇ ਮਾਹਿਰ ਡਾ. ਹਰਸ਼ਿੰਦਰ ਕੌਰ ਜੀ ਦੀਆਂ ਲਿਖਿਆਂ ਕਿਤਾਬਾਂ



ਬੱਚਿਆਂ ਬਾਰੇ ਗਿਆਨ, ਵਿਗਿਆਨ ਤੇ ਮਨਸਵਿਗਿਆਨ 140.00 | ਬਾਲ ਮਨਾਂ ਵਿੱਚ ਝਾਤ 120.00 | ਸਾਡੇ ਬੱਚੇ ਸਾਡੇ ਚਿਰਾਗ਼ 80.00 | ਬੱਚਿਆਂ ਦੀਆਂ ਮਨੋਵਿਗਿਆਨਿਕ ਸਮੱਸਿਆਵਾਂ ਤੇ ਇਲਾਜ 140.00



ਬੱਚਿਆਂ ਦਾ ਮਨੋਵਿਗਿਆਨਿਕ ਵਿਸ਼ਲੇਸ਼ਣ 140.00 | ਸ਼ੂਗਰ ਰੋਗ 30.00 | ਬਲੱਡ ਪ੍ਰੈਸ਼ਰ ਨੂੰ ਕਾਬੂ ਹੇਠ ਰੱਖੋ 30.00 | ਸ਼ੂਗਰ ਰੋਗ ਅਸਾਨ ਹੈ ਜ਼ਿੰਦਗੀ 100.00



ਤੰਦਰੁਸਤ ਕਿਵੇਂ ਰਹੀਏ 80.00 | ਬਾਤਾਂ ਵਲੈਤ ਦੀਆਂ 80.00 | ਰਿਸ਼ਤਿਆਂ ਦਾ ਕਾਤਲ 40.00 | ਸਿਹਤ ਅਤੇ ਵਹਿਮ 100.00



ਦਫ਼ਤਰੀ ਵਰਤੋਂ ਕੰਪਿਊਟਰ ਕਿਵੇਂ ਸਿੱਖੀਏ/ 120/- | ਆਓ ਕੰਪਿਊਟਰ ਡਿਜ਼ਾਇਨਿੰਗ ਸਿੱਖੀਏ/80/- | ਕੰਪਿਊਟਰ ਸੰਬੰਧੀ ਸਵਾਲ-ਜਵਾਬ/80/-



ਆਓ ਕੰਪਿਊਟਰ ਸਿੱਖੀਏ 80.00 | ਕੰਪਿਊਟਰ ਬਾਰੇ ਮੁੱਢਲੀ ਜਾਣਕਾਰੀ 80.00 | ਸੂਚਨਾ ਦਾ ਅਧਿਕਾਰ ਕਾਨੂੰਨ 2005 30.00

ਸਾਡੇ ਪ੍ਰਕਾਸ਼ਨ ਦਾ ਪੂਰਾ ਸੂਚੀ ਪੱਤਰ ਮੰਗਵਾਉਣ ਲਈ ਜਾਂ ਘਰ ਬੈਠੇ ਹੀ ਫ਼ੋਨ 'ਤੇ ਕੋਈ ਵੀ ਕਿਤਾਬ ਮੰਗਵਾਉਣ ਲਈ ਸੰਪਰਕ ਕਰੋ:

ਪੁਰਾਣੀ ਸਬਜ਼ੀ ਮੰਡੀ, ਕੱਚਾ ਕਾਲਜ ਰੋਡ, ਬਰਨਾਲਾ-148101, ਫੋਨ : 01679-241744, 233244 ਫੈਕਸ : 01679- 241744
ਈਮੇਲ: tarksheel@gmail.com, Website: www.thepunjabi.com



ਜਨਰਲ ਨਾਲਿਜ
80.00



ਪੰਜਾਬ ਵਸੀਕਾ ਨਵੀਸੀ
250.00



ਕਚਹਿਰੀ ਸ਼ਬਦ-ਕੋਸ਼
150.00



ਜਨਰਲ ਨਾਲਿਜ
100.00



ਪ੍ਰਾਪਰਟੀ ਕਾਰੋਬਾਰ ਤੋਂ ਖੁਸ਼ਹਾਲੀ
200.00



ਦਿਮਾਗੀ ਵਿਕਾਸ ਕਿਵੇਂ ਕਰੀਏ
60.00



ਅੰਕਾਂ ਦਾ ਜਾਦੂ
60.00



ਵਿਗਿਆਨਕ ਜਾਦੂਗਰ
60.00



ਤਰਕਸ਼ੀਲ ਜਾਦੂਗਰ
60.00



ਸਟੇਜ ਦੇ ਜਾਦੂ
60.00



ਮਾਂ ਬਣਨ ਤੋਂ ਪਹਿਲਾਂ ਅਤੇ ਬਾਅਦ ਦਾ ਸਫ਼ਰ
100.00



ਗਰਮ ਮਸਾਲਿਆਂ ਰਾਹੀਂ ਰੋਗਾਂ ਦਾ ਇਲਾਜ
100.00



ਜਿਓਤਿਸ਼ ਦਾ ਐਕਸਰੇ /ਸੁਰੀਜਤ ਦੌਧਰ
100.00



ਦਿਲ ਦੀ ਵਿਗੜ ਰਹੀ ਸਿਹਤ
100.00



ਅਚਾਰ, ਮੁਰੱਬੇ ਅਤੇ ਚਟਣੀਆਂ ਤਿਆਰ ਕਰੋ
100.00



ਸੁੰਦਰਤਾ ਬਣਾਈ ਰੱਖਣ ਦੇ ਢੰਗ
100.00



ਨਾਨ-ਵੈਜ ਤਿਆਰ ਕਰਨ ਦੇ ਢੰਗ
100.00



ਨਸ਼ੇ ਛੱਡਣ ਦੇ ਢੰਗ
100.00



**ਦ ਸੈਕੰਡ ਸੈਕਸ**
400.00



**ਬੈਟਰ ਹੱਫ ਦੀ ਦੁਰਦਸ਼ਾ**
80.00



**ਸਿੱਖ ਵੀਰਾਂ ਨਾਲ ਗੱਲਾਂ**
60.00

## ਜ਼ਮੀਨ ਦੀ ਪੈਮਾਇਸ਼ ਅਤੇ ਫੁੱਟਕਲ ਜਾਣਕਾਰੀ



**ਆਰ. ਕੇ. ਭਾਰਦਵਾਜ਼, ਮੁੱਲ : 150/-**

ਇਹ ਪੁਸਤਕ ਤੁਹਾਨੂੰ ਜ਼ਮੀਨ ਦੀ ਪੈਮਾਇਸ਼, ਮਾਪ ਦੀਆਂ ਇਕਾਈਆਂ, ਜ਼ਮੀਨ ਦੀ ਪੈਮਾਇਸ਼ ਦੇ ਸੰਦ ਅਤੇ ਉਨ੍ਹਾਂ ਦੀ ਵਰਤੋਂ ਜ਼ਮੀਨ, ਜਗ੍ਹਾ ਦਾ ਹਿੱਸਾ ਅਤੇ ਖੇਤਰਫ਼ਲ ਕੱਢਣਾ, ਜਮ੍ਹਾਂਬੰਦੀ, ਗਿਰਦਾਵਰੀ, ਇੰਤਕਾਲ ਤੋਂ ਇਲਾਵਾ ਰਿਕਾਰਡ, ਦਰਖਾਸਤਾਂ ਸਮੇਤ ਹੋਰ ਫੁਟਕਲ ਜਾਣਕਾਰੀ ਮੁਹੱਈਆ ਕਰਾਉਂਦੀ ਹੈ।

## ਪ੍ਰਸਿੱਧ ਕੁਟੇਸ਼ਨਾਂ



**ਸੰਗ੍ਰਹਿ ਕਰਤਾ - ਸਰਦਾਰਾ ਸਿੰਘ ਗਿੱਲ ਕੱਟੂ, ਮੁੱਲ : 140/-**

ਮਹਾਨ ਲੋਕਾਂ ਦੇ ਮਹਾਨ ਵਿਚਾਰ ਪੜ੍ਹਕੇ ਹੀ ਹਰ ਵਿਅਕਤੀ ਜ਼ਿੰਦਗੀ ਵਿੱਚ ਨਵੀਂ ਸੇਧ ਲੈ ਸਕਦਾ ਹੈ। ਵੱਡ ਆਕਾਰੀ ਇਸ ਪੁਸਤਕ ਵਿੱਚ ਵੱਖ-ਵੱਖ ਵਿਸ਼ਿਆਂ ਉਤੇ ਲੱਗਭੱਗ ਸੰਸਾਰ ਪ੍ਰਸਿੱਧ 2500 ਵਿਦਵਾਨਾਂ ਦੇ ਵਿਚਾਰ ਦਰਜ ਹਨ।

## ਆਮ ਰੋਗਾਂ ਦਾ ਸਸਤਾ ਘਰੇਲੂ ਇਲਾਜ



**ਸੰਗ੍ਰਹਿ ਕਰਤਾ - ਸਰਜੀਤ ਤਲਵਾਰ, ਮੁੱਲ - 100/-**

ਰੋਗ ਅਤੇ ਸਰੀਰ ਦਾ ਬਹੁਤ ਪੁਰਾਣਾ ਰਿਸ਼ਤਾ ਹੈ। ਉਪਰੋਕਤ ਪੁਸਤਕ ਵਿੱਚ ਅਸੀਂ ਉਹ ਨੁਸਖ਼ੇ ਦਰਜ਼ ਕੀਤੇ ਹਨ ਜਿਨ੍ਹਾਂ ਲਈ ਲੋੜੀਂਦੀ ਸਮੱਗਰੀ ਸਾਨੂੰ ਸਸਤੀ ਅਤੇ ਸੌਖ ਨਾਲ ਮਿਲ ਸਕਦੀ ਹੈ। ਇਸ ਪੁਸਤਕ ਰਾਹੀਂ ਤੁਸੀਂ ਫ਼ਲ, ਸਬਜ਼ੀਆਂ, ਦਾਲਾਂ, ਮਸਾਲਿਆਂ ਅਤੇ ਜੜ੍ਹੀ-ਬੂਟੀਆਂ ਨਾਲ ਬਿਮਾਰੀਆਂ ਦੇ ਸਫ਼ਲ ਇਲਾਜ ਕਰਨ ਦੇ ਢੰਗ ਤਰੀਕੇ ਲੱਭ ਸਕਦੇ ਹੋ।

## ਜ਼ਾਇਕੇਦਾਰ ਪਕਵਾਨ ਤਿਆਰ ਕਰਨ ਦੇ ਢੰਗ ਤਰੀਕੇ



**ਸੰਗ੍ਰਹਿ ਕਰਤਾ - ਸਰਜੀਤ ਤਲਵਾਰ, ਮੁੱਲ : 100/-**

ਭੋਜਨ ਬਣਾਉਣਾ ਇੱਕ ਕਲਾ ਹੈ। ਇਸ ਪੁਸਤਕ ਰਾਹੀਂ ਤੁਸੀਂ 170 ਤਰ੍ਹਾਂ ਦੀਆਂ ਮਿਠਾਈਆਂ, ਸਬਜ਼ੀਆਂ ਅਤੇ ਹੋਰ ਸਵਾਦਿਸ਼ਟ ਪਕਵਾਨ ਤਿਆਰ ਕਰਨ ਦੇ ਢੰਗ ਤਰੀਕੇ ਸਿੱਖ ਸਕਦੇ ਹੋ। ਮਾਈਕ੍ਰੋਵੇਵ ਦੀ ਵਰਤੋਂ ਕਿਵੇਂ, ਖਾਣ-ਪੀਣ ਦੀਆਂ ਚੀਜ਼ਾਂ ਦੀ ਸੰਭਾਲ ਦੇ ਢੰਗ-ਤਰੀਕੇ ਵੀ ਤੁਸੀਂ ਇਸ ਕਿਤਾਬ ਵਿੱਚੋਂ ਪੜ੍ਹਕੇ ਅਪਣਾ ਸਕਦੇ ਹੋ।

## ਭਵਨ ਨਿਰਮਾਣ ਕਿਵੇਂ ਕਰੀਏ ?



**ਇੰਜ. ਰਾਜ ਕੁਮਾਰ ਅਗ-ਰਵਾਲ, ਮੁੱਲ : 120/-**

ਸੁੰਦਰ, ਮਜ਼ਬੂਤ ਅਤੇ ਭੁਚਾਲ ਨਿਰੋਧਕ ਘਰ ਕਿਵੇਂ ਤਿਆਰ ਕਰੀਏ, ਘਰ 'ਤੇ ਆਉਣ ਵਾਲੇ ਖਰਚ ਨੂੰ ਕਿਵੇਂ ਘੱਟ ਕੀਤਾ ਜਾ ਸਕਦਾ ਹੈ, ਘਰ ਨੂੰ ਸ਼ੋਰੇ ਤੋਂ ਕਿਵੇਂ ਬਚਾਈਏ, ਸਰੀਆ ਕਿਹੋ ਜਿਹਾ ਵਰਤੀਏ, ਸੀਮਿੰਟ ਕਿਵੇਂ ਦਾ ਹੋਵੇ ਅਤੇ ਲੱਕੜ ਦੀ ਚੋਣ ਕਿਵੇਂ ਕਰੀਏ ਆਦਿ ਜਾਣਕਾ-ਰੀਆਂ ਨਾਲ ਭਰਪੂਰ ਇਹ ਪੁਸਤਕ ਬਹੁਤ ਹੀ ਮਹੱਤਵਪੂਰਨ ਹੈ। ਆਈ. ਟੀ. ਆਈਆਂ ਵਿੱਚ ਪੜ੍ਹਦੇ ਵਿਦਿਆਰਥ ਜਾਂ ਜੋ ਕੋਈ ਹੋਰ ਵੀ ਵਿਅਕਤੀ ਨਵਾਂ ਘਰ ਬਣਾਉਣਾ ਚਾਹੁੰਦਾ ਹੈ ਉਹ ਇਸ ਕਿਤਾਬ ਤੋਂ ਫਾਇਦਾ ਉਠਾ ਸਕਦਾ ਹੈ।

## 25 ਅਕਤੂਬਰ ਵਿਛੋੜਾ ਦਿਵਸ 'ਤੇ

# ਸੱਚਾ ਤਰਕਸ਼ੀਲ ਸੀ ਸਾਥੀ ਪ੍ਰੇਮ ਸਿੰਘ ਮਸਤਾਨਾ



ਮੈਨੂੰ ਇਹ ਨਹੀਂ ਪਤਾ ਕਿ ਉਸਦੇ ਨਾਂ ਪਿੱਛੇ 'ਮਸਤਾਨਾ' ਕਿਵੇਂ ਲੱਗਿਆ ਪਰ ਇੱਕ ਗੱਲ ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਜਿਸ ਕਿਸੇ ਨੇ ਵੀ ਉਸਦੀ ਇਹ ਅੱਲ ਪਾਈ ਉਹ ਜ਼ਰੂਰ ਕੋਈ ਪਾਰਖੂ ਬੰਦਾ ਹੋਵੇਗਾ, ਕਿਉਂਕਿ ਮਸਤਾਨਾ ਜੀ ਦਾ ਸੁਭਾਅ ਹੀ 'ਮਸਤ' ਸੀ। ਜਿਹੜੀ ਵੀ ਸੱਚੀ ਗੱਲ ਉਨ੍ਹਾਂ ਨੂੰ ਲੱਗਣੀ ਉਹ ਸਪੱਸ਼ਟ ਹੀ ਅਗਲੇ ਦੇ ਸਾਹਮਣੇ ਕਰ ਦੇਣੀ ਕੋਈ ਲੁਕੋ ਨਹੀਂ ਰੱਖਣਾ। ਮੈਨੂੰ ਅੱਜ ਵੀ ਯਾਦ ਹੈ ਕਿ ਪ੍ਰੇਮ ਸਿੰਘ ਮਸਤਾਨਾ ਜੀ ਮੇਰੇ ਕੋਲ 1988-89 ਵਿੱਚ ਤਰਕਸ਼ੀਲ ਸੁਸਾਇਟੀ ਦਾ ਮੈਂਬਰ ਬਣਨ ਲਈ ਪ੍ਰਸ਼ੋਤਮ ਬੱਲੀ ਦੇ ਨਾਲ ਆਏ। ਕਹਿਣ ਲੱਗੇ "ਮੈਂ ਬਰਨਾਲੇ ਦੇ ਨਜ਼ਦੀਕੀ ਪਿੰਡ ਸੇਖੇ ਦਾ ਵਸਨੀਕ ਹਾਂ। ਫ਼ੌਜ ਵਿੱਚੋਂ ਰਿਟਾਇਰ ਹੋਇਆ ਹਾਂ ਤੇ ਹੁਣ ਮੈਂ ਸਮਾਜ ਸੇਵਾ ਲਈ ਤੁਹਾਡੇ ਵਾਲੇ ਕੰਮ ਵਿੱਚ ਜੁਟਣਾ ਚਾਹੁੰਦਾ ਹਾਂ। ਕਿਤਾਬਾਂ ਲਿਖਣਾ, ਪੜ੍ਹਨਾ ਮੇਰਾ ਸੌਕ ਹੈ। ਫ਼ੌਜ ਵਿੱਚ ਹੁੰਦਿਆਂ ਹੀ ਮੈਂ ਇੱਕ ਕਿਤਾਬ 'ਮਸਤਾਨਾ ਮੋਟਰ ਮਿਸਤਰੀ' ਲਿਖੀ ਸੀ। ਇਹ ਕਿਤਾਬ ਉਸ ਵੇਲੇ ਦੀ ਭਾਰਤੀ ਫ਼ੌਜ ਨੂੰ ਸਪਲਾਈ ਕੀਤੀ ਗਈ ਅਤੇ ਫ਼ੌਜੀਆਂ ਨੇ ਬਹੁਤ ਹੀ ਪਸੰਦ ਕੀਤੀ। ਇਹ ਪੰਜ ਛੇ ਭਾਸ਼ਾਵਾਂ ਵਿੱਚ ਅਨੁਵਾਦ ਹੋ ਚੁੱਕੀ ਹੈ।"

ਇੱਕ ਦੋ ਵਾਰ ਉਹ ਵਹਿਮਾਂ ਭਰਮਾਂ ਵਾਲੇ ਕੇਸ ਵੀ ਲੈ ਕੇ ਮੇਰੇ ਕੋਲ ਆਇਆ। ਹਰ ਵਾਰ ਸਾਡੀ ਮਿੱਤਰਤਾ ਦੀ ਗੰਢ ਪੱਕੀ ਹੁੰਦੀ ਗਈ। ਉਸਦੇ ਆਉਣ ਤੇ ਘੰਟੇ ਦੋ ਘੰਟੇ ਅਸੀਂ ਕਈ ਵਿਸ਼ਿਆਂ ਤੇ ਗੱਲਬਾਤ ਕਰਦੇ। ਪਿਛਲੇ ਹਫ਼ਤੇ ਹੀ ਮੈਨੂੰ ਕਹਿਣ ਲੱਗਿਆ "ਕਿ ਇੰਗਲੈਂਡ ਦੇ ਵਸਨੀਕ ਪੂਰਨ ਸਿੰਘ ਨੇ ਜੋ ਕਿਤਾਬ 'ਸੋਚ ਦਾ ਸਫ਼ਰ' ਦੋ ਭਾਗਾਂ ਵਿੱਚ ਲਿਖੀ ਹੈ। ਇਹ ਮੈਂ ਪੂਰੀ ਪੜ੍ਹ ਲਈ ਹੈ। ਇਹ ਕਿਤਾਬ ਨਾ ਤਾਂ ਪੂਰਾ ਨਾਵਲ ਹੀ ਬਣਦਾ ਹੈ ਅਤੇ ਨਾ ਹੀ ਵਾਰਤਿਕ। ਹਾਂ ਪਰ ਇਸ ਲੇਖਕ ਨੇ ਆਪਣੀਆਂ ਕਿਤਾਬਾਂ ਵਿੱਚ ਜ਼ਿੰਦਗੀ ਦਾ ਮਨੋਰਥ ਆਨੰਦ ਪ੍ਰਾਪਤ ਕਰਨਾ ਹੀ ਦੱਸਿਆ ਹੈ।" ਕਦੇ ਅਸੀਂ ਤਰਕਸ਼ੀਲ ਲਹਿਰ ਦੀਆਂ ਘਾਟਾਂ, ਕਮਜ਼ੋਰੀਆਂ ਦਾ ਜ਼ਿਕਰ ਵੀ ਕਰਨਾ। ਕਦੇ ਵੱਖ-ਵੱਖ ਲੇਖਕਾਂ ਦੀਆਂ ਲਿਖ਼ਤਾਂ ਦਾ ਮੁਲਾਂਕਣ ਵੀ ਅਸੀਂ ਆਪਣੀ ਗੱਲਬਾਤ ਵਿੱਚ ਕਰ ਲੈਂਦੇ।

ਸਮਾਂ ਬੀਤਦਾ ਗਿਆ ਇਸਦੇ ਨਾਲ ਹੀ ਮਸਤਾਨਾ ਜੀ ਦੀਆਂ ਕਿਤਾਬਾਂ ਦੀ ਗਿਣਤੀ ਵੀ ਵਧਦੀ ਗਈ। 'ਆਦਮ ਤੋਂ ਅੱਜ ਤੱਕ' ਅਤੇ 'ਕਿੰਤੂ-ਪ੍ਰੰਤੂ' ਨਾਂ ਦੀਆਂ ਪੁਸਤਕਾਂ ਨੇ ਤਾਂ ਉਸਦੀ ਗੁੱਡੀ ਅਸਮਾਨੀ ਚਾੜ੍ਹ ਦਿੱਤੀ। ਦੇਸ਼ੀ ਵਿਦੇਸ਼ੀ ਵਸੇ ਤਰਕਸ਼ੀਲ ਲੇਖਕ ਜਾਂ ਪਾਠਕ ਜਦੋਂ ਵੀ ਮੇਰੇ ਕੋਲ ਬਰਨਾਲੇ ਆਉਂਦੇ ਉਹ ਮਸਤਾਨਾ ਜੀ ਨਾਲ ਮੁਲਾਕਾਤ ਕਰਨੀ ਨਾ ਭੁੱਲਦੇ। ਕਈ ਵਾਰੀ ਅਸੀਂ ਸੇਖਾ ਨਜ਼ਦੀਕ ਬਰਨਾਲਾ ਗੇੜਾ ਮਾਰ ਆਉਂਦੇ ਅਤੇ ਕਦੇ ਮਸਤਾਨਾ ਜੀ ਨੂੰ ਬਰਨਾਲੇ ਸੱਦ ਲੈਂਦੇ।

ਜਿਵੇਂ ਹੁੰਦਾ ਹੈ। ਇੱਕ ਦਿਨ ਗੁਰਮਤ ਗਿਆਨ ਮਿਸ਼ਨਰੀ ਕਾਲਜ ਲੁਧਿਆਣਾ ਵਾਲਿਆਂ ਦਾ ਫ਼ੋਨ ਆ ਗਿਆ। ਕਹਿਣ ਲੱਗੇ "ਮਸਤਾਨਾ ਜੀ ਨੂੰ ਲੈ ਕੇ ਸਾਡੇ ਕੋਲ ਆਉ। ਨਾਲੇ ਸਾਡੇ ਵਿਦਿਆਰਥੀਆਂ ਨੂੰ ਸੰਬੋਧਨ ਕਰੋ ਤੇ ਨਾਲ ਹੀ ਕਿਤਾਬ 'ਕਿੰਤੂ-ਪ੍ਰੰਤੂ' ਬਾਰੇ ਕੁੱਝ ਗੱਲਾਂ ਕਰ ਲਵਾਂਗੇ।" ਅਸੀਂ ਸੱਦਾ ਮਨਜ਼ੂਰ ਕਰ ਲਿਆ ਤੇ ਲੁਧਿਆਣੇ ਲਈ ਬੱਸ ਫੜ ਲਈ। ਉਨ੍ਹਾਂ ਨੇ ਸਾਡੀ ਚੰਗੀ ਆਉ ਭਗਤ ਕੀਤੀ ਤੇ ਅਸੀਂ ਦੋਵਾਂ ਨੇ ਵਿਦਿਆਰਥੀਆਂ ਨੂੰ ਸੰਬੋਧਨ ਵੀ ਕੀਤਾ। ਮਸਤਾਨਾ ਜੀ ਨੇ ਕਾਲਜ ਵਾਲਿਆਂ ਨੂੰ ਕਿਹਾ ਕਿ ਅਸੀਂ ਤੁਹਾਡੇ ਜਮਹੂਰੀ ਹੱਕਾਂ ਦੀ ਕਦਰ ਕਰਦੇ ਹਾਂ ਤੇ ਆਸ ਕਰਦੇ ਹਾਂ ਕਿ ਤੁਸੀਂ ਵੀ ਸਾਡੇ ਜਮਹੂਰੀ ਹੱਕਾਂ ਨੂੰ ਬਣਦਾ ਸਤਿਕਾਰ ਦੇਵੋਗੇ। ਇਸ ਵਿਚਾਰ ਗੋਸ਼ਟੀ ਤੋਂ ਬਾਅਦ ਕਾਲੇਜ ਵਾਲੇ ਸਾਨੂੰ ਕਹਿਣ ਲੱਗੇ ਕਿ ਜੇ ਤੁਸੀਂ ਇਸ ਕਿਤਾਬ 'ਕਿੰਤੂ-ਪ੍ਰੰਤੂ' ਵਿੱਚ 1-2 ਤਬਦੀਲੀਆਂ ਸਾਡੇ ਅਨੁਸਾਰ ਕਰ ਦੇਵੋ ਤਾਂ ਅਸੀਂ ਇਸ ਕਿਤਾਬ ਦੀਆਂ ਵੀਹ-ਤੀਹ ਹਜ਼ਾਰ ਕਾਪੀਆਂ ਵੇਚ ਸਕਦੇ ਹਾਂ। ਪਰ ਮਸਤਾਨਾ ਜੀ ਕਹਿਣ ਲੱਗੇ ਕਿ ਤੁਸੀਂ ਆਪਣੇ ਸੁਝਾਅ ਸਾਡੇ ਕੋਲ ਲਿਖਤੀ ਰੂਪ ਵਿੱਚ ਭੇਜ ਦੇਵੋ ਅਸੀਂ ਵਿਚਾਰ ਕਰ ਲਵਾਂਗੇ। ਜੇ ਇਹ ਸਾਨੂੰ ਠੀਕ ਲੱਗਦੇ ਹੋਏ ਤਾਂ ਤਬਦੀਲੀਆਂ ਕੀਤੀਆਂ ਜਾ ਸਕਦੀਆਂ ਹਨ। ਪਰ ਉਨ੍ਹਾਂ ਨੇ ਕਿਤਾਬ ਬਾਰੇ ਆਪਣੇ ਸੁਝਾਅ ਸਾਡੇ ਕੋਲ ਨਾ ਭੇਜੇ।

ਹਰ ਵਾਰ ਮੇਰੇ ਪਾਸ ਆਉਣ ਤੇ ਉਨ੍ਹਾਂ ਦੀ ਲੱਤ ਤੇ ਪੱਟੀ ਬੱਝੀ ਹੋਣਾ, ਕਿਉਂਕਿ ਇੱਕ ਹਾਦਸੇ ਵਿੱਚ ਉਨ੍ਹਾਂ ਦੀ ਲੱਤ ਦੀ ਹੱਡੀ ਟੁੱਟ ਗਈ ਸੀ ਤੇ ਉਸ ਹੱਡੀ ਦੇ ਨਿੱਕੇ-ਨਿੱਕੇ ਟੁਕੜੇ ਹਰ ਮਹੀਨੇ ਦੋ ਮਹੀਨੇ ਬਾਅਦ ਬਾਹਰ ਨਿੱਕਲ ਆਉਂਦੇ ਤੇ ਇਸ ਤਰ੍ਹਾਂ ਜ਼ਖ਼ਮ ਠੀਕ ਨਾ ਹੁੰਦਾ। ਇਸ ਦੇ ਇਲਾਜ ਲਈ ਉਨ੍ਹਾਂ ਨੇ ਐਲੋਪੈਥਾਂ, ਹੋਮੋਪੈਥਾਂ ਤੇ ਵੈਦਾਂ ਤੋਂ ਹਰ ਸੰਭਵ ਸਹਾਇਤਾ ਲਈ ਤੇ ਕਈ ਵਾਰ ਅਪ੍ਰੇਸ਼ਨ ਵੀ ਕਰਵਾਏ ਗਏ ਪਰ ਜ਼ਖ਼ਮ 14 ਸਾਲ ਤੱਕ ਉਨ੍ਹਾਂ ਦੇ ਨਾਲ ਹੀ ਰਿਹਾ ਪਰ ਇਸ ਦੇ ਬਾਵਜੂਦ ਉਨ੍ਹਾਂ ਨੇ ਇਸ ਨੂੰ ਆਪਣੀ ਸਰਗਰਮੀ ਵਿੱਚ ਕੋਈ ਰੁਕਾਵਟ ਪੈਦਾ ਨਾ ਕਰਨ ਦਿੱਤੀ। ਸਾਡੀ ਹੋਮਿਓਪੈਥੀ ਦੇ ਕਾਰਗਰ ਹੋਣ ਜਾਂ ਨਾ ਹੋਣ ਬਾਰੇ ਬਹਿਸ ਹਰ ਮੀਟਿੰਗ ਵਿਚ ਹੁੰਦੀ ਰਹਿੰਦੀ।

ਸਾਡਾ ਦੂਸਰਾ ਵਿਸ਼ਾ ਉਨ੍ਹਾਂ ਦੀ ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਵਿੱਚ ਕੰਮ ਕਰਨ ਦਾ ਹੁੰਦਾ। ਕਿਉਂਕਿ ਮੈਂ ਸਮਝਦਾ ਸਾਂ ਕਿ ਲੱਖੋਵਾਲ ਹੁਕਮਰਾਨ ਅਕਾਲੀ ਧਿਰ ਦਾ ਬੰਦਾ ਹੈ ਜਿਨ੍ਹਾਂ ਨੂੰ ਜਨਤਕ ਸੰਘਰਸ਼ਾਂ ਵਿੱਚ ਕਿਸੇ ਕਿਸਮ ਦਾ ਵਿਸ਼ਵਾਸ ਨਹੀਂ ਸੀ। ਪਰ ਉਨ੍ਹਾਂ ਨੇ ਹਰ ਵਾਰ ਇਹ ਕਹਿਣਾ ਕਿ ਮੈਨੂੰ ਇਸ ਗੱਲ ਦੀ ਜਾਣਕਾਰੀ ਹੈ ਪਰ ਮੈਂ ਜਿਹੜੇ ਵਿਅਕਤੀਆਂ ਨੂੰ ਲੱਖੋਵਾਲ ਦੇ ਲੜ ਲਾਇਆ ਹੈ ਮੈਂ ਉਨ੍ਹਾਂ ਤੋਂ ਆਪਣਾ ਖਹਿੜਾ ਕਿਵੇਂ ਵੀ ਛੁਡਾ ਨਹੀਂ ਸਕਦਾ।

ਸਰਸੇ ਵਾਲੇ ਬਾਬੇ ਬਾਰੇ ਆਈ ਚਿੱਠੀ ਦੇ ਮਸਲੇ ਤੇ ਜਦੋਂ ਬਾਬੇ ਦੇ ਸ਼ਰਧਾਲੂਆਂ ਨੇ ਕਈ ਥਾਂ ਤਰਕਸ਼ੀਲਾਂ ਤੇ ਹਮਲੇ ਕੀਤੇ ਤਾਂ ਉਸ ਸਮੇਂ ਉਹ ਤਰਕਸ਼ੀਲ ਸੁਸਾਇਟੀ ਦੇ ਬਰਨਾਲਾ ਯੂਨਿਟ ਦਾ ਪ੍ਰਧਾਨ ਸੀ। ਪਰ ਉਹ ਚਾਹੁੰਦਾ ਸੀ ਕਿ ਤਰਕਸ਼ੀਲਾਂ ਨੂੰ ਤਰਕਸ਼ੀਲ ਸੁਸਾਇਟੀ ਹਰਿਆਣਾ ਦੇ ਪ੍ਰਧਾਨ ਮਾਸਟਰ ਰਾਜਾ ਰਾਮ ਤੇ ਬਾਬੇ ਦੇ ਸ਼ਰਧਾਲੂਆਂ ਵੱਲੋਂ ਕੀਤੇ ਗਏ ਹਮਲੇ ਦਾ ਗੰਭੀਰ ਨੋਟਿਸ ਲੈਣਾ ਚਾਹੀਦਾ ਸੀ ਤੇ ਇੱਟ

ਦਾ ਜੁਆਬ ਪੱਥਰ ਹੀ ਦੇਣਾ ਚਾਹੀਦਾ ਸੀ। ਪਰ ਮੈਂ ਉਸਨੂੰ ਧੀਰਜ ਰੱਖਣ ਲਈ ਕਹਿੰਦਾ ਤਾਂ ਉਹ ਇਸ ਗੱਲ ਨੂੰ ਬੜਾ ਔਖਾ ਹੋ ਕੇ ਹਜ਼ਮ ਕਰਦਾ।

ਆਪਣੇ ਪਿੰਡ ਸੇਖੇ ਵਿੱਚ ਹੀ ਉਸਨੇ 40-50 ਪਰਿਵਾਰਾਂ ਨੂੰ ਤਰਕਸ਼ੀਲ ਲਹਿਰ ਨਾਲ ਜੋੜਿਆ ਉਨ੍ਹਾਂ ਕੋਲ ਮੈਗਜ਼ੀਨ ਘਰ-ਘਰ ਪਹੁੰਚਾਉਂਦਾ ਤੇ ਉਨ੍ਹਾਂ ਦੀ ਸ਼ੰਕਾ ਨਵਿਰਤੀ ਕਰਨੀ ਉਸ ਦਾ ਨਿੱਤ ਦੀ ਸਰਗਰਮੀ ਹੁੰਦਾ।

ਬਰਨਾਲੇ ਵਿੱਚ ਕੋਈ ਵੀ ਸਾਹਿਤਕ ਸਮਾਗਮ ਹੁੰਦਾ ਤਾਂ ਪ੍ਰੇਮ ਸਿੰਘ ਮਸਤਾਨਾ ਜੀ ਦੀ ਹਾਜ਼ਰੀ ਯਕੀਨੀ ਹੁੰਦੀ ਤੇ ਉਹ ਹਰ ਪੁਸਤਕ ਬਾਰੇ ਆਪਣੇ ਵਿਚਾਰ ਵੀ ਜ਼ਰੂਰ ਰੱਖਦੇ। ਮੇਰਾ ਇਹ ਹਰ ਸੰਭਵ ਯਤਨ ਹੁੰਦਾ ਸੀ ਕਿ ਉਹ ਆਪਣੀਆਂ ਸਾਰੀਆਂ ਸਰਗਰਮੀਆਂ ਤਰਕਸ਼ੀਲ ਲਹਿਰ ਰਾਹੀਂ ਲੋਕਾਂ ਦੇ ਲੇਖੇ ਲਾਵੇ ਪਰ ਫਿਰ ਵੀ ਉਹ ਆਪਣਾ ਕੁੱਝ ਸਮਾਂ ਕਵਿਤਾਵਾਂ ਤੇ ਵਾਰਤਿਕ, ਪਿੰਗਲ ਤੇ ਆਰੂਜ ਆਦਿ ਵਿਸ਼ਿਆਂ ਤੇ ਲਾ ਦਿੰਦਾ, ਪਿੰਗਲ ਤੇ ਆਰੂਜ਼ ਤੇ ਉਸਦਾ ਕੰਮ ਡਾਕਟਰੇਟ ਪੱਧਰ ਦਾ ਸੀ। ਆਪਣੀ ਜ਼ਿੰਦਗੀ ਦੇ ਅੰਤਿਮ ਸਾਲਾਂ ਵਿੱਚ ਮਸਤਾਨੇ ਦੀ ਅਸਿਹਮਤੀ ਦੇ ਬਾਵਜੂਦ ਉਸਦੇ ਪੋਤਰੇ ਨੇ ਵਿਦੇਸ਼ ਜਾਣ ਲਈ ਇੱਕ ਟ੍ਰੈਵਲ ਏਜੰਟ ਦੇ ਹੱਥੋਂ ਵੱਡੀ ਰਕਮ ਦੀ ਠੱਗੀ ਖਾ ਲਈ। ਪਰ ਸਥਾਨਕ ਪੁਲਸ ਤੇ ਪ੍ਰਸ਼ਾਸਨ ਨੇ ਉਨ੍ਹਾਂ ਧੋਖੇਬਾਜ਼ਾਂ ਨੂੰ ਗ੍ਰਿਫ਼ਤਾਰ ਕਰਨ ਲਈ ਕੋਈ ਯਤਨ ਨਾ ਕੀਤੇ। ਇਸ ਤਰ੍ਹਾਂ ਜ਼ਿੰਦਗੀ ਦਾ ਸੰਘਰਸ਼ ਉਸ ਲਈ ਹੋਰ ਗੁੰਝਲਦਾਰ ਹੋ ਗਿਆ।

25 ਅਕਤੂਬਰ ਨੂੰ ਸਵੇਰੇ 10 ਕੁ ਵਜੇ ਉਹ ਨਾਸਤਾ ਕਰਕੇ ਆਪਣੇ ਸਟੱਡੀ ਟੇਬਲ ਤੇ ਹੀ ਪੜ੍ਹਨ ਲਿਖਣ ਲਈ ਬੈਠਾ ਸੀ ਕਿ ਮੌਤ ਨੇ ਦਸਤਕ ਦੇ ਦਿੱਤੀ। ਧਰਤੀ ਤੋਂ ਲਏ ਸੈੱਲ ਧਰਤੀ ਨੂੰ ਵਾਪਸ ਕਰਨ ਦਾ ਸਮਾਂ ਆ ਗਿਆ ਸੀ ਪਰ ਪਰਿਵਾਰ ਮੈਂਬਰਾਂ ਨੇ ਉਸਦੀ ਅੰਤਿਮ ਇੱਛਾ ਦੀ ਪੂਰਤੀ ਲਈ ਉਸਦਾ ਮ੍ਰਿਤਕ ਸਰੀਰ ਦਿਆਨੰਦ ਮੈਡੀਕਲ ਲੁਧਿਆਣਾ ਨੂੰ ਖੋਜ ਕਾਰਜ ਲਈ ਸੌਂਪ ਦਿੱਤਾ।

ਇਸ ਤਰ੍ਹਾਂ ਪੰਜਾਬ ਦੀ ਤਰਕਸ਼ੀਲ ਲਹਿਰ ਦਾ ਇੱਕ ਝੰਡਾ ਬਰਦਾਰ 69 ਸਾਲ ਦੀ ਉਮਰ ਵਿੱਚ ਹੀ ਤਰਕਸ਼ੀਲ ਕਾਫ਼ਲਿਆਂ, ਮਿੱਤਰਾਂ ਅਤੇ ਸਕੇ ਸਬੰਧੀਆਂ ਨੂੰ ਅਲਵਿਦਾ ਕਹਿੰਦਾ ਹੋਇਆ ਸਦੀਵੀ ਵਿਛੋੜਾ ਦੇ ਗਿਆ। ਪੈਦਾ ਹੋਣਾ ਤੇ ਮਰ ਜਾਣਾ ਜ਼ਿੰਦਗੀ ਦਾ ਦਸਤੂਰ ਹੈ ਪਰ ਇਸ ਤਰ੍ਹਾਂ ਪੈਦਾ ਹੋਏ ਖੱਪਿਆਂ ਨੂੰ ਪੂਰਨਾ ਵੀ ਤਰਕਸ਼ੀਲ ਭਲੀ ਭਾਂਤ ਜਾਣਦੇ ਹਨ।

**– ਮੇਘ ਰਾਜ ਮਿੱਤਰ**

## ਕੁਟੇਸ਼ਨਾਂ

ਨਾਸਤਿਕਤਾ ਕੋਈ ਸੌਖਾ ਰਾਹ ਨਹੀਂ, ਕੋਈ ਵੀ ਮੂਰਖ ਆਪਣੇ ਆਪ ਨੂੰ ਆਸਤਿਕ ਕਹਿ ਸਕਦਾ ਹੈ ਪਰ ਨਾਸਤਿਕਤਾ ਅਪਣਾਉਣ ਲਈ ਬੁੱਧੀ, ਹੌਂਸਲੇ ਦੀ ਜ਼ਰੂਰਤ ਪੈਂਦੀ ਹੈ।

**– ਪੇਰੀਆਰ ਰਾਮਤ ਸੁਆਮੀ**

ਜਦੋਂ ਮਿਸ਼ਨਰੀ ਅਫਰੀਕਾ ਵਿੱਚ ਆਏ ਉਹਨਾਂ ਦੇ ਹੱਥ ਬਾਈਬਲ ਸੀ ਤੇ ਸਾਡੇ ਕੋਲ ਜ਼ਮੀਨ ਸੀ, ਉਹਨਾਂ ਨੇ ਸਾਨੂੰ ਅੱਖਾਂ ਬੰਦ ਕਰਕੇ ਪ੍ਰਾਰਥਨਾ ਕਰਨੀ ਸਿਖਾਈ ਜਦੋਂ ਅਸੀਂ ਅੱਖਾਂ ਖੋਲ੍ਹੀਆਂ ਉਹਨਾਂ ਕੋਲ ਜ਼ਮੀਨ ਸੀ ਤੇ ਸਾਡੇ ਕੋਲ ਬਾਈਬਲ।

**– ਬਿਸ਼ਪ ਦੇਸਮੰਡ ਟੂਟੂ**

ਚੂਹੇ ਦੀਆਂ ਜੂਠਾਂ ਅਤੇ ਗਾਂ ਦਾ ਪੇਸ਼ਾਬ ਪਵਿੱਤਰ ਹੁੰਦੇ ਨੇ, ਪਰ ਮੁਸਲਮਾਨ ਤੇ ਅਛੂਤ ਇਨਸਾਨ ਨਹੀਂ ਹੁੰਦੇ। ਇਹ ਧਰਮ ਦੀ ਵਧੀਆ ਸਿੱਖਿਆ ਹੈ।

**– ਮੇਘ ਰਾਜ ਮਿੱਤਰ**

ਬੇਹਿੰਮਤੇ ਸ਼ਿਕਵੇ ਕਰਨ ਮੁਕੱਦਰਾਂ ਦੇ
ਉੱਗਣ ਵਾਲੇ ਉੱਗ ਪੈਂਦੇ ਨੇ
ਸੀਨੇ ਪਾੜ ਕੇ ਪੱਥਰਾਂ ਦੇ

**– ਬਾਬਾ ਨਜ਼ਮੀ**





# ਵਿਗਿਆਨ ਜੋਤ

✪ ਮੈਂਬਰਸ਼ਿਪ ਫੀਸ ਇੱਕ ਸਾਲ ਲਈ 80/-
✪ ਦੋ ਸਾਲ ਲਈ 150/-

ਹੁਣ ਤੁਸੀਂ ਘਰ ਬੈਠੇ ਵੀ ਵੀਪੀਪੀ ਰਾਹੀਂ 'ਵਿਗਿਆਨ ਜੋਤ' ਮੰਗਵਾ ਸਕਦੇ ਹੋ, ਵਧੇਰੇ ਜਾਣਕਾਰੀ ਲਈ ਫ਼ੋਨ ਨੰਬਰ 01679 241744 'ਤੇ ਸੰਪਰਕ ਕਰੋ।

# ਵਿਗਿਆਨ ਜੋਤ

*ਨੂੰ ਘਰ ਘਰ ਪਹੁੰਚਾਉਣ ਲਈ*
*ਇੱਕ ਵਿਸ਼ੇਸ਼ ਸਕੀਮ ਸ਼ੁਰੂ ਕੀਤੀ ਗਈ ਹੈ।*

*'ਵਿਗਿਆਨ ਜੋਤ' ਦੀ ਦੋ ਸਾਲਾਂ ਦੀ ਮੈਂਬਰਸ਼ਿਪ 150 ਰੁਪਏ ਹੈ। ਜਿਹੜਾ ਸਹਿਯੋਗੀ ਇਸਦੇ ਨਵੇਂ ਪਾਠਕ ਬਣਾਇਗਾ ਉਹਨਾਂ ਨੂੰ ਹੇਠ ਲਿਖੇ ਇਨਾਮ ਦਿੱਤੇ ਜਾਣਗੇ।*

**ਪੰਜ ਪਾਠਕ** ਬਣਾਉਣ ਵਾਲੇ ਨੂੰ

*70 ਰੁਪਏ ਮੁੱਲ ਦੀਆਂ ਕਿਤਾਬਾਂ*
ਇਨਾਮ ਵਜੋਂ ਭੇਜੀਆਂ ਜਾਣਗੀਆਂ।

**ਦਸ ਪਾਠਕ** ਬਣਾਉਣ ਵਾਲੇ ਨੂੰ

*160 ਰੁਪਏ ਮੁੱਲ ਦੀਆਂ ਕਿਤਾਬਾਂ*
ਇਨਾਮ ਵਜੋਂ ਭੇਜੀਆਂ ਜਾਣਗੀਆਂ।

**ਵੀਹ ਪਾਠਕ** ਬਣਾਉਣ ਵਾਲੇ ਨੂੰ

*340 ਰੁਪਏ ਮੁੱਲ ਦੀਆਂ ਕਿਤਾਬਾਂ*
ਇਨਾਮ ਵਜੋਂ ਭੇਜੀਆਂ ਜਾਣਗੀਆਂ।

**ਪੰਜਾਹ ਪਾਠਕ** ਬਣਾਉਣ ਵਾਲੇ ਨੂੰ

*1000 ਰੁਪਏ ਮੁੱਲ ਦੀਆਂ ਕਿਤਾਬਾਂ*
*ਅਤੇ ਇੱਕ ਪ੍ਰਸ਼ੰਸਾ ਪੱਤਰ*
ਇਨਾਮ ਵਜੋਂ ਭੇਜੇ ਜਾਣਗੇ।

ਪਾਠਕਾਂ ਦੀ ਇਕੱਠੀ ਲਿਸਟ ਪੂਰੇ ਪਤਿਆਂ ਅਤੇ ਬੈਂਕ ਡਰਾਫ਼ਟ ਸਮੇਤ ਹੇਠ ਲਿਖੇ ਪਤੇ ਤੇ ਭੇਜੀ ਜਾਵੇ :

*ਅਮਿੱਤ ਮਿੱਤਰ*
*ਤਰਕਸ਼ੀਲ ਨਿਵਾਸ, ਕੱਚਾ ਕਾਲਜ ਰੋਡ,*
*ਬਰਨਾਲਾ - 148101 (ਪੰਜਾਬ)*

ਨੋਟ ✪ ਇਨਾਮ ਵਿਚਲੀਆਂ ਕਿਤਾਬਾਂ ਤੁਹਾਡੀ ਚੋਣ ਅਨੁਸਾਰ ਮੈਗਜ਼ੀਨ ਵਿੱਚ ਛਪੀ ਲਿਸਟ, ਸਿਰਫ਼ ਤਰਕਭਾਰਤੀ ਪ੍ਰਕਾਸ਼ਨ ਜਾਂ ਵਿਸ਼ਵਭਾਰਤੀ ਪ੍ਰਕਾਸ਼ਨ ਵਿੱਚੋਂ ਹੀ ਉਪਲੱਬਧ ਹੋਣਗੀਆਂ ਤੇ ਮਿਲਣਗੀਆਂ।
✪ ਕਿਤਾਬਾਂ ਨੂੰ ਭੇਜਣ ਦਾ ਡਾਕ ਖਰਚ ਅਦਾਰਾ 'ਵਿਗਿਆਨ ਜੋਤ' ਦਾ ਹੋਵੇਗਾ।
✪ ਸਾਰੇ ਚੰਦੇ ਇੱਕੋ ਵੇਲੇ ਹੀ ਭੇਜੇ ਜਾਣ।

# ਸ਼ੰਕਾ ਨਵਿਰਤੀ

**ਪ੍ਰਸ਼ਨ : ਨੂਰ ਮਹਿਲ ਦੀਆਂ ਰਹੱਸਵਾਦੀ ਸਰਗਰਮੀਆਂ ਬਾਰੇ ਤਰਕਸ਼ੀਲ ਇਕਾਈਆਂ ਨੇ ਕੀ ਕੀਤਾ ?– ਸੁਲੇਖ ਰਾਜ**

ਉੱਤਰ : ਤਰਕਸ਼ੀਲ ਇਸ ਗੱਲ ਤੋਂ ਭਲੀ ਭਾਂਤ ਜਾਣੂ ਹਨ ਕਿ ਆਸੂਤੋਸ਼ ਮਰ ਚੁੱਕਿਆ ਹੈ ਤੇ ਉਸਦੀ ਲਾਸ਼ ਨੇ ਕਦੇ ਵੀ ਜਿਉਂਦਾ ਨਹੀਂ ਹੋਣਾ। ਇਸ ਲਈ ਤਰਕਸ਼ੀਲ ਉਸ ਡੇਰੇ ਦੇ ਵਿੱਚ ਕਿਸੇ ਕਿਸਮ ਦੀ ਕੋਈ ਵੀ ਦਖਲ ਅੰਦਾਜ਼ੀ ਨਾ ਤਾਂ ਕਰ ਸਕਦੇ ਹਨ ਅਤੇ ਨਾ ਹੀ ਕਰ ਸਕਣਗੇ। ਜਦੋਂ ਸਰਕਾਰਾਂ ਹੀ ਇਹਨਾਂ ਡੇਰਿਆਂ ਦੇ ਯਤਨਾਂ ਨਾਲ ਗੱਦੀ ’ਤੇ ਵਿਰਾਜਮਾਨ ਹੁੰਦੀਆਂ ਹਨ, ਸਰਕਾਰਾਂ ਵੀ ਤਰਕਸ਼ੀਲਾਂ ਦੀ ਦਖਲ ਅੰਦਾਜ਼ੀ ਨੂੰ ਕਿਸੇ ਢੰਗ ਨਾਲ ਬਰਦਾਸ਼ਤ ਨਹੀਂ ਕਰਦੀਆਂ। ਉਂਝ ਵੀ ਤਰਕਸ਼ੀਲਾਂ ਦਾ ਕੰਮ ਕਿਸੇ ਇੱਕ ਬਾਬੇ ਦਾ ਵਿਰੋਧ ਕਰਨਾ ਨਹੀਂ ਸਗੋਂ ਉਹਨਾਂ ਨੇ ਤਾਂ ਬਾਬਾਵਾਦ ਦੇ ਵਿਰੁੱਧ ਲੜਾਈ ਸ਼ੁਰੂ ਕੀਤੀ ਹੋਈ ਹੈ ਜੋ 30 ਸਾਲ ਤੋਂ ਲਗਾਤਾਰ ਜਾਰੀ ਹੈ। ਇਸ ਜੱਦੋ ਜਹਿਦ ਦਾ ਉਦੇਸ਼ ਲੋਕਾਂ ਨੂੰ ਇਹਨਾਂ ਬਾਬਿਆਂ ਪ੍ਰਤੀ ਚੇਤਨ ਕਰਨਾ ਹੈ ਅਤੇ ਬਾਬਾਵਾਦ ਅਤੇ ਸਰਕਾਰ ਦੇ ਗੱਠਜੋੜ ਨੂੰ ਬੇਨਕਾਬ ਕਰਨਾ ਹੈ। ਲੋਕਾਂ ਨੂੰ ਇਹ ਕਹਿਣਾ ਹੈ ਕਿ ਹਰ ਕਿਸਮ ਦੀ ਗੰਦੀ ਰਾਜਨੀਤੀ ਇਹਨਾਂ ਡੇਰਿਆਂ ਵਿੱਚੋਂ ਪੈਦਾ ਹੁੰਦੀ ਹੈ।

**ਪ੍ਰਸ਼ਨ : ਜੇ ਸਾਰੀ ਦੁਨੀਆਂ ਰੱਬ ਨੇ ਬਣਾਈ ਹੈ ਤਾਂ ਰੱਬ ਨੂੰ ਕਿਸਨੇ ਬਣਾਇਆ ਹੈ ?– ਲਖਵਿੰਦਰ ਸਰੀਆਂ ਵਾਲਾ**

ਉੱਤਰ : ਦੁਨੀਆਂ ਦਾ ਕੋਈ ਵੀ ਵਿਅਕਤੀ ਜੇ ਦਾਅਵਾ ਕਰਦਾ ਹੈ ਕਿ ਉਸਨੇ ਰੱਬ ਵੇਖਿਆ ਹੈ ਤਾਂ ਤਰਕਸ਼ੀਲ ਉਸ ਨਾਲ ਗੱਲ ਕਰਨਾ ਜ਼ਰੂਰ ਚਾਹੁੰਣਗੇ ਅਤੇ ਪੁੱਛਣਗੇ ਕਿ ਜੇ ਰੱਬ ਨੇ ਇਹ ਦੁਨੀਆਂ ਬਣਾਈ ਹੈ ਤਾਂ ਉਸ ਨੇ ਕਿਵੇਂ ਇਸ ਦੀ ਸਿਰਜਣਾ ਕੀਤੀ ? ਪਰ ਵਿਗਿਆਨਕ ਅੱਜ ਇਹ ਦੱਸ ਸਕਦੇ ਹਨ ਕਿ ਦੁਨੀਆਂ ਕਿਵੇਂ ਹੋਂਦ ਵਿੱਚ ਆਈ ਹੈ ਤੇ ਕਿਵੇਂ ਨਸ਼ਟ ਹੋਵੇਗੀ।

**ਪ੍ਰਸ਼ਨ : ਕੀ ਧਾਰਮਿਕ ਵਿਅਕਤੀ ਵੀ ਤਰਕਸ਼ੀਲ ਬਣ ਸਕਦੇ ਹਨ ?–ਅਮਰਿੰਦਰ ਸੰਧੂ**

ਉੱਤਰ : ਤਰਕਸ਼ੀਲ ਕੋਈ ਵੀ ਵਿਅਕਤੀ ਬਣ ਸਕਦਾ ਹੈ ਪਰ ਕੋਈ ਧਾਰਮਿਕ ਵਿਅਕਤੀ ਜੇ ਤਰਕਸ਼ੀਲ ਬਣ ਜਾਂਦਾ ਹੈ ਤਾਂ ਇੱਕ ਅਜਿਹੀ ਸਟੇਜ ਆ ਜਾਂਦੀ ਹੈ ਕਿ ਉਸਦਾ ਵਿਸ਼ਵਾਸ ਵੀ ਧਰਮ ਵਿੱਚੋਂ ਉਠ ਜਾਂਦਾ ਹੈ। ਉਹ ਸਮਝ ਜਾਂਦਾ ਹੈ ਕਿ ਧਰਮ ਇੱਕ ਧੰਦਾ ਹੈ ਜਿਵੇਂ ਇੱਕ ਅਮੀਰ ਆਦਮੀ ਆਪਣੇ ਧਨ ਵਿੱਚੋਂ ਕੁਝ ਗ਼ਰੀਬ ਬੰਦਿਆਂ ਨੂੰ ਰੋਟੀ ਖੁਆ ਦਿੰਦਾ ਹੈ ਇਵੇਂ ਕੁਝ ਧਾਰਮਿਕ ਅਦਾਰੇ ਵੀ ਆਪਣੇ ਚੁਗਿਰਦੇ ਵਿੱਚ ਆਪਣੇ ਗਾਹਕਾਂ ਦੀ ਗਿਣਤੀ ਵਧਾਉਣ ਲਈ ਅਜਿਹਾ ਕੁਝ ਕਰਦੇ ਰਹਿੰਦੇ ਹਨ।

**ਪ੍ਰਸ਼ਨ : ਨਾਸਤਿਕ ਤੇ ਤਰਕਸ਼ੀਲ ਵਿੱਚ ਕੀ ਫਰਕ ਹੈ ? – ਅਮਨ ਸੇਖੋਂ**

ਉੱਤਰ : ਤਰਕਸ਼ੀਲਤਾ ਤਾਂ ਪਹਿਲੀ ਪੌੜੀ ਹੈ ਜ਼ਿੰਦਗੀ ਨੂੰ ਸਮਝਣ ਦੀ। ਜਦੋਂ ਵੀ ਵਿਅਕਤੀ ਦਾ ਗਿਆਨ ਚੋਖਾ ਹੋ ਜਾਂਦਾ ਹੈ ਉਹ ਨਾਸਤਿਕ ਬਣ ਜਾਂਦਾ ਹੈ।

**ਪ੍ਰਸ਼ਨ : ਕੀ ਧਾਰਮਿਕ ਅਨੁਭਵ ਅਸਲੀ ਹੁੰਦੇ ਹਨ ?**

ਉੱਤਰ : ਧਰਮ ਇੱਕ ਨਸ਼ਾ ਹੀ ਹੈ। ਜਿਵੇਂ ਨਸ਼ਾ ਕੁਝ ਭਰਮ–ਭੁਲੇਖੇ ਤੇ ਅਨੁਭਵ ਵਿਅਕਤੀ ਵਿੱਚ ਖੜ੍ਹੇ ਕਰ ਸਕਦਾ ਹੈ ਠੀਕ ਉਸੇ ਤਰ੍ਹਾਂ ਹੀ ਸਮਾਧੀ, ਭਗਤੀ ਵਿੱਚ ਵੀ ਸਾਡੇ ਸਰੀਰ ਦੀਆਂ ਕੁਝ ਗ੍ਰੰਥੀਆਂ ਸਰਗਰਮ ਹੋ ਜਾਂਦੀਆਂ ਹਨ ਅਤੇ ਰਸਾਂ ਦੀ ਪੈਦਾਇਸ ਨਾਲ ਅਜਿਹੇ ਅਨੁਭਵ ਪੈਦਾ ਹੋਣੇ ਸ਼ੁਰੂ ਹੋ ਜਾਂਦੇ ਹਨ। ਕਿਸੇ ਵਿਅਕਤੀ ਵਿੱਚ ਪੈਦਾ ਹੋਏ ਅਜਿਹੇ ਅਨੁਭਵ ਸੱਚ ਨਹੀਂ ਹੁੰਦੇ। ਜਿਵੇਂ ਜੇ ਕੋਈ ਵਿਅਕਤੀ ਨੂੰ ਇਹ ਅਹਿਸਾਸ ਹੁੰਦਾ ਹੈ ਕਿ ਸੁੱਖਾ ਖਾ ਕੇ ਉਹ ਹਵਾ ਵਿੱਚ ਉੱਡਣ ਲੱਗ ਪੈਂਦਾ ਹੈ। ਇਸੇ ਤਰ੍ਹਾਂ ਧਾਰਮਿਕ ਅਨੁਭਵ ਹੁੰਦੇ ਹਨ।

**ਪ੍ਰਸ਼ਨ : ਜੇ ਮੰਦਰ ਵਿੱਚੋਂ ਨਿਕਲਣ ਸਮੇਂ ਤੁਹਾਨੂੰ ਸੱਪ ਡੱਸ ਜਾਵੇ ਤਾਂ ਕੀ ਤੁਸੀਂ ਮੰਦਰ ਵਿੱਚ ਵਾਪਸ ਜਾਕੇ ਪ੍ਰਾਰਥਨਾ ਕਰੋਗੇ ਜਾਂ ਸਿੱਧਾ ਹਸਪਤਾਲ ਜਾਵੋਂਗੇ।**

ਉੱਤਰ : ਦੇਵੀ–ਦੇਵਤਿਆਂ ਤੇ ਧਾਰਮਿਕ ਵਿਅਕਤੀਆਂ ਨੂੰ ਤਾਂ ਚਾਹੀਦਾ ਹੈ ਕਿ ਉਹ ਆਪਣੇ ਦੇਵੀ–ਦੇਵਤੇ ਦੀ ਪਰਖ ਅਜਿਹੇ ਵੇਲੇ ਕਰ ਕੇ ਜ਼ਰੂਰ ਵੇਖ ਲੈਣ ਪਰ ਤਰਕਸ਼ੀਲ ਤਾਂ ਮੰਦਰ ਗੁਰਦੁਆਰਿਆਂ ’ਚ ਘੱਟ ਹੀ ਜਾਂਦੇ ਹਨ ਪਰ ਜੇ ਅਜਿਹਾ ਵਾਪਰ ਜਾਵੇ ਤਾਂ ਉਹ ਹਸਪਤਾਲ ਪਹੁੰਚਣ ਨੂੰ ਤਰਜੀਹ ਦੇਣਗੇ।

**ਪ੍ਰਸ਼ਨ : ਕੀ ਰੱਬ ਹਿੰਦੂ ਹੈ, ਜਾਂ ਸਿੱਖ, ਜਾਂ ਇਸਾਈ, ਜਾਂ ਮੁਸਲਮਾਨ ? – ਕੁਲਜਿੰਦਰ ਪਾਲ**

ਉੱਤਰ : ਹਰੇਕ ਧਰਮ ਨੇ ਆਪਣਾ ਰੱਬ ਸਿਰਜਿਆ ਹੋਇਆ ਹੈ। ਹਿੰਦੂ ਰੱਬ ਨੂੰ ਕ੍ਰਿਸ਼ਨ ਵਰਗਾ ਸਮਝਦੇ ਹਨ। ਸਿੱਖ ਉਸਨੂੰ ਗੁਰੂ ਨਾਨਕ ਵਰਗਾ ਸਮਝਦੇ ਹਨ। ਇਸਾਈ ਉਸਨੂੰ ਈਸਾ ਮਸੀਹ ਦੇ ਰੂਪ ’ਚ ਅਤੇ ਮੁਸਲਿਮ ਉਸ ਨੂੰ ਆਪਣੇ ਅੱਲ੍ਹਾ ਵਰਗੇ ਰੂਪ ਵਿੱਚ ਵੇਖਦੇ ਹਨ। ਜੇ ਰੱਬ ਹੋਵੇ ਤਾਂ ਸਭ ਨੂੰ ਇੱਕੋ ਜਿਹਾ ਵਿਖਾਈ ਦੇਵੇ। ਵੱਖ–ਵੱਖ ਵਿਖਾਈ ਦੇਣਾ ਇਹ ਸਿਧ ਕਰਦਾ ਹੈ ਕਿ ਰੱਬ ਦੀ ਕੋਈ ਹੋਂਦ ਨਹੀਂ ਹੁੰਦੀ।

**ਪ੍ਰਸ਼ਨ : ਅਸੀਂ ਵੱਖ–ਵੱਖ ਜਾਨਵਰਾਂ ਤੋਂ ਕਿੰਨੇ ਕੁ ਭਿੰਨ ਹਾਂ ?**

ਉੱਤਰ : ਚਿੰਪਾਜੀ ਨਾਲੋਂ 1.6%, ਗੁਰੀਲੇ ਨਾਲੋਂ 2.3%, ਆਰੰਗੋਟੋਨ ਨਾਲੋਂ 3.6% ਅਤੇ ਗਿਬਨ ਨਾਲੋਂ 5%। ਇਹ ਗੱਲਾਂ ਸਾਡਾ ਡੀ. ਐਨ. ਏ. ਦਰਸਾਉਂਦਾ ਹੈ।

**ਪ੍ਰਸ਼ਨ : ਚਿੰਪਾਜੀ ਨੂੰ ਮਨੁੱਖ ਬਣਨ ਵਿਚ ਕਿੰਨਾ ਕੁ ਸਮਾਂ ਲੱਗਿਆ ?**

ਉੱਤਰ :ਚਿੰਪਾਜੀ ਤੋਂ ਮਨੁੱਖ ਬਣਨ ਵਿੱਚ ਲਗਭਗ ਪੱਚੀ ਲੱਖ ਵਰ੍ਹੇ ਲੱਗੇ ਹਨ। ਇਹ ਸਮਝ ਲਿਆ ਜਾਵੇ ਕਿ ਲਗਭਗ ਸਵਾ ਲੱਖ ਪੀੜ੍ਹੀਆਂ ਦੇ ਹੌਲੀ–ਹੌਲੀ ਹੋਏ ਇਸ ਪ੍ਰੀਵਰਤਨ ਨੇ ਮਨੁੱਖ ਨੂੰ ਚਿੰਪਾਜੀ ਨਾਲੋਂ ਸਪਸ਼ਟ ਤੌਰ ’ਤੇ ਅਲੱਗ ਕਰ ਦਿੱਤਾ ਹੈ। ਇਸਦੀ ਵੱਡੀ ਨਿਸ਼ਾਨੀ ਮਨੁੱਖ ਤੇ ਚਿੰਪਾਜੀ ਦਾ ਮੇਲ ਸੰਤਾਨ ਪੈਦਾ ਨਹੀਂ ਕਰ ਸਕਦਾ।

**ਪ੍ਰਸ਼ਨ : ਚਿੰਪਾਜੀ ਤੋਂ ਮਨੁੱਖ ਵਿੱਚ ਵਿਕਾਸ ਹੋਣ ਦੀ ਇਹ ਪ੍ਰਕਿਰਿਆ ਕਿੱਥੇ ਸੰਪਨ ਹੋਈ ?**

ਉੱਤਰ : ਇਸਦੀ ਜਾਣਕਾਰੀ ਧਰਤੀ ਦੀਆਂ ਪਰਤਾਂ ਵਿੱਚੋਂ ਮਿਲ ਰਹੀ ਹੈ। ਲਗਭਗ ਦੋ ਕੁ ਕਰੋੜ ਵਰ੍ਹੇ ਪਹਿਲਾਂ ਜਦੋਂ ਧਰਤੀ ਦੀਆਂ ਪਲੇਟਾਂ ਗਤੀ ਕਰਦੀਆਂ ਹੋਈਆਂ ਇੱਕ ਦੂਜੇ ਦੇ ਉੱਪਰ ਚੱਲਣ ਲੱਗੀਆਂ ਤਾਂ ਇੱਕ ਪਾਸੇ ਉਭਾਰ ਹੋ ਕੇ ਹਿਮਾਲਾ ਪਰਬਤ ਹੋਂਦ ਵਿੱਚ ਆ ਗਿਆ ਦੂਜੇ ਪਾਸੇ ਅਫਰੀਕਾ ਦੀ ਰਿਫਟ ਘਾਟੀ ਵਿੱਚ ਤ੍ਰੇੜਾਂ ਉਭਰਨ ਲੱਗ ਪਈਆਂ। ਜੰਗਲ ਵਿਰਲੇ ਹੋਣ ਲੱਗ ਪਏ ਤੇ ਚਿੰਪਾਜੀਆਂ ਨੂੰ ਦਰੱਖਤਾਂ ਤੋਂ ਉਤਰਨਾ ਪੈ ਗਿਆ। ਇਸ ਤਰ੍ਹਾਂ ਉਹਨਾਂ ਨੂੰ ਇਸ ਜੱਦੋ–ਜਹਿਦ ਵਿੱਚ ਮੂਹਰਲੇ ਪੈਰਾਂ ਨੂੰ ਹੱਥਾਂ ਵਿੱਚ ਬਦਲਣਾ ਪਿਆ। ਝਾੜੀਆਂ ਵਿੱਚੋਂ ਦੁਸ਼ਮਣ ਨੂੰ ਦੇਖਣ ਲਈ ਉਹਨਾਂ ਨੂੰ ਸਿਰ ਉੱਚਾ ਕਰਨਾ ਪੈਂਦਾ ਸੀ। ਇਸ ਤਰ੍ਹਾਂ ਹੌਲੀ–ਹੌਲੀ ਉਸ ਨੇ ਪਿਛਲੇ ਪੈਰਾਂ ’ਤੇ ਖੜ੍ਹੇ ਹੋਣਾ ਸਿੱਖ ਲਿਆ।



**– ਮੇਘ ਰਾਜ ਮਿੱਤਰ**

6 ਨਵੰਬਰ ਨੂੰ ਬਰਸੀ 'ਤੇ ਵਿਸ਼ੇਸ਼

# ਉਦਾਸੀ ਨਾਲ ਜੁੜੀਆਂ ਯਾਦਾਂ



ਪਹਿਲੀ ਜੁਲਾਈ 1970 ਦੀ ਗੱਲ ਹੈ ਸਰਕਾਰੀ ਹਾਈ ਸਕੂਲ ਚੰਨਣਵਾਲ ਜ਼ਿਲ੍ਹਾ ਸੰਗਰੂਰ ਵਿੱਚ ਸਾਇੰਸ ਅਧਿਆਪਕ ਵਜੋਂ ਨਿਯੁਕਤੀ ਦਾ ਮੇਰਾ ਪਹਿਲਾ ਦਿਨ ਸੀ। ਇੱਕ ਐਨਕਾਂ ਵਾਲਾ ਵਿਅਕਤੀ ਮੈਨੂੰ ਸਟਾਫ਼ ਰੂਮ ਵਿੱਚੋਂ ਉਠਾ ਕੇ ਸਾਇੰਸ ਰੂਮ ਵੱਲ ਲੈ ਤੁਰਿਆ। ਉਥੇ ਪਹੁੰਚ ਕੇ ਉਸਨੇ ਆਪਣੇ ਨੇਫ਼ੇ ਵਿੱਚੋਂ ਕੁਝ ਹੱਥ ਲਿਖਤ ਇਸ਼ਤਿਹਾਰ ਕੱਢੇ ਤੇ ਮੈਨੂੰ ਫੜਾ ਕੇ ਕਹਿਣ ਲੱਗਿਆ, "ਮੇਘ ਰਾਜ ਇਹ ਤੁਸੀਂ ਆਪਣੇ ਪਿੰਡ ਵਿੱਚ ਕੁੱਝ ਮਹੱਤਵਪੂਰਨ ਥਾਂਵਾਂ 'ਤੇ ਲਾ ਦੇਣਾ।" ਮੈਂ ਇਸ਼ਤਿਹਾਰ ਖੋਲ੍ਹੇ ਅਤੇ ਪੜ੍ਹਿਆ ਕਿ ਇਸ ਵਿੱਚ ਇੱਕ ਬੇਜ਼ਮੀਨੇ ਕਿਸਾਨ ਵੱਲੋਂ ਪਿੰਡ ਦੇ ਇੱਕ ਸੂਦਖੋਰ ਜ਼ਿਮੀਂਦਾਰ ਦੇ ਕਤਲ ਦੀ ਕੀਤੀ ਗਈ ਪ੍ਰਸੰਸਾ ਸੀ। ਮੈਂ ਇਸ਼ਤਿਹਾਰ ਉਸਨੂੰ ਵਾਪਸ ਫੜਾਉਂਦਿਆਂ ਕਿਹਾ ਕਿ "ਨਾ ਤੂੰ ਮੈਨੂੰ ਜਾਣਦਾ ਹੈ ਤੇ ਨਾ ਹੀ ਮੈਂ ਤੈਨੂੰ।" ਉਹ ਕਹਿਣ ਲੱਗਿਆ, "ਮੈਂ ਰਾਏਸਰ ਦਾ ਸੰਤ ਰਾਮ ਹਾਂ ਤੇ ਤੂੰ ਸਹਿਜੜਿਆ ਦਾ ਮੇਘ ਰਾਜ। ਐਸ. ਡੀ. ਕਾਲਜ ਬਰਨਾਲਾ ਵਿੱਚ ਬੀ. ਐਸ. ਸੀ. ਕਰਨ ਸਮੇਂ ਤੋਂ ਮੈਂ ਤੈਨੂੰ ਜਾਣਦਾ ਹਾਂ। ਇਹ ਵੀ ਜਾਣਦਾ ਹਾਂ ਕਿ ਤੂੰ ਵਿਦਿਆਰਥੀ ਯੂਨੀਅਨ ਵਿੱਚ ਸਰਗਰਮ ਸੀ।"

ਇਸ ਤਰ੍ਹਾਂ ਉਦਾਸੀ ਨਾਲ ਇਹ ਮੇਰੀ ਪਹਿਲੀ ਮੁਲਾਕਾਤ ਹੋਈ। ਇਸਤੋਂ ਬਾਅਦ ਤਾਂ ਦੋ ਦਹਾਕੇ ਮੁਲਾਕਾਤਾਂ ਦਾ ਇਹ ਸਿਲਸਿਲਾ ਲਗਾਤਾਰ ਚਲਦਾ ਰਿਹਾ। ਉਦਾਸੀ, ਸਰਕਾਰੀ ਹਾਈ ਸਕੂਲ ਚੰਨਣਵਾਲ ਦਾ ਹੀ ਇੱਕ ਪ੍ਰਾਇਮਰੀ ਅਧਿਆਪਕ ਸੀ। ਮੇਰੇ ਜਾਣ ਤੋਂ ਇੱਕ ਮਹੀਨਾ ਪਹਿਲਾ ਹੀ ਉਸਦੀ ਬਦਲੀ ਸਰਕਾਰੀ ਪ੍ਰਾਇਮਰੀ ਸਕੂਲ ਬੀਹਲੀ ਦੀ ਹੋਈ ਸੀ। ਸਕੂਲ ਦੇ ਮੁੱਖ ਅਧਿਆਪਕ ਸ੍ਰੀ ਸੋਹਣ ਲਾਲ ਪੁਰੀ ਜੀ ਨੇ ਸਕੂਲ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪੰਜ ਸੌ ਵੀ ਵਰ੍ਹੇਗੰਢ ਬਹੁਤ ਧੂਮ ਧਾਮ ਨਾਲ ਮਨਾਈ ਸੀ। ਇਸ ਪ੍ਰੋਗਰਾਮ ਦੇ ਜਸ਼ਨ ਤਿੰਨ ਦਿਨ ਤੇ ਤਿੰਨ ਰਾਤਾਂ ਲਗਾਤਾਰ ਜਾਰੀ ਰਹੇ। ਸਟੇਜ ਦੇ ਬਹੁਤੇ ਪ੍ਰੋਗਰਾਮ ਉਦਾਸੀ ਵੱਲੋਂ ਤਿਆਰ ਕੀਤੇ ਗਏ ਵਿਦਿਆਰਥੀਆਂ ਵੱਲੋਂ ਪੇਸ਼ ਕੀਤੇ ਗਏ। ਇਸ ਲਈ ਉਦਾਸੀ ਦੇ ਗੀਤਾਂ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪ੍ਰਸ਼ੰਸਾ ਦੇ ਗੀਤ ਤੇ ਸਿੱਖ ਧਰਮ ਦੀ ਪ੍ਰਸ਼ੰਸਾ ਵਿੱਚ ਗਾਏ ਗੀਤ ਉਸ ਪ੍ਰੋਗਰਾਮ ਲਈ ਤਿਆਰ ਕੀਤੇ ਗਏ ਸਨ। ਉਂਝ ਵੀ ਕੋਈ ਵਿਅਕਤੀ ਜਨਮ ਸਮੇਂ ਤੋਂ ਹੀ ਵਿਚਾਰ ਲੈ ਕੇ ਪੈਦਾ ਨਹੀਂ ਹੁੰਦਾ। ਸਗੋਂ ਵਿਚਾਰਾਂ ਵਿੱਚ ਵਿਕਾਸ ਤਾਂ ਕਿਸੇ ਵਿਅਕਤੀ ਦੀ ਮੌਤ ਤੱਕ ਜਾਰੀ ਰਹਿੰਦਾ ਹੈ। ਕੋਈ ਚਿੱਤਰਕਾਰ ਭਾਵੇਂ ਉਦਾਸੀ ਦੇ ਨੀਲੀ ਪੱਗ ਬੰਨ੍ਹ ਦੇਵੇ ਜਾਂ ਲਾਲ ਇਸ ਨਾਲ ਬਹੁਤਾ ਫ਼ਰਕ ਨਹੀਂ ਪੈਂਦਾ। ਸਗੋਂ ਕਿਸੇ ਵਿਅਕਤੀ ਦੀ ਜ਼ਿੰਦਗੀ ਦਾ ਅਮਲ ਹੀ ਨਿਰਣਾ ਕਰਦਾ ਹੈ ਕਿ ਉਹ ਵਿਅਕਤੀ ਆਪਣੀ ਜ਼ਿੰਦਗੀ ਵਿੱਚ ਕਿਸ ਜਮਾਤ ਦਾ ਪੱਖ ਪੂਰਦਾ ਰਿਹਾ ਹੈ। ਉਦਾਸੀ ਵਿੱਚ ਵੀ ਦੂਸਰੇ ਵਿਅਕਤੀਆਂ ਦੀ ਤਰ੍ਹਾਂ ਗੁਣ ਔਗੁਣ ਹੋ ਸਕਦੇ ਹਨ ਪਰ ਇੱਕ ਗੱਲ ਜੋ ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਉਸਦੀ ਸਮੁੱਚੀ ਜ਼ਿੰਦਗੀ 'ਕੰਮੀਆਂ ਦੇ ਵਿਹੜੇ' ਨੂੰ ਸਮਰਪਤ ਰਹੀ ਹੈ।

ਕਰਤਾਰ ਨਾ ਦਾ ਕਿਸੇ ਗੁਪਤ ਪਾਰਟੀ ਦਾ ਕਾਮਰੇਡ ਮੇਰੇ ਕੋਲ ਅਕਸਰ ਹੀ ਆਉਂਦਾ ਜਾਂਦਾ ਰਹਿੰਦਾ ਸੀ। ਉਸਨੂੰ ਸਾਈਕਲ ਤੇ ਬਿਠਾ ਕੇ ਮੈਂ ਆਪਣੇ ਨਾਲ ਲੈ ਕੇ ਜਾ ਰਿਹਾ ਸਾਂ। ਰਸਤੇ ਵਿੱਚ ਹੀ ਮੈਂ ਉਸਨੂੰ ਪੁੱਛ ਬੈਠਾ ਕਿ "ਕਾਮਰੇਡ ਜੀ, ਉਦਾਸੀ ਦਾ ਕੀ ਹਾਲ ਹੈ?" ਉਹ ਕਹਿਣ ਲੱਗਿਆ ਕਿ, "ਕੁਝ ਹੀ ਦਿਨਾਂ ਵਿੱਚ ਉਹ ਕੁੱਟ ਖਾਈ ਖੜ੍ਹਾ ਹੈ।" ਜਦੋਂ ਮੈਂ ਉਸਨੂੰ ਹੋਰ ਕੁਰੇਦਣ ਦਾ ਯਤਨ ਕੀਤਾ ਤਾਂ ਉਹ ਕਹਿਣ ਲੱਗਿਆ, "ਕਾਮਰੇਡਾਂ ਤੋਂ ਜ਼ਿਆਦਾ ਪੁੱਛਗਿੱਛ ਕਰਨੀ ਠੀਕ ਨਹੀਂ ਹੁੰਦੀ।" ਮੈਂ ਚੁੱਪ ਕਰ ਗਿਆ। ਇਸ ਘਟਨਾ ਤੋਂ ਹਫ਼ਤੇ ਕੁ ਪਿੱਛੋਂ ਮੇਰੀ ਭੈਣ ਦਾ ਵਿਆਹ ਸੀ। ਉਦਾਸੀ ਵੀ ਆਇਆ ਉਸਨੇ ਉਸ ਵਿਆਹ ਵਿੱਚ ਸਿੱਖਿਆ ਵੀ ਗਾਈ। ਉਸ ਸਮੇਂ ਦੇ ਵਿਆਹਾਂ ਵਿੱਚ ਮੁੰਡੇ ਵਾਲੇ ਇੱਕ ਕੈਲੰਡਰ ਛਪਾ ਕੇ ਲਾੜੇ ਦੀ ਪ੍ਰਸੰਸਾ ਵਿੱਚ ਸਿਹਰਾ ਪੜ੍ਹਦੇ ਸਨ ਤੇ ਕੁੜੀ ਵਾਲੇ ਕੁੜੀ ਨੂੰ ਕੁਝ ਸਿਆਣੀਆਂ ਗੱਲਾਂ ਸਿਖਿਆ ਦੇ ਰੂਪ ਵਿੱਚ ਗਾਇਆ ਕਰਦੇ ਸਨ। ਇਸ ਤਰ੍ਹਾਂ ਉਦਾਸੀ ਦੀ ਸੁੰਦਰ ਆਵਾਜ਼ ਵਿੱਚ ਗਾਈ ਸਿਖਿਆ ਨੇ ਵਾਹਵਾ ਪ੍ਰਸੰਸਾ ਖੱਟੀ।

ਫੇਰਿਆਂ ਦੀ ਰਸਮ ਤੋਂ ਬਾਅਦ ਉਦਾਸੀ ਨੇ ਰਾਤੀਂ ਮੇਰੇ ਚਾਚਿਆਂ, ਪਿਤਾ ਅਤੇ ਤਾਇਆ ਜੀ ਨਾਲ ਹੀ ਨਕਸਲਬਾੜੀ ਪਾਰਟੀ ਬਾਰੇ ਲੰਬੀ ਗੱਲਬਾਤ ਸ਼ੁਰੂ ਕਰ ਲਈ। ਅਗਲੇ ਦਿਨ ਸਵੇਰੇ ਹੀ ਮੇਰੇ ਚਾਚਾ ਜੀ ਡਾ. ਜਗਨ ਨਾਥ ਮਿੱਤਲ ਮੈਨੂੰ ਕਹਿਣ ਲੱਗੇ ਕਿ, "ਤੂੰ ਕਿਸੇ ਪਾਰਟੀ ਲਈ ਕੰਮ ਕਰਦਾ ਹੈ ਉਹ ਬੇਸ਼ੱਕ ਕਰੀ ਜਾ ਪਰ ਅੰਡਰ ਗਰਾਉਂਡ ਪਾਰਟੀਆਂ ਦੇ ਕੰਮਾਂ ਨੂੰ ਜਨਤਕ ਕਰਨ ਸਮੇਂ ਬਹੁਤ ਚੌਕਸੀ ਦੀ ਲੋੜ ਹੁੰਦੀ ਹੈ। ਤੇਰੇ ਦੋਸਤ ਉਦਾਸੀ ਨੇ ਇਸ ਪੱਖੋਂ ਅਣਗਹਿਲੀ ਕੀਤੀ ਹੈ। ਉਸਨੇ ਮੀਟਿੰਗ ਵਿੱਚ ਬੈਠੇ ਤੇਰੇ ਤਾਏ ਥਾਣੇਦਾਰ ਦੇਸ਼ ਰਾਜ ਦੀ ਵੀ ਪ੍ਰਵਾਹ ਨਹੀਂ ਕੀਤੀ ਤੇ ਸਭ ਕੁਝ ਦੱਸ ਦਿੱਤਾ ਹੈ।"

ਅਗਲੇ ਦਿਨ ਬਰਾਤ ਨੂੰ ਵਿਦਾ ਕਰਨ ਦੇ ਕੰਮ ਤੋਂ ਮੈਂ ਵਿਹਲਾ ਹੋਇਆ ਹੀ ਸਾਂ ਕਿ ਮੇਰੇ ਕੋਲ ਰਾਤੀਂ ਬਾਰਾਂ ਕੁ ਵਜੇ ਮੇਰਾ ਵਿਦਿਆਰਥੀ ਚੰਨਣਵਾਲ ਤੋਂ ਮਹਿੰਦਰ ਆ ਗਿਆ। ਕਹਿਣ ਲੱਗਿਆ ਰਾਤੀਂ ਪੁਲੀਸ ਨੇ ਉਦਾਸੀ ਨੂੰ ਚੁੱਕ ਲਿਆ ਹੈ। ਉਸਨੇ ਦੱਸਿਆ ਕਿ ਪਿੰਡ ਰਾਏਸਰ ਵਿੱਚ ਉਦਾਸੀ ਦੇ ਘਰ ਦੇ ਨੇੜੇ ਹੀ ਪਿੰਡ ਠੀਕਰੀਵਾਲ ਦੇ ਇੱਕ ਸੂਦਖੋਰ ਦਾ ਕਤਲ ਹੋ ਗਿਆ ਹੈ। ਮਹਿੰਦਰ ਤੇ ਮੈਂ ਉਸੇ ਸਮੇਂ ਸਾਈਕਲ ਲੈ ਕੇ ਤੁਰ ਪਏ ਤਾਂ ਜੋ ਆਲੇ-ਦੁਆਲੇ ਦੇ ਹਮਦਰਦ ਪੰਚਾਂ, ਸਰਪੰਚਾਂ ਨੂੰ ਇਤਲਾਹ ਦਿੱਤੀ ਜਾ ਸਕੇ ਤਾਂ ਜੋ ਉਦਾਸੀ ਨੂੰ ਪੁਲੀਸ ਮੁਕਾਬਲੇ ਤੋਂ ਬਚਾਇਆ ਜਾ ਸਕੇ। ਭਾਵੇਂ ਪੁਲੀਸ ਨੂੰ ਇਹ ਗੱਲ ਸਪੱਸ਼ਟ ਸੀ ਕਿ ਕਤਲ ਉਦਾਸੀ ਨੇ ਨਹੀਂ ਕੀਤਾ ਫਿਰ ਵੀ ਉਦਾਸੀ ਘੋਰ ਪੁਲੀਸ ਤਸੱਦਦ ਦਾ ਸ਼ਿਕਾਰ ਹੋਇਆ। ਪੁਲੀਸ ਨੇ ਸਾਡੇ ਵਿਦਿਆਰਥੀਆਂ ਮਹਿੰਦਰ ਤੇ ਦਰਸ਼ਨ ਨੂੰ ਫੜਨ ਲਈ ਚੰਨਣਵਾਲ ਦੇ ਕਈ ਮਹਿੰਦਰ ਤੇ ਦਰਸ਼ਨ ਹੀ ਫੜ੍ਹ ਲਏ।

ਉਦਾਸੀ ਦੇ ਸਕੂਲ ਬੀਹਲੀ ਨੂੰ ਉਸਦੇ ਪਿੰਡ ਰਾਏਸਰ ਤੋਂ ਉਨ੍ਹਾਂ ਸਮਿਆਂ ਵਿੱਚ ਜੋ ਰਸਤਾ ਜਾਂਦਾ ਸੀ ਉਹ ਚੰਨਣਵਾਲ ਹੋਕੇ ਹੀ ਜਾਂਦਾ ਸੀ। ਉਂਝ ਵੀ ਉਨ੍ਹਾਂ ਸਮਿਆਂ ਵਿੱਚ ਪ੍ਰਾਇਮਰੀ ਸਕੂਲ ਹਾਈ ਸਕੂਲ ਤੋਂ ਘੰਟਾ ਕੁ ਪਹਿਲਾ ਬੰਦ ਹੋ ਜਾਂਦੇ ਸਨ। ਇਸ ਲਈ ਉਦਾਸੀ

ਨਾਲ ਮੁਲਾਕਾਤ ਰੋਜ਼ ਦਾ ਸਿਲਸਿਲਾ ਬਣੀ ਹੋਈ ਸੀ। ਉਦਾਸੀ ਦਾ ਆਪਣੇ ਵਿਦਿਆਰਥੀਆਂ ਨਾਲ ਮੋਹ ਵੀ ਪੁੱਤਾਂ ਧੀਆਂ ਵਾਲਾ ਸੀ। ਇਸ ਲਈ ਉਦਾਸੀ ਦੇ ਆਉਣ ਤੇ ਉਸਦੇ ਵਿਦਿਆਰਥੀ ਦੂਣ ਸਿਵਾਏ ਹੋ ਜਾਂਦੇ। ਇਨ੍ਹਾਂ ਹੀ ਸਮਿਆਂ ਵਿੱਚ ਮੈਂ ਆਪਣੇ ਪਿੰਡ ਵਿੱਚ ਹਰ ਸਾਲ ਨਾਟਕਾਂ ਦਾ ਪ੍ਰੋਗਰਾਮ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਆਯੋਜ਼ਿਤ ਕਰਦਾ ਹੀ ਰਹਿੰਦਾ ਸਾਂ। ਇਹ ਪ੍ਰੋਗਰਾਮ ਗੁਰਸ਼ਰਨ ਭਾਅ ਜੀ, ਜਾਂ ਮਹਿੰਦਰ ਪਾਲ ਭੱਠਲ ਦੀਆਂ ਨਾਟਕ ਟੀਮਾਂ ਵੱਲੋਂ ਪੇਸ਼ ਕੀਤੇ ਜਾਂਦੇ ਸਨ। ਉਦਾਸੀ ਵੀ ਇਨ੍ਹਾਂ ਸਟੇਜਾਂ ਤੇ ਆਪਣੇ ਗੀਤਾਂ ਦੀ ਪੇਸ਼ਕਾਰੀ ਕਰਨੀ ਨਾ ਭੁੱਲਦਾ।

ਬੇਰੁਜ਼ਗਾਰ ਅਧਿਆਪਕ ਯੂਨੀਅਨ ਇਨ੍ਹਾਂ ਸਮਿਆਂ ਵਿੱਚ ਕਾਫ਼ੀ ਸਰਗਰਮ ਸੀ। ਇਸਦੇ ਸਟੇਟ ਪੱਧਰ ਦੇ ਪ੍ਰੋਗਰਾਮ ਭਾਵੇਂ ਚੰਡੀਗੜ੍ਹ ਹੁੰਦੇ ਜਾਂ ਜਲੰਧਰ ਦੇ ਦੇਸ਼ ਭਗਤ ਯਾਦਗਾਰ ਹਾਲ ਵਿੱਚ ਅਸੀਂ ਉਦਾਸੀ ਦੀ ਅਜਿਹੇ ਪ੍ਰੋਗਰਾਮਾਂ ਤੇ ਹਾਜ਼ਰੀ ਯਕੀਨੀ ਬਣਾਉਂਦੇ। ਮੈਨੂੰ ਅੱਜ ਵੀ ਯਾਦ ਹੈ ਕਿ ਪੰਜ ਬੇਰੁਜ਼ਗਾਰ ਅਧਿਆਪਕਾਂ ਦੇ ਚਹੇੜੂ ਜ਼ਿਲ੍ਹਾ ਜਲੰਧਰ ਨੇੜੇ ਸ਼ਹੀਦ ਹੋਣ ਵਾਲੇ ਦਿਨ ਉਦਾਸੀ ਨੇ ਦੇਸ਼ ਭਗਤ ਹਾਲ ਜਲੰਧਰ ਵਿੱਚ ਗੀਤ ਗਾਇਆ ਸੀ

"ਸਾਡੀ ਵੀਹੀ ਵਿੱਚ ਚੂੜੀਆਂ ਦਾ ਹੋਕਾਂ ਦੇਈਂ ਨਾ
ਵੀਰਾ ਵਣਜਾਰਿਆ।

ਭਾਰਤ ਸਰਕਾਰ ਨੇ ਅੰਦੋਲਨਾਂ ਤੋਂ ਡਰਕੇ 1975 ਵਿੱਚ ਐਮਰਜੈਂਸੀ ਲਾ ਦਿੱਤੀ। ਸਰਗਰਮ ਸਾਥੀਆਂ ਦੀਆਂ ਸਰਗਰਮੀਆਂ ਦੀ ਦਿਸ਼ਾ ਬਦਲ ਦਿੱਤੀ ਗਈ। ਮੈਨੂੰ ਵੀ ਹਦਾਇਤ ਹੋਈ ਕਿ ਮੈਂ ਪਿੰਡ ਪੱਧਰ ਤੇ ਲੋਕਾਂ ਨਾਲ ਤਾਲਮੇਲ ਜ਼ਿਆਦਾ ਬਣਾਉਣ ਲਈ ਬਾਲਗਾਂ ਨੂੰ ਸਾਖਰ ਬਣਾਉਣ ਦਾ ਇੱਕ ਸਕੂਲ ਸ਼ੁਰੂ ਕਰਾਂ। ਮੈਂ ਪਿੰਡ ਦੇ ਹੀ ਪੰਜਾਹ ਕੁ ਬਾਲਗਾਂ ਨੂੰ ਇਕੱਠੇ ਕਰ ਲਿਆ ਤੇ ਪਿੰਡ ਦੀ ਧਰਮਸ਼ਾਲਾ ਵਿੱਚ ਰਾਤੀਂ ਪੜ੍ਹਾਉਣਾ ਸ਼ੁਰੂ ਕਰ ਦਿੱਤਾ। ਮੇਰਾ ਕੰਮ ਤਾਂ ਉਨ੍ਹਾਂ ਦੀ ਸੋਚ ਵਧੀਆ ਬਣਾਉਣ ਦਾ ਸੀ। ਇੱਕ ਰਾਤੀਂ ਮੈਂ ਉਦਾਸੀ ਨੂੰ ਵੀ ਬੁਲਾ ਲਿਆ ਉਸਨੇ ਉਨ੍ਹਾਂ ਵਿਦਿਆਰਥੀਆਂ ਨੂੰ ਆਪਣੇ ਗੀਤ ਸੁਣਾਏ ਤੇ ਲਿਖਣ ਲਈ ਪ੍ਰੇਰਿਆ।

ਚੰਨਣਵਾਲ ਤੋਂ ਬਰਨਾਲੇ ਨੂੰ ਜਾਂਦੇ ਸਮੇਂ ਅਕਸਰ ਹੀ ਮੈਂ ਉਦਾਸੀ ਦੇ ਘਰ ਚਲਿਆ ਜਾਂਦਾ। ਗੱਲਾਂ ਬਾਤਾਂ ਤੋਂ ਥੱਕ ਕੇ ਅਸੀਂ ਉਸਦੇ ਵੱਡੇ ਪੁੱਤਰ ਬੱਲੀ ਦੇ ਗੀਤਾਂ ਨੂੰ ਸੁਣਦੇ ਉਸ ਸਮੇਂ ਉਸਦੀ ਆਵਾਜ਼ ਵਿੱਚੋਂ ਉਦਾਸੀ ਦੇ ਮੁਕਾਬਲੇ ਦੀ ਆਵਾਜ਼ ਦੀ ਝਲਕ ਪੈਂਦੀ ਸੀ, ਪਰ ਜੁਆਨੀ ਸਮੇਂ ਲੱਗੀ ਨਸ਼ੇ ਦੀ ਲੱਤ ਨੇ ਬੱਲੀ ਨੂੰ ਖਾ ਲਿਆ।

ਉਦਾਸੀ ਦਾ ਸਾਈਕਲ ਨਾਲ ਪਿਆਰ ਕੁੱਝ ਜ਼ਿਆਦਾ ਹੀ ਸੀ। 20-30 ਮੀਲ ਦਾ ਪੈਂਡਾ ਉਸਨੂੰ ਕੋਈ ਥਕਾਵਟ ਨਹੀਂ ਸੀ ਦਿੰਦਾ। ਬੰਦੇ ਵਿੱਚ ਕਿਸੇ ਕੰਮ ਲਈ ਪੈਦਾ ਹੋਈ ਦਿਲਚਸਪੀ ਮੂਹਰੇ ਥਕਾਵਟ ਕਿਸੇ ਕਿਸਮ ਦਾ ਕੋਈ ਅੜਿਕਾ ਨਹੀਂ ਬਣਦੀ। ਲੋਕਾਂ ਲਈ ਗੀਤ ਲਿਖਣੇ ਤੇ ਸਟੇਜ਼ਾਂ ਤੇ ਪੇਸ਼ ਕਰਨੇ ਉਦਾਸੀ ਦੇ ਦਿਲਚਸਪੀ ਦੇ ਵਿਸ਼ੇ ਸਨ।

2003-2004 ਵਿੱਚ ਮੈਨੂੰ ਕੈਨੇਡਾ ਜਾਣ ਦਾ ਮੌਕਾ ਮਿਲਿਆ। ਇੱਕ ਸਾਥੀ ਮੈਨੂੰ ਕਹਿਣ ਲੱਗਿਆ ਮੈਂ ਤੁਹਾਨੂੰ ਅਜਿਹੇ ਤੀਰਥ ਸਥਾਨ ਦੇ ਦਰਸ਼ਨ ਕਰਵਾਉਣੇ ਹਨ ਜਿੱਥੇ ਤੁਹਾਨੂੰ ਪਹਿਲਾ ਕੋਈ ਨਹੀਂ ਲੈ ਕੇ ਗਿਆ ਹੋਵੇਗਾ। ਉਸਨੇ ਮੈਨੂੰ ਕਾਰ ਵਿੱਚ ਬਿਠਾ ਲਿਆ ਤੇ ਉਸ ਰਸਤੇ ਤੇ ਲੈ ਗਿਆ ਜਿੱਥੋਂ ਦੀ ਟਰੱਕ ਉਪਰ ਖੜ੍ਹ ਕੇ ਉਦਾਸੀ ਹੇਕਾਂ ਲਾਉਂਦਾ ਜਾ ਰਿਹਾ ਸੀ ਕਾਰਾਂ ਵਿੱਚ ਲੋਕਾਂ ਦਾ ਕਾਫ਼ਲਾ ਉਸਦੇ ਪਿੱਛੇ ਜਾ ਰਿਹਾ ਸੀ। ਉਸਦੀ ਇਸ ਗੱਲ ਨੇ ਮੈਨੂੰ ਇਹ ਅਹਿਸਾਸ ਕਰਵਾਇਆ ਕਿ ਸਾਡੇ ਇਲਾਕੇ ਦੇ ਕੰਮੀਆਂ ਦੇ ਵਿਹੜੇ ਵਿੱਚ ਪੈਦਾ ਹੋਏ ਪ੍ਰਾਇਮਰੀ ਅਧਿਆਪਕ ਨੇ ਕਿਵੇਂ ਉੱਚੀਆਂ ਥਾਂਵਾਂ ਤੇ ਪੈੜਾ ਪਾਈਆਂ ਹਨ।

ਮੈਨੂੰ ਅੱਜ ਵੀ ਯਾਦ ਹੈ ਜਦੋਂ ਉਦਾਸੀ ਨੇ ਕੁਝ ਸਮੇਂ ਲਈ ਮੇਰੇ ਨਾਲ ਮੂੰਹ ਮੋਟਾ ਕਰ ਲਿਆ ਸੀ। ਘਟਨਾ ਇਸ ਤਰ੍ਹਾਂ ਸੀ ਕਿ ਬੇਰੁਜ਼ਗਾਰ ਅਧਿਆਪਕ ਯੂਨੀਅਨ ਨੇ ਗ੍ਰਿਫ਼ਤਾਰੀਆਂ ਦੇਣ ਦਾ ਐਲਾਨ ਕਰ ਦਿੱਤਾ ਸੀ। ਸਾਡੇ ਵਿੱਚੋਂ ਕੁੱਝ ਪੱਕੇ ਅਧਿਆਪਕਾਂ ਨੂੰ ਜੇਲ੍ਹ ਵਿੱਚ ਬੇਰੁਜ਼ਗਾਰ ਅਧਿਆਪਕਾਂ ਦਾ ਮਨੋਬਲ ਕਾਇਮ ਰੱਖਣ ਲਈ ਗ੍ਰਿਫ਼ਤਾਰ ਹੋਣ ਦਾ ਹੁਕਮ ਦੇ ਦਿੱਤਾ ਗਿਆ। ਮੈਂ ਵੀ ਗ੍ਰਿਫ਼ਤਾਰੀ ਦੇ ਦਿੱਤੀ। ਗਰਭਵਤੀ ਹੋਣ ਕਾਰਨ ਮੇਰੀ ਪਤਨੀ ਵੀ ਘਰ ਨੂੰ ਜਿੰਦਾ ਲਾ ਕੇ ਪੇਕੇ ਜਾ ਵੜੀ। ਤਿੰਨ ਮਹੀਨਿਆਂ ਪਿੱਛੋਂ ਮੈਨੂੰ ਰਿਹਾਅ ਕੀਤਾ ਗਿਆ। ਜੇਲ੍ਹੋਂ ਬਾਹਰ ਆਉਣ ਤੋਂ ਚਾਰ ਦਿਨ ਬਾਅਦ ਮੇਰੇ ਘਰ ਸਪੁੱਤਰ ਨੇ ਜਨਮ ਲਿਆ। ਘਰ ਬੰਦ ਸੀ ਤਨਖਾਹ ਮਿਲੀ ਨਹੀਂ ਸੀ ਉਦਾਸੀ ਵਧਾਈਆਂ ਦੇਣ ਲਈ ਆ ਗਿਆ। ਮੈਂ ਉਸਨੂੰ ਮਜ਼ਬੂਰੀ ਦੱਸ ਦਿੱਤੀ। ਪਰ ਉਸਨੇ ਇਸ ਗੱਲ ਤੇ ਯਕੀਨ ਨਾ ਕੀਤਾ ਕਿ ਮੈਂ ਕਦੇ ਪੈਸੇ ਪੱਖੋਂ ਤੰਗ ਵੀ ਹੋ ਸਕਦਾ ਹਾਂ। ਉਸਨੇ ਮੇਰੀਆਂ ਵੇਖੀਆਂ ਪਹਿਲੀਆਂ ਹਾਲਤਾਂ ਤੋਂ ਮੇਰੇ ਬਾਰੇ ਪੈਸੇ ਪੱਖੋਂ ਖੁਸ਼ਹਾਲ ਹੋਣ ਦਾ ਭਰਮ ਪਾਲਿਆ ਹੋਇਆ ਸੀ।

ਸਾਹਿਤ ਸਭਾ ਵਿੱਚ ਵੀ ਕਈ ਵਾਰੀ ਉਦਾਸੀ ਨਾਲ ਮੁਲਾਕਾਤ ਹੋ ਜਾਂਦੀ ਸੀ। ਪ੍ਰੋਫੈਸਰ ਪ੍ਰੀਤਮ ਸਿੰਘ ਰਾਹੀ ਵੈਦਗਿਰੀ ਦਾ ਕੰਮ ਕਰਦੇ ਸਨ ਇੱਕ ਦਿਨ ਉਹ ਉਦਾਸੀ ਨੂੰ ਕਹਿਣ ਲੱਗੇ "ਉਦਾਸੀ ਅਗਲੇ ਜਨਮ ਵਿੱਚ ਤੂੰ ਕੱਟਾ ਬਣੇਗਾ।" ਉਦਾਸੀ ਨੇ ਪੁੱਛਿਆ ਕਿਵੇਂ ? ਤਾਂ ਉਹ ਕਹਿਣ ਲੱਗੇ, "ਹੁਣ ਤੂੰ ਸਾਰਾ ਦਿਨ ਸਟੇਜ਼ਾਂ ਤੇ ਰਿੰਗਦਾ ਰਹਿੰਦਾ ਹੈ ਤੇ ਫਿਰ ਕੱਟਾ ਬਣ ਕੇ ਰਿੰਗਦਾ ਰਿਹਾ ਕਰੇਗਾ।" ਉਦਾਸੀ ਮੋੜਵਾ ਕਹਿਣ ਲੱਗਿਆ, "ਰਾਹੀ ਜੀ ਤੁਸੀਂ ਤਾਂ ਫਿਰ ਬੱਕਰੀ ਬਣੋਗੇ।" ਰਾਹੀ ਪੁੱਛਣ ਲੱਗਿਆ ਕਿਵੇਂ ? ਤਾਂ ਉਦਾਸੀ ਕਹਿਣ ਲੱਗਿਆ, "ਸਾਰਾ ਦਿਨ ਹੁਣ ਤੁਸੀਂ ਹੱਥ ਨਾਲ ਗੋਲੀਆ ਵੱਟਦੇ ਰਹਿੰਦੇ ਹੋ ਫਿਰ ਪਿੱਠ ਰਾਹੀਂ ਵੱਟਿਆ ਕਰੋਗੇ।" ਇਸ ਤਰ੍ਹਾਂ ਹਲਕਾ ਫੁਲਕਾ ਮਜ਼ਾਕ ਕਰਨਾ ਤੇ ਕਰਵਾਉਣਾ ਵੀ ਉਦਾਸੀ ਦੀ ਅਪੱਣਤ ਦਾ ਇੱਕ ਢੰਗ ਹੁੰਦਾ ਸੀ।

ਉਦਾਸੀ ਦੇ ਤੁਰ ਜਾਣ ਤੋਂ ਬਾਅਦ ਇੱਕ ਗੱਲ ਜਿਹੜੀ ਥੋੜ੍ਹੀ ਬਹੁਤ ਧਰਵਾਸ ਦਿੰਦੀ ਹੈ ਉਹ ਇਹ ਹੈ ਕਿ ਉਸਦੀ ਧੀ "ਇਕਬਾਲ ਕੌਰ ਉਦਾਸੀ" ਨੇ ਉਸ ਦੁਆਰਾ ਪਾਈ ਪਗਡੰਡੀ ਤੇ ਤੁਰਨਾ ਜਾਰੀ ਰੱਖਿਆ ਹੋਇਆ ਹੈ। ਮੇਰੇ ਪਿਤਾ ਜੀ ਕਮਿਊਨਿਸ਼ਟ ਪਾਰਟੀ ਮਾਰਕਸਵਾਦੀ ਦੇ ਮੈਂਬਰ ਸਨ। ਮੇਰੇ ਕੋਲ ਆਉਣ ਸਮੇਂ ਉਦਾਸੀ ਨਾਲ ਵੀ ਉਨ੍ਹਾਂ ਦਾ ਬਹਿਸ ਵਟਾਂਦਰਾ ਹੁੰਦਾ ਹੀ ਰਹਿੰਦਾ ਸੀ। ਕਿਸੇ ਗੱਲ ਤੋਂ ਮੈਨੂੰ ਵਰਜਣ ਲਈ ਉਹ ਉਦਾਸੀ ਦੁਆਰਾ ਕਹੀਆਂ ਗੱਲਾਂ ਨੂੰ ਆਧਾਰ ਬਣਾਇਆ ਕਰਦੇ ਸਨ।

ਅੰਡਰਗਰਾਉਂਡ ਪਾਰਟੀ ਦੀਆਂ ਕਈ ਮੀਟਿੰਗਾਂ ਵਿੱਚ ਉਦਾਸੀ ਵੀ ਹਾਜ਼ਰ ਹੁੰਦਾ ਸੀ। ਮੈਨੂੰ ਯਾਦ ਹੈ ਸਾਡੇ ਪਿੰਡ ਸਹਿਜੜੇ ਵਿੱਚ ਹੋਈ ਇੱਕ ਮੀਟਿੰਗ ਵਿੱਚ ਉਦਾਸੀ ਵੀ ਹਾਜ਼ਰ ਸੀ ਕਿਉਂਕਿ ਉਦਾਸੀ ਦੇ ਪਿੰਡ ਰਾਏਸਰ ਦੀ ਜੂਹ ਸਾਡੇ ਪਿੰਡ ਸਹਿਜੜੇ ਨਾਲ ਲੱਗਦੀ ਸੀ। ਇਸ ਲਈ ਸਾਡਾ ਇੱਕ ਦੂਜੇ ਕੋਲ ਆਉਣਾ ਜਾਣਾ ਆਮ ਸੀ। ਉਸ ਮੀਟਿੰਗ ਵਿੱਚ ਬੈਠੇ ਇੱਕ ਕਿਸਾਨ ਨੂੰ ਸਵੇਰੇ ਜਦੋਂ ਅਸੀਂ ਪੁੱਛਿਆ ਕਿ ਕਾਮਰੇਡ ਨੇ ਰਾਤ ਭਰ ਕੀ ਕਿਹਾ ਹੈ ਤਾਂ ਉਹ ਕਹਿਣ ਲੱਗਿਆ ਕਿ ਮੇਰੇ ਤਾਂ ਇੱਕ ਗੱਲ ਯਾਦ ਹੈ ਕਿ "ਮਾਓ ਕਹਿੰਦਾ ਹੈ ਗੋਲੀ ਮਾਰ ਦਿਓ।"

ਜਗਦੀਸ ਮਾਂਦਾ ਪਿੰਡ ਰਾਏਸਰ ਦਾ ਸਰਪੰਚ ਸੀ ਉਹ ਸੀ. ਪੀ. ਐਮ. ਦਾ ਕੁਲ ਵਕਤੀ ਵੀ ਰਿਹਾ ਹੈ। ਉਦਾਸੀ ਤੇ ਮਾਂਦੇ ਦੇ ਵਿਚਾਰਕ ਮੱਤਭੇਦ ਕਈ ਵਾਰੀ ਦੋਹਾਂ ਦੀਆਂ ਗੱਲਾਂ ਵਿੱਚੋਂ ਵੀ ਝਲਕਦੇ ਰਹਿੰਦੇ ਸਨ। ਰਾਏਸਰ ਦੇ ਪਿੰਡ ਦਾ ਇੱਕ ਨੌਜੁਆਨ ਮੇਹਰ ਵੀ ਸੀ ਜੋ ਪੁਲੀਸ ਨੇ ਮੁਕਾਬਲਾ ਬਣਾ ਕੇ ਸ਼ਹੀਦ ਕਰ ਦਿੱਤਾ ਸੀ ਉਹ ਐਸ. ਡੀ. ਕਾਲਜ ਬਰਨਾਲਾ ਵਿੱਚ ਸਾਡੇ ਨਾਲ ਯੂਨੀਅਨ ਵਿੱਚ ਸਰਗਰਮ ਸੀ। ਅਕਸਰ ਉਸਦੇ ਸੁਨੇਹੇ ਉਸਦੇ ਘਰ ਪੁਚਾਉਣੇ ਤੇ ਘਰ ਦੀ ਸੁਖ ਸਾਂਦ ਮੇਹਰ ਨੂੰ ਭੇਜਣੀ ਵੀ ਉਦਾਸੀ ਦੀ ਡਿਊਟੀ ਸੀ।

ਉਦਾਸੀ ਦੇ ਲਿਖੇ ਗੀਤਾਂ ਦੀਆਂ ਕਿਤਾਬਾਂ ਦੀ ਮੰਗ ਅੱਜ ਵੀ ਬਹੁਤ ਜ਼ਿਆਦਾ ਹੈ ਇਹ ਇਸ ਗੱਲ ਦੀ ਪ੍ਰਤੀਕ ਹੈ ਲੋਕਾਂ ਵਿੱਚ ਗੀਤਾਂ ਦੇ ਰੂਪ ਵਿੱਚ ਉਦਾਸੀ ਅੱਜ ਵੀ ਵਿਰਾਜਮਾਨ ਹੈ। ਮੈਂ ਸਮਝਦਾ ਹਾਂ ਕਿ ਜਿਉਂ ਜਿਉਂ ਜਮਾਤੀ ਸੰਘਰਸ਼ ਤੇਜ਼ ਹੁੰਦੇ ਜਾਣਗੇ ਇਸਦੇ ਨਾਲ ਹੀ ਉਦਾਸੀ ਦੇ ਗੀਤਾਂ ਦੀਆਂ ਹੇਕਾਂ ਵੀ ਤੇਜ਼ ਹੁੰਦੀਆਂ ਜਾਣਗੀਆਂ। ਪੰਜਾਬ ਦੀ ਧਰਤੀ 'ਤੇ ਰਹਿੰਦੀ ਲੋਕਾਈ ਤੱਕ ਇਨ੍ਹਾਂ ਹੇਕਾਂ ਦੀ ਗੂੰਜ ਆਉਂਦੀ ਰਹੇਗੀ।

**- ਮੇਘ ਰਾਜ ਮਿੱਤਰ**

# ਜਾਦੂ ਦੇ ਟਰਿੱਕ

**ਸਰਜੀਤ ਤਲਵਾਰ**



## ਪਾਣੀ ਨੂੰ ਬਰਫ਼ ਵਿਚ ਬਦਲਣਾ

ਜਾਦੂਗਰ ਦੇ ਹੱਥ ਵਿੱਚ ਇਕ ਕੱਚ ਦਾ ਗਿਲਾਸ ਹੁੰਦਾ ਹੈ। ਉਸ ਦੇ ਵਿਚ ਉਹ ਜੱਗ ਨਾਲ ਪਾਣੀ ਭਰਦਾ ਹੈ। ਫਿਰ ਉਹ ਗਿਲਾਸ ਨੂੰ ਖੱਬੇ ਹੱਥ ਦੀ ਹਥੇਲੀ ਤੇ ਰੱਖਦਾ ਹੈ। ਅਤੇ ਉਸ ਦੇ ਮੂੰਹ ਨੂੰ ਸੱਜੇ ਹੱਥ ਨਾਲ ਢੱਕ ਦਿੰਦ ਹੈ। ਇਸ ਤੋਂ ਬਾਅਦ ਗਿਲਾਸ ਨੂੰ ਉਲਟਾ ਦਿੰਦਾ ਹੈ। ਦੂਜੇ ਪਲ ਦੇ ਵਿਚ ਦਰਸ਼ਕਾਂ ਦੀ ਹੈਰਾਨੀ ਦਾ ਹਿਸਾਬ ਹੀ ਨਹੀਂ ਰਹਿੰਦਾ ਜਦ ਉਹ ਦੇਖਦੇ ਹਨ ਕਿ ਗਿਲਾਸ ਵਿਚਲਾ ਪਾਣੀ ਜੰਮਦਾ ਜਾ ਰਿਹਾ ਹੈ। ਗਿਲਾਸ ਦੇ ਅੰਦਰ ਬਰਫ਼ ਦੇ ਟੁਕੜੇ ਦਿਖਾਈ ਦਿੰਦੇ ਹਨ। ਇਸ ਤੋਂ ਬਾਅਦ ਜਾਦੂਗਰ ਆਪਣਾ ਸੱਜਾ ਹੱਥ ਵੀ ਗਿਲਾਸ ਦੇ ਮੂੰਹ ਤੋਂ ਚੁੱਕ ਲੈਂਦਾ ਹੈ। ਪਰ ਸਾਰਾ ਪਾਣੀ ਬਰਫ਼ ਬਣ ਚੁੱਕਿਆ ਹੈ। ਇਸ ਲਈ ਗਿਲਾਸ ਦੇ ਮੂੰਹ ਦੇ ਵਿਚੋਂ ਇਕ ਬੂੰਦ ਵੀ ਪਾਣੀ ਦੀ ਨਹੀਂ ਡਿੱਗਦੀ। ਇਸ ਤੋਂ ਬਾਅਦ ਜਾਦੂਗਰ ਇਸ ਗਿਲਾਸ ਨੂੰ ਉਸੇ ਅਵਸਥਾ ਦੇ ਵਿਚ ਇਕੋ ਪਲੇਟ ਦੇ ਵਿਚ ਰੱਖ ਦਿੰਦਾ ਹੈ।



ਜਾਦੂ ਦਾ ਸਾਮਾਨ : ਸੈਲਉਲਾਇਡ ਦੀ ਇਕ ਛੋਟੀ ਸ਼ੀਟ, ਸੈਲੋਫੀਨ ਦੇ ਕੁਝ ਟੁਕੜੇ, ਇਕ ਕੱਚ ਦਾ ਗਿਲਾਸ ਅਤੇ ਪਲੇਟ।

ਜਾਦੂ ਦੀ ਤਿਆਰੀ : ਸੈਲਉਲਾਇਡ ਦੀ ਸ਼ੀਟ ਦੇ ਵਿਚੋਂ ਗਿਲਾਸ ਦੇ ਮੂੰਹ ਦੇ ਅਕਾਰ ਦੀ ਇਕ ਗੋਲ ਚੱਕਰੀ ਕੱਟ ਲਵੋ। ਇਹ ਇਸ ਹਿਸਾਬ ਨਾਲ ਕੱਟੋ ਕੇ ਜਦੋਂ ਇਹ ਗਿਲਾਸ ਦੇ ਮੂੰਹ ਦੇ ਉੱਪਰ ਲਗਾਈ ਜਾਵੇ ਤਾਂ ਇਸ ਦੇ ਕਾਰਨ ਗਿਲਾਸ ਦੇ ਮੂੰਹ ਨਾਲ ਚਿਪਕ ਜਾਵੇ। ਇਹ ਸੈਲਉਲਾਇਡ ਦਾ ਢੱਕਣ ਕਿਸੇ ਦੀ ਨਜ਼ਰ ਨਹੀਂ ਚੜ੍ਹਨਾ ਚਾਹੀਦਾ। ਇਸ ਗਿਲਾਸ ਦੇ ਵਿਚ ਖੇਲ ਸ਼ੁਰੂ ਹੋਣ ਤੋਂ ਪਹਿਲਾਂ ਹੀ ਸੈਲੋਫੀਨ ਦੇ ਟੁਕੜੇ ਪਾ ਦਿਓ। ਪਾਣੀ ਤੁਸੀਂ ਖੇਲ ਸ਼ੁਰੂ ਹੋਣ ਤੇ ਦਰਸ਼ਕਾਂ ਦੇ ਸਾਹਮਣੇ ਹੀ ਭਰੋ।

ਜਾਦੂ ਦਾ ਪ੍ਰਦਰਸ਼ਨ : ਜਦੋਂ ਤੁਸੀਂ ਆਪਣਾ ਖੇਲ ਸ਼ੁਰੂ ਕਰੋ ਤਾਂ ਤੁਸੀਂ ਇਸ ਗੱਲ ਦਾ ਧਿਆਨ ਰੱਖੋ ਕਿ ਸੈਲੋਫੀਨ ਦੇ ਟੁਕੜੇ ਪਹਿਲਾਂ ਹੀ ਪਾਣੀ ਦੇ ਅੰਦਰ ਨਾ ਤੈਰਨ ਲੱਗ ਜਾਣ। ਜੇਕਰ ਤੁਹਾਨੂੰ ਇਸ ਗੱਲ ਦਾ ਡਰ ਹੋਵੇ ਤਾਂ ਤੁਸੀਂ ਇਹ ਟੁਕੜੇ ਆਪਣੇ ਸੱਜੇ ਹੱਥ ਦੇ ਵਿਚ ਛੁਪਾ ਕੇ ਰੱਖੋ ਅਤੇ ਪਾਣੀ ਪਾਉਣ ਤੋਂ ਬਾਅਦ ਗਿਲਾਸ ਦੇ ਅੰਦਰ ਦਾ ਦਿਓ। ਇਹ ਕੰਮ ਦਰਸ਼ਕਾਂ ਦੀ ਨਜ਼ਰ ਤੋਂ ਬਚਾ ਕੇ ਕਰਨਾ ਪਵੇਗਾ। ਇਸ ਕੰਮ ਨੂੰ ਹੋਰ ਆਸਾਨ ਕਰਨ ਦੇ ਲਈ ਤੁਸੀਂ ਇਹ ਟੁਕੜੇ ਉਸੇ ਹੱਥ ਦੇ ਵਿਚ ਰੱਖੋ ਜਿਸ ਦੇ ਨਾਲ ਤੁਸੀਂ ਜੱਗ ਚੁੱਕ ਕੇ ਗਿਲਾਸ ਵਿਚ ਪਾਣੀ ਪਾਉਣਾ ਹੈ ਪਾਣੀ ਗਿਲਾਸ ਵਿਚ ਪਾਉਣ ਤੋਂ ਬਾਅਦ ਹੁਸ਼ਿਆਰੀ ਦੇ ਨਾਲ ਤੁਸੀਂ ਇਹ ਟੁਕੜੇ ਜੱਗ ਦੇ ਓਟ ਵਿਚ ਗਿਲਾਸ ਦੇ ਅੰਦਰ ਪਾ ਸਕਦੇ ਹੋ ਜਿਸ ਦਾ ਕਿਸੇ ਨੂੰ ਵੀ ਪਤਾ ਨਹੀਂ ਲੱਗੇਗਾ। ਹੁਣ ਜੱਗ ਥੱਲੇ ਰੱਖ ਦਿਓ ਆਪਣਾ ਸੱਜਾ ਹੱਥ ਫੁਰਤੀ ਨਾਲ ਗਿਲਾਸ ਦੇ ਮੂੰਹ ਤੇ ਰੱਖੋ। ਇਸ ਗੱਲ ਦਾ ਧਿਆਨ ਰੱਖੋ ਕਿ ਤੁਸੀਂ ਆਪਣੇ ਇਸ ਹੱਥ ਦੇ ਨਾਲ ਸੇਲਉਲਾਇਡ ਦੀ ਚੱਕਰੀ ਵੀ ਛੁਪਾ ਕੇ ਲੈ ਕੇ ਆਉਣੀ ਹੈ ਜਦੋਂ ਤੁਸੀਂ ਇਹ ਚੱਕਰੀ ਗਿਲਾਸ ਦੇ ਮੂੰਹ ਤੇ ਫਿੱਟ ਕਰ ਦੇਵੋਗੇ ਅਤੇ ਇਸ ਨੂੰ ਫਿਕਸ ਕਰ ਦੇਵੋਗੇ ਤਾਂ ਤੁਸੀਂ ਗਿਲਾਸ ਨੂੰ ਉਲਟਾ ਦਿਓ। ਆਪਣੀ ਹਥੇਲੀ ਗਿਲਾਸ ਦੇ ਮੂੰਹ ਤੋਂ ਹਟਾ ਲਓ। ਚਕਰੀ ਫਿਟ ਹੋ ਜਾਣ ਦੇ ਕਾਰਨ ਪਾਣੀ ਦੀ ਇਕ ਵੀ ਬੂੰਦ ਥੱਲੇ ਨਹੀਂ ਡਿੱਗੇਗੀ। ਇਸ ਦੇ ਨਾਂਲ ਸੈਲੋਫੀਨ ਦੇ ਟੁਕੜੇ ਇਸ ਤਰ੍ਹਾਂ ਪਾਣੀ ਦੇ ਵਿਚ ਤੈਰਨ ਲੱਗਣਗੇ ਜਿਵੇਂ ਬਰਫ਼ ਜੰਮ ਰਹੀ ਹੋਵੇ। ਸਾਰੇ ਦਰਸ਼ਕ ਹੈਰਾਨ ਹੋ ਜਾਣਗੇ।

## ਤਾਸ਼ ਦੇ ਪੱਤੇ ਦਾ ਪਾਣੀ ਦੇ ਵਿਚ ਘੁਲ ਜਾਣਾ

ਜਾਦੂਗਰ ਤਾਸ਼ ਦੇ ਪੱਤੇ ਨੂੰ ਰੁਮਾਲ ਦੇ ਵਿਚ ਲੈਂਦਾ ਹੈ। ਫਿਰ ਉਸ ਪੱਤੇ ਨੂੰ ਪਾਣੀ ਦੇ ਭਰੇ ਗਿਲਾਸ ਵਿਚ ਪਾਉਂਦੇ ਸਮੇਂ ਸਾਰੇ ਗਿਲਾਸ ਨੂੰ ਰੁਮਾਲ ਦੇ ਨਾਲ ਢੱਕ ਦਿੰਦਾ ਹੈ। ਇਕ ਮਿੰਟ ਦੇ ਬਾਅਦ ਰੁਮਾਲ ਨੂੰ ਗਿਲਾਸ ਤੋਂ ਪਰ੍ਹਾਂ ਹਟਾ ਦਿੰਦਾ ਹੈ। ਦਰਸ਼ਕ ਹੈਰਾਨ ਰਹਿ ਜਾਂਦੇ ਹਨ। ਕਿਉਂਕਿ ਉਹ ਤਾਸ਼ ਦਾ ਪੱਤਾ ਪਾਣੀ ਵਿਚ ਘੁਲ ਚੁੱਕਿਆ ਹੈ।

ਜਾਦੂ ਦਾ ਸਾਮਾਨ : ਤਾਸ਼, ਤਾਸ਼ ਦੇ ਪੱਤੇ ਜਿੰਨਾ ਵੱਡਾ ਸੈਲਉਲਾਇਡ ਦਾ ਟੁਕੜਾ, ਕੱਚ ਦਾ ਗਿਲਾਸ, ਪਾਣੀ ਅਤੇ ਰੁਮਾਲ।

ਜਾਦੂ ਦੀ ਤਿਆਰੀ : ਸੈਲਉਲਾਇਡ ਕੇ ਟੁਕੜੇ ਨੂੰ ਪਹਿਲਾਂ ਹੀ ਰੁਮਾਲ ਦੇ ਵਿਚ ਛੁਪਾ ਦਿਓ ਅਤੇ ਪਾਣੀ ਨਾਲ ਗਿਲਾਸ ਭਰ ਦਿਓ।

ਜਾਦੂ ਦਾ ਪ੍ਰਦਰਸ਼ਨ : ਤੁਸੀਂ ਤਾਸ਼ ਦੀ ਗੁੱਟੀ ਨੂੰ ਚੰਗੀ ਤਰ੍ਹਾਂ ਫੈਂਟ ਦਿਓ ਅਤੇ ਕਿਸੇ ਵੀ ਦਰਸ਼ਕ ਨੂੰ ਪਕੜਾ ਦਿਓ। ਉਸਨੂੰ ਇਸ ਤਾਸ਼ ਦੀ ਗੁੱਟੀ ਦੇ ਵਿਚੋਂ ਕੋਈ ਵੀ ਇਕ ਤਾਸ਼ ਦਾ ਪੱਤਾ ਚੁਣਨ ਲਈ ਆਖੋ। ਦਰਸ਼ਕ ਇਕ ਤਾਸ਼ ਦਾ ਪੱਤਾ ਚੁਣਦਾ ਹੈ। ਤੁਸੀਂ ਉਸ ਤਾਸ਼ ਦੇ ਪੱਤੇ ਨੂੰ ਰੁਮਾਲ ਦੇ ਨਾਲ ਪਕੜੋ ਜਿਸ ਦੇ ਵਿਚ ਤੁਸੀਂ ਸੈਲਉਲਾਇਡ ਦਾ ਟੁਕੜਾ ਪਹਿਲਾਂ ਤੋਂ ਹੀ ਛੁਪਾਇਆ ਹੋਇਆ ਹੈ।

ਦਰਸ਼ਕ ਨੇ ਜੋ ਤਾਸ਼ ਦਾ ਪੱਤਾ ਤੁਹਾਨੂੰ ਚੁਣ ਕੇ ਦਿੱਤਾ ਹੈ ਉਸਨੂੰ ਬਹੁਤ ਹੀ ਚਲਾਕੀ ਦੇ ਨਾਲ ਆਪਣੇ ਕੋਟ ਦੀ ਕਫ ਦੇ ਅੰਦਰ ਪਹੁੰਚਾ ਦਿਓ ਅਤੇ ਸੈਲਉਲਾਇਡ ਦਾ ਟੁਕੜਾ ਇਸ ਤਰ੍ਹਾਂ ਪਕੜ ਲਵੋ ਜਿਵੇਂ ਤੁਸੀਂ ਤਾਸ਼ ਦੇ ਪੱਤਾ ਹੀ ਰੁਮਾਲ ਦੇ ਅੰਦਰ ਪਕੜ ਕੇ ਰੱਖਿਆ ਹੈ ਹੁਣ ਤੁਸੀਂ ਰੁਮਾਲ ਨੂੰ ਗਿਲਾਸ ਦੇ ਉੱਪਰ ਇਸ ਢੰਗ ਦੇ ਨਾਲ ਰੱਖੋ ਕਿ ਇਕ ਤਾਂ ਸਾਰਾ ਗਿਲਾਸ ਰੁਮਾਲ ਨਾਲ ਢੱਕਿਆ ਜਾਵੇ ਦੂਸਰਾ ਇਹ ਕਿ ਗਿਲਾਸ ਦੇ ਅੰਦਰ ਸੈਲਉਲਾਇਡ ਦੇ ਟੁਕੜੇ ਨੂੰ ਅਸਾਨੀ ਨਾਲ ਛੱਡਣ ਵਿਚ ਕੋਈ ਔਖ ਨਾ ਆਵੇ। ਟੁਕੜੇ ਨੂੰ ਪਾਣੀ ਵਿਚ ਛੱਡ ਦਿਓ ਅਤੇ ਆਪਣੇ ਹੱਥ ਦੀਆਂ ਉਂਗਲਾਂ ਨੂੰ ਇਸ ਤਰ੍ਹਾਂ ਰੁਮਾਲ ਸਮੇਤ ਪਾਣੀ ਵਿਚ ਘੋਲੋ ਕਿ ਜਿਵੇਂ ਤੁਸੀਂ ਪਾਣੀ ਦੇ ਗਿਲਾਸ ਦੇ ਵਿਚ ਤਾਸ਼ ਦੇ ਪੱਤੇ ਨੂੰ ਘੋਲ ਰਹੇ ਹੋ। ਇਸ ਤੋਂ ਬਾਅਦ ਤੁਸੀਂ ਰੁਮਾਲ ਨੂੰ ਗਿਲਾਸ ਤੋਂ ਚੁੱਕਣ ਤੋਂ ਬਾਅਦ ਉਸਨੂੰ ਦੋਨੋਂ ਪਾਸੇ ਤੋਂ ਦਰਸ਼ਕਾਂ ਨੂੰ ਦਿਖਾ ਦਿਓ। ਦਰਸ਼ਕ ਖਾਲੀ ਰੁਮਾਲ ਦੇਖ ਕੇ ਪਾਣੀ ਦੇ ਗਿਲਾਸ ਦੇ ਵਿਚ ਪੱਤੇ ਨੂੰ ਲੱਭਣ ਦੀ ਕੋਸ਼ਿਸ਼ ਕਰਨਗੇ ਪਰ ਉਨ੍ਹਾਂ ਨੂੰ ਗਿਲਾਸ ਦੇ ਵਿਚ ਕੁਝ ਵੀ ਦਿਖਾਈ ਨਹੀਂ ਦੇਵੇਗਾ।

ਸਾਰੇ ਦਰਸ਼ਕ ਪ੍ਰਭਾਵਿਤ ਹੋ ਕੇ ਤੁਹਾਡੇ ਲਈ ਤਾੜੀਆਂ ਵਜਾਉਣਗੇ।

## ਤਾਸ਼ ਦੇ ਪੱਤੇ ਦਾ ਰਹੱਸ਼

ਜਾਦੂਗਰ ਤਾਸ਼ ਦੀ ਗੁੱਟੀ ਨੂੰ ਫੈਂਟਦਾ ਹੈ। ਫਿਰ ਉਹ ਇਸ ਤਾਸ਼ ਦੀ ਗੁੱਟੀ ਨੂੰ ਕਿਸੇ ਦਰਸ਼ਕ ਨੂੰ ਪਕੜਾ ਕੇ ਇਸ ਗੁੱਟੀ ਦੇ ਵਿਚੋਂ ਕਿਸੇ ਇਕ ਤਾਸ਼ ਦੇ ਪੱਤੇ ਦਾ ਚੁਨਾਵ ਕਰਨ ਦੇ ਲਈ ਆਖਦਾ ਹੈ। ਜਦੋਂ ਦਰਸ਼ਕ ਤਾਸ਼ ਦਾ ਪੱਤਾ ਚੁਣ ਲੈਂਦਾ ਹੈ ਤਾਂ ਜਾਦੂਗਰ ਉਸ ਤਾਸ਼ ਦੇ ਪੱਤੇ ਨੂੰ ਦਰਸ਼ਕ ਨੂੰ ਦੇਖਣ ਦੇ ਲਈ ਆਖ ਕੇ ਉਸਨੂੰ ਤਾਸ਼ ਦਾ ਪੱਤੇ ਦੁਆਰਾ ਤਾਸ਼ ਦੇ ਵਿਚ ਮਿਲਾਉਣ ਦੇ ਲਈ ਆਖਦਾ ਹੈ। ਜਾਦੂਗਰ

ਤਾਸ਼ ਨੂੰ ਫੈਂਟ ਕੇਕੱਚ ਦੇ ਗਿਲਾਸ ਦੇ ਅੰਦਰ ਪਾ ਦਿੰਦਾ ਹੈ। ਇਸ ਤੋਂ ਬਾਅਦ ਉਹ ਤਾਸ਼ ਦੇ ਚਾਰੇ ਪਾਸੇ ਆਪਣੇ ਜਾਦੂ ਦੇ ਡੰਡੇ ਨੂੰ ਘੁਮਾਉਂਦਾ ਹੈ। ਤਾਸ਼ ਦਾ ਪੱਤਾ ਆਪਣੇ ਆਪ ਤਾਸ਼ ਦੀ ਗੁੱਟੀ ਦੇ ਵਿਚੋਂ ਬਾਹਰ ਨਿਕਲਣਾ ਸ਼ੁਰੂ ਕਰ ਦਿੰਦਾ ਹੈ ਜੋ ਦਰਸ਼ਕ ਨੇ ਚੁਣਿਆ ਹੁੰਦਾ ਹੈ।



ਜਾਦੂ ਦਾ ਸਾਮਾਨ : ਤਾਸ਼ ਦੀ ਇਕ ਗੁੱਟੀ, ਕੱਚ ਦਾ ਗਿਲਾਸ, ਲੋਹੇ ਦਾ ਚੂਰਾ, ਚੁੰਬਕ ਅਤੇ ਜਾਦੂ ਦਾ ਡੰਡਾ।

ਜਾਦੂ ਦੀ ਤਿਆਰੀ : ਕਿਸੇ ਇਕ ਤਾਸ਼ ਦੇ ਪੱਤੇ ਦੇ ਕਿਨਾਰਿਆਂ ਤੇ ਲੋਹੇ ਦਾ ਚੂਰਾ ਕਿਸੇ ਚਿਪਕਾਉਣ ਵਾਲੇ ਪਦਾਰਥ ਦੇ ਨਾਲ ਚਿਪਕਾ ਦਿਓ। ਇਕ ਸਹਿਯੋਗੀ ਦਰਸ਼ਕਾਂ ਦੇ ਵਿਚ ਬੈਠਾ ਦਿਓ।

ਜਾਦੂ ਦਾ ਪ੍ਰਦਰਸ਼ਨ : ਸਭ ਤੋਂ ਪਹਿਲਾਂ ਤੁਸੀਂ ਤਾਸ਼ ਨੂੰ ਚੰਗੀ ਤਰ੍ਹਾਂ ਫੈਂਟੋ ਅਤੇ ਇਕ ਦਰਸ਼ਕ ਨੂੰ ਸਟੇਜ਼ ਦੇ ਉੱਪਰ ਆਉਣ ਲਈ ਆਖੋ ਕਈ ਦਰਸ਼ਕ ਆਉਣ ਦੇ ਲਈ ਤਿਆਰ ਹੋ ਜਾਣਗੇ ਪਰ ਤੁਸੀਂ ਕੇਵਲ ਆਪਣੇ ਸਹਿਯੋਗੀ ਨੂੰ ਹੀ ਸਟੇਜ਼ ਉੱਪਰ ਬੁਲਾਉਣਾ ਹੈ। ਹੁਣ ਤੁਸੀਂ ਤਾਸ਼ ਦੀ ਗੁੱਟੀ ਉਸ ਦੇ ਹੱਥ ਦੇ ਵਿਚ ਪਕੜਾ ਦਿਓ ਅਤੇ ਉਸ ਨੂੰ ਇਕ ਪੱਤੇ ਦੀ ਚੋਣ ਕਰਨ ਦੇ ਲਈ ਆਖੋ। ਜਦੋਂ ਉਹ ਇਹ ਸਭ ਕੁਝ ਕਰ ਦੇਵੇ ਤਾਂ ਤੁਸੀਂ ਉਸ ਨੂੰ ਇਹ ਪੱਤਾ ਤਾਸ਼ ਦੀ ਗੁੱਟੀ ਦੇ ਵਿਚ ਰੱਖਣ ਦੇ ਲਈ ਆਖੋ। ਇਸ ਤੋਂ ਬਾਅਦ ਉਸਨੂੰ ਤਾਸ਼ ਫੈਂਟਣ ਦੇ ਲਈ ਵੀ ਆਖੋ। ਫਿਰ ਤਾਸ਼ ਆਪਣੇ ਹੱਥ ਵਿਚ ਲੈ ਲਵੋ। ਤਾਸ਼ ਨੂੰ ਕੱਚ ਦੇ ਗਿਲਾਸ ਦੇ ਅੰਦਰ ਪਾ ਦਿਓ। ਆਪਣਾ ਵਿਸ਼ੇਸ਼ ਜਾਦੂ ਦਾ ਡੰਡਾ ਉਠਾਓ ਅਤੇ ਗਿਲਾਸ ਦੇ ਕੋਲ ਲੈ ਜਾਓ। ਤਾਸ਼ ਦੇ ਉੱਪਰ ਜਾਦੂ ਦੇ ਡੰਡੇ ਦਾ ਸਪਰਸ਼ ਕਰੋ ਪੱਤਾ ਚੁੰਬਕ ਦੇ ਕਾਰਨ ਹੌਲੀ ਹੌਲੀ ਉੱਪਰ ਉੱਠਣਾ ਸ਼ੁਰੂ ਕਰ ਦੇਵੇਗਾ। ਇਹ ਦੇਖ ਕੇ ਸਾਰੇ ਦਰਸ਼ਕ ਹੈਰਾਨ ਰਹਿ ਜਾਣਗੇ। ਦਰਸ਼ਕ ਉਸ ਸਮੇਂ ਹੋਰ ਵੀ ਹੈਰਾਨ ਹੋਣਗੇ ਜਦੋਂ ਉਹ ਇਹ ਦੇਖਣਗੇ ਕਿ ਇਹ ਪੱਤਾ ਤਾਂ ਉਹੀ ਹੈ ਜੋ ਦਰਸ਼ਕ ਨੇ ਚੁਣਿਆ ਸੀ।

ਸਾਰੇ ਦਰਸ਼ਕ ਤੁਹਾਡੀ ਜਾਦੂਸ਼ਕਤੀ ਦੇ ਲਈ ਤਾੜੀਆਂ ਦਾ ਮੀਂਹ ਵਰਸਾ ਦੇਣਗੇ।

ਇਹ ਸਾਰਾ ਤਜ਼ਰਬਾ ਵਾਰ-ਵਾਰ ਕਰਕੇ ਪਹਿਲਾਂ ਆਪ ਦੇਖੋ। ਦੂਸਰੀ ਗੱਲ ਇਹ ਕਿ ਚੁੰਬਕ ਬਹੁਤ ਜ਼ਿਆਦਾ ਖਿੱਚ ਵਾਲੀ ਹੋਣੀ ਚਾਹੀਦੀ ਹੈ।

## ਸਿੱਕਾ ਗਾਇਬ ਕਰਨਾ

ਟੇਬਲ ਦੇ ਉੱਪਰ ਇਕ ਸਿੱਕਾ ਪਿਆ ਹੁੰਦਾ ਹੈ। ਜਾਦੂਗਰ ਇਕ ਕੱਚ ਦਾ ਗਿਲਾਸ ਲੈਂਦਾ ਹੈ ਅਤੇ ਉਸ ਦੇ ਉੱਪਰ ਇਕ ਰੁਮਾਲ ਰੱਖ ਦਿੰਦਾ ਹੈ। ਫਿਰ ਉਹ ਇਸ ਰੁਮਾਲ ਨਾਲ ਢੱਕੇ ਗਿਲਾਸ ਨੂੰ ਸਿੱਕੇ ਦੇ ਉੱਪਰ ਮੂਧਾ ਮਾਰ ਦਿੰਦਾ ਹੈ। ਫਿਰ ਕੁਝ ਮੰਤਰਾਂ ਦਾ ਜਾਪ ਕਰਦਾ ਹੈ ਅਤੇ ਰੁਮਾਲ ਖਿੱਚ ਦਿੰਦਾ ਹੈ ਸਾਰੇ ਦਰਸ਼ਕ ਹੈਰਾਨ ਰਹਿ ਜਾਂਦੇ ਹਨ ਕਿਉਂਕਿ ਸਿੱਕਾ ਗਾਇਬ ਹੋ ਚੁੱਕਿਆ ਹੁੰਦਾ ਹੈ।

ਜਾਦੂ ਦਾ ਸਾਮਾਨ : ਕੱਚ ਦਾ ਗਿਲਾਸ, ਇਕ ਡਿਜ਼ਾਇਨਦਾਰ ਕਾਗਜ਼, ਇਕ ਕੈਂਚੀ, ਰੁਮਾਲ, ਦੋ ਸਿੱਕੇ।

ਜਾਦੂ ਦੀ ਤਿਆਰੀ : ਕਿਸੇ ਵੀ ਡਿਜ਼ਾਇਨ ਦਾ ਇਕ ਕਾਗਜ਼ ਲੈ ਲਵੋ। ਅਤੇ ਗਿਲਾਸ ਦੇ ਕਿਨਾਰੇ ਉੱਪਰ ਉਸਨੂੰ ਕਿਸੇ ਚਿਪਕਾਉਣ ਵਾਲੇ ਪਦਾਰਥ ਦੇ ਨਾਲ ਚਿਪਕਾ ਦਿਓ। ਇਸ ਚਿਪਕਾਏ ਹੋਏ ਕਾਗਜ਼ ਦਾ ਗਿਲਾਸ ਉੱਪਰ ਪਤਾ ਨਹੀਂ ਲੱਗਣਾ ਚਾਹੀਦਾ। ਇਸੇ ਤਰ੍ਹਾਂ ਦਾ ਕਾਗਜ਼ ਮੇਜ਼ ਦੇ ਉੱਪਰ ਚਿਪਕਾ ਦਿਓ। ਤੁਸੀਂ ਆਪਣੇ ਇਸ ਜਾਦੂ ਦੇ ਖੇਲ ਲਈ ਪੂਰੀ ਤਰ੍ਹਾਂ ਤਿਆਰ ਹੋ।

ਜਾਦੂ ਦਾ ਪ੍ਰਦਰਸ਼ਨ : ਮੇਜ਼ ਦੇ ਉੱਪਰ ਚਿਪਕਾਏ ਗਏ ਕਾਗਜ਼ ਦੇ ਉੱਪਰ ਇਕ ਸਿੱਕਾ ਰੱਖੋ। ਇਹ ਸਿੱਕਾ ਦਰਸ਼ਕਾਂ ਨੂੰ ਚੰਗੀ ਤਰ੍ਹਾਂ ਦਿਖਾਈ ਦੇਣਾ ਚਾਹੀਦਾ ਹੈ। ਇਹ ਸਿੱਕਾ ਕਿਸੇ ਦਰਸ਼ਕ ਤੋਂ ਹੀ ਮੰਗੋ ਤਾਂ ਬਹੁਤ ਵਧੀਆ ਗੱਲ ਹੋਵੇਗੀ।

ਤੁਸੀਂ ਦਰਸ਼ਕਾਂ ਨੂੰ ਕਹੋ ਕਿ ਮੈਂ ਇਸ ਗਿਲਾਸ ਨੂੰ ਸਿੱਕੇ ਦੇ ਉੱਪਰ ਇਕ ਸਿੱਕਾ ਰੱਖੋ। ਇਹ ਸਿੱਕਾ ਦਰਸ਼ਕਾਂ ਨੂੰ ਚੰਗੀ ਤਰ੍ਹਾਂ ਦਿਖਾਈ ਦੇਣਾ ਚਾਹੀਦਾ ਹੈ। ਇਹ ਸਿੱਕਾ ਕਿਸੇ ਦਰਸ਼ਕ ਤੋਂ ਹੀ ਮੰਗੋ ਤਾਂ ਬਹੁਤ ਵਧੀਆ ਗੱਲ ਹੋਵੇਗੀ।

ਤੁਸੀਂ ਦਰਸ਼ਕਾਂ ਨੂੰ ਕਹੋ ਕਿ ਮੈਂ ਇਸ ਗਿਲਾਸ ਨੂੰ ਸਿੱਕੇ ਦੇ ਉੱਪਰ ਰੱਖਾਂਗਾ। ਅਤੇ ਇਹ ਸਿੱਕਾ ਗਾਇਬ ਹੋ ਜਾਵੇਗਾ।" ਇਹ ਕਹਿ ਕੇ ਗਿਲਾਸ ਦੇ ਉੱਪਰ ਆਪਣਾ ਰੁਮਾਲ ਰੱਖ ਦਿਓ ਅਤੇ ਗਿਲਾਸ ਪੂਰੀ ਤਰ੍ਹਾਂ ਰੁਮਾਲ ਨਾਲ ਢੱਕ ਦਿਓ। ਰੁਮਾਲ ਇਸ ਤਰ੍ਹਾਂ ਗਿਲਾਸ ਦੇ ਉੱਪਰ ਰੱਖੋ ਕਿ ਜਦੋਂ ਤੁਸੀਂ ਗਿਲਾਸ ਨੂੰ ਮੇਜ਼ ਦੇ ਉੱਪਰੋਂ ਚੁੱਕੋ ਤਾਂ ਗਿਲਾਸ ਦੇ ਥੱਲੇ ਲੱਗਿਆ ਕਾਗਜ਼ ਦਿਖਾਈ ਨਾ ਦੇਵੇ। ਹੁਣ ਕਹੇ ਅਨੁਸਾਰ ਗਿਲਾਸ ਮੇਜ਼ ਤੋਂ ਚੁੱਕੋ ਅਤੇ ਸਿੱਕੇ ਦੇ ਉੱਪਰ ਰੱਖ ਦਿਓ। ਇਸ ਤਰ੍ਹਾਂ ਕਰਨ ਦੇ ਨਾਲ ਸਿੱਕਾ ਮੇਜ਼ ਅਤੇ ਗਿਲਾਸ ਉੱਪਰ ਲੱਗੇ ਕਾਗਜ਼ ਵਿਚਕਾਰ ਆ ਜਾਵੇਗਾ। ਰੁਮਾਲ ਹਟਾ ਦਿਓ। ਸਿੱਕਾ ਦਿਖਾਈ ਨਹੀਂ ਦੇਵੇਗਾ। ਤੁਸੀਂ ਗਿਲਾਸ ਦੇ ਉੱਪਰ ਰੁਮਾਲ ਪਾ ਦਿਓ ਅਤੇ ਗਿਲਾਸ ਚੁੱਕ ਲਵੋ। ਦਰਸ਼ਕ ਇਸ ਨੂੰ ਦੇਖ ਕੇ ਹੈਰਾਨ ਰਹਿ ਜਾਣਗੇ ਕਿ ਰੁਪਈਆ ਫਿਰ ਤੋਂ ਪ੍ਰਗਟ ਹੋ ਜਾਵੇਗਾ।

ਦਰਸ਼ਕ ਆਪਣੀਆਂ ਅੱਖਾਂ ਤੇ ਵਿਸ਼ਵਾਸ ਨਹੀਂ ਕਰਨਗੇ।

## ਕਾਗਜ਼ ਦਾ ਅੱਗ ਦੇ ਨਾਲ ਨਾ ਮਚਣਾ

ਜਾਦੂਗਰ ਦਰਸ਼ਕਾਂ ਨੂੰ ਦੱਸਦਾ ਹੈ ਕਿ ਅੱਗ ਦੇ ਨਾਲ ਸਾਰੇ ਪ੍ਰਕਾਰ ਦੇ ਕਾਗਜ਼ ਮਚ ਜਾਂਦੇ ਹਨ। ਪਰ ਉਸ ਦਾ ਜਾਦੂ ਕਾਗਜ਼ ਨੂੰ ਅੱਗ ਤੋਂ ਬਚਾ ਸਕਦਾ ਹੈ। ਫਿਰ ਉਹ ਇਕ ਕਾਗਜ਼ ਲੈਂਦਾ ਹੈ ਅਤੇ ਉਸਨੂੰ ਗਿਲਾਸ ਨਾਲ ਲਪੇਟ ਦਿੰਦਾ ਹੈ। ਇਸ ਤੋਂ ਬਾਅਦ ਉਹ ਇਸ ਨੂੰ ਮੋਮਬੱਤੀ ਦੇ ਉੱਪਰ ਕਰਦਾ ਹੈ ਸੱਚਮੁੱਚ ਹੀ ਕਾਗਜ਼ ਨਹੀਂ ਮਚਦਾ। ਸਾਰੇ ਦਰਸ਼ਕ ਜਾਦੂਗਰ ਦੀ ਵਾਹ-ਵਾਹ ਕਰਦੇ ਹਨ।

ਜਾਦੂ ਦਾ ਸਾਮਾਨ : ਅਖਬਾਰੀ ਕਾਗਜ਼, ਗਿਲਾਸ ਅਤੇ ਮੋਮਬੱਤੀ ਜਾਂ ਲਾਇਟਰ।

ਜਾਦੂ ਦੀ ਤਿਆਰੀ : ਪਰੈਕਟਿਸ।

ਜਾਦੂ ਦਾ ਪ੍ਰਦਰਸ਼ਨ : ਕਿਸੇ ਦਰਸ਼ਕ ਨੂੰ ਸਟੇਜ਼ ਦੇ ਉੱਪਰ ਸੱਦੋ ਅਤੇ ਮਾਚਿਸ ਦੇ ਨਾਲ ਮੋਮਬੱਤੀ ਜਗਾਉਣ ਦੇ ਲਈ ਆਖੋ। ਇਸ ਤੋਂ ਬਾਅਦ ਉਸ ਨੂੰ ਅਖਬਾਰ ਦਾ ਇਕ ਟੁਕੜਾ ਦਿਓ ਅਤੇ ਅੱਗ ਉੱਪਰ ਕਰਨ ਦੇ ਲਈ ਕਹੋ ਇਹ ਜਲ ਜਾਵੇਗਾ। ਦਰਸ਼ਕ ਨੂੰ ਇਕ ਹੋਰ ਕਾਗਜ਼ ਦਾ ਟੁਕੜਾ ਦਿਓ ਅਤੇ ਚੈਕ ਕਰਨ ਦੇ ਲਈ ਆਖੋ। ਉਹ ਕਹੇਗਾ ਕਿ ਇਹ ਆਮ ਕਾਗਜ਼ ਦੀ ਤਰ੍ਹਾਂ ਇਕ ਕਾਗਜ਼ ਹੀ ਹੈ। ਹੁਣ ਤੁਸੀਂ ਗਿਲਾਸ ਸਮੇਤ ਇਸ ਕਾਗਜ਼ ਨੂੰ ਮੋਮਬੱਤੀ ਦੇ ਉੱਪਰ ਕਰੋ। ਕਾਗਜ਼ ਦਾ ਵਾਲ ਵੀ ਵਿੰਗਾ ਨਹੀਂ ਹੋਵੇਗਾ। ਸਾਰੇ ਦਰਸ਼ਕ ਹੈਰਾਨ ਰਹਿ ਜਾਣਗੇ। ਹੁਣ ਤੁਸੀਂ ਆਪਣੇਕੋਲ ਖੜ੍ਹੇ ਦਰਸ਼ਕ ਨੂੰ ਵੀ ਕਹੋ ਕਿ ਉਹ ਇਸ ਕਾਗਜ਼ ਨੂੰ ਜਲਾਵੇ। ਉਹ ਬਹੁਤ ਕੋਸ਼ਿਸ਼ ਕਰੇਗਾ ਪਰ ਕਾਗਜ਼ ਨਹੀਂ ਮੱਚੇਗਾ। ਇਸ ਦਾ ਵਿਗਿਆਨਕ ਕਾਰਨ ਹੈ ਕਿ ਕਾਗਜ਼ ਦਾ ਗਿਲਾਸ ਨਾਲ ਚਿਪਕ ਜਾਣ ਦੇ ਕਾਰਨ 'ਜਲਨ ਅੰਕ' ਉੱਚਾ ਹੋ ਜਾਂਦਾ ਹੈ। ਅਰਥਾਤ ਕੱਚ ਦਾ ਗਿਲਾਸ ਸਾਰਾ ਤਾਪ ਆਪਣੇ ਅੰਦਰ ਖਿੱਚ ਲੈਂਦਾ ਹੈ ਜੋ ਕਾਗਜ਼ ਦੇ ਮੱਚਣ ਲਈ ਜ਼ਰੂਰੀ ਹੁੰਦਾ ਹੈ। ਜਾਂ ਫਿਰ ਇੰਝ ਆਖੋ ਕਿ ਕੱਚ ਦਾ ਗਿਲਾਸ ਕਾਗਜ਼ ਨੂੰ ਉਸ ਦੇ ਮੱਚਣ ਅੰਕ ਤੱਕ ਗਰਮ ਨਹੀਂ ਹੋਣ ਦਿੰਦਾ। ਕਿਉਂਕਿ ਇਹ ਨਿਯਮ ਹੈ ਕਿ ਕੋਈ ਪਦਾਰਥ ਉਸ ਸਮੇਂ ਹੀ ਮੱਚਦਾ ਹੈ ਜਦੋਂ ਉਹ ਆਪਣਾ ਜਲਨ ਅੰਕ ਪ੍ਰਾਪਤ ਕਰ ਲੈਂਦਾ ਹੈ ਹਰ ਇਕ ਵਸਤੂ ਦਾ ਜਲਨ ਅੰਕ ਵੱਖ-ਵੱਖ ਹੁੰਦਾ ਹੈ।

# ਮੂਰਖਪੰਥ ਦੀ ਦਲਦਲ ਵਿੱਚ ਫਸੇ ਆਗੂ



"ਬਾਬਾ, ਮੈਂ ਪਹਿਲੀ ਵਾਰੀ ਲੋਕ ਸਭਾ ਦੀ ਚੋਣ ਲੜ ਰਿਹਾ ਹਾਂ। ਮੇਰਾ ਹੱਥ ਅਤੇ ਕੁੰਡਲੀ ਦੇਖ ਕੇ ਦੱਸੋ ਕਿ ਮੈਨੂੰ ਜਿੱਤ ਮਿਲੂਗੀ ਜਾ ਨਹੀਂ ?"

ਬਾਬਾ ਉਮੀਦਵਾਰ ਦੇ ਹੱਥ ਨੂੰ ਫੜ੍ਹ ਕੇ ਦੇਖਦਾ ਹੈ। ਕੁੰਡਲੀ ਪੜ੍ਹਦਾ ਹੈ ਅਤੇ ਮੂੰਹ ਘੁੱਟ ਕੇ ਕਹਿੰਦਾ ਹੈ ਕਿ ਉਸਦੀ ਕੁੰਡਲੀ ਵਿੱਚ ਤਾਂ ਭਿਆਨਕ ਕਾਲਸਰਪ ਯੋਗ ਹੈ, ਜੋ ਉਸ ਦੀ ਤਰੱਕੀ ਦੇ ਰਸਤੇ ਵਿੱਚ ਸਭ ਤੋਂ ਵੱਡਾ ਰੋੜਾ ਹੈ। ਇਸ ਦੇ ਲਈ ਹਵਨ ਕਰਾਉਣਾ ਪਵੇਗਾ। ਉਸ ਦੇ ਬਾਅਦ ਹੀ ਚੋਣ ਵਿੱਚ ਜਿੱਤਣ ਦਾ ਉਪਾਅ ਕਰਨਾ ਪਵੇਗਾ।

ਮੰਦਰਾਂ, ਮਜ਼ਾਰਾਂ, ਪੰਡਤਾਂ ਅਤੇ ਤਾਂਤਰਿਕਾਂ ਦੇ ਇੱਥੇ ਛੋਟੇ ਦਰਜੇ ਤੋਂ ਲੈ ਕੇ ਵੱਡੇ ਆਗੂਆਂ ਦੀ ਭੀੜ ਉਮੜ ਰਹੀ ਹੈ ਅਤੇ ਬਾਬਾਨੁਮਾ ਲੋਕ ਉਹਨਾਂ ਨੂੰ ਜਿੱਤ ਦੀ ਗਾਰੰਟੀ ਦੇ ਰੂਪ ਵਿੱਚ ਧਾਗੇ, ਤਵੀਤ, ਰੁਦਰਾਕਸ਼, ਅੰਗੂਠੀ, ਮਾਲਾ, ਕੜਾ, ਭਸਮ, ਕੌਡੀ ਵਗੈਰਾ ਦੇ ਕੇ ਹਜ਼ਾਰਾਂ ਰੁਪਏ ਠੱਗ ਰਹੇ ਹਨ। ਇਸ ਦੇ ਇਲਾਵਾ ਕਿਸੇ ਨੂੰ ਹਵਨ ਕਰਨ ਤਾਂ ਕਿਸੇ ਨੂੰ ਸ਼ਿਵਲਿੰਗ ਉੱਤੇ ਦੁੱਧ ਚੜ੍ਹਾਉਣ ਦੀ ਸਲਾਹ ਦਿੱਤੀ ਜਾ ਰਹੀ ਹੈ।

ਆਪਣੇ ਇਲਾਕੇ, ਸੂਬੇ ਅਤੇ ਦੇਸ਼ ਦੀ ਤਰੱਕੀ ਦਾ ਨਾਅਰਾ ਲਗਾਉਣ ਵਾਲੇ ਦੇਸ਼ ਨੂੰ ਨਵੀਂ ਸਦੀ ਵਿੱਚ ਲੈ ਜਾਣ ਦੀ ਦੁਹਾਈ ਦੇਣ ਅਤੇ ਨਵੀਂ ਤਕਨੀਕ ਨੂੰ ਲੈ ਕੇ ਭਾਸ਼ਣ ਝਾੜਨ ਵਾਲੇ ਆਗੂ ਹਕੀਕਤ ਵਿੱਚ ਅੰਧ ਵਿਸ਼ਵਾਸ਼ ਦੀ ਦਲਦਲ ਵਿੱਚ ਬੁਰੀ ਤਰ੍ਹਾਂ ਨਾਲ ਫਸੇ ਹੋਏ ਹਨ। ਉਹਨਾਂ ਦਾ ਹਰ ਕੰਮ ਪੰਡਤਾਂ ਅਤੇ ਬਾਬਿਆਂ ਦੀ ਸਲਾਹ ਦੇ ਬਗੈਰ ਨਹੀਂ ਹੁੰਦਾ ਹੈ।

ਬਿਹਾਰ ਦੇ ਮੁੱਖ ਮੰਤਰੀ ਨੀਤੀਸ਼ ਕੁਮਾਰ ਬਿਹਾਰ ਦੀ ਤਰੱਕੀ ਦੀਆਂ ਗੱਲਾਂ ਕਰਦੇ ਹਨ ਅਤੇ ਖ਼ੁਦ ਨੂੰ 'ਵਿਕਾਸ ਪੁਰਖ' ਆਖੇ ਜਾਣ 'ਤੇ ਸੰਕੋਚ ਕਰਦੇ ਹਨ, ਪਰ ਸਿਰ ਉੱਤੇ ਚਾਦਰ ਲੈ ਕੇ ਮਜ਼ਾਰ ਉੱਤੇ ਚੜ੍ਹਾਉਣ ਵਿੱਚ ਉਹਨਾਂ ਨੂੰ ਜ਼ਰਾ ਵੀ ਝਿਜਕ ਜਾਂ ਹਿਚਕ ਮਹਿਸੂਸ ਨਹੀਂ ਹੁੰਦੀ ਹੈ।

ਸਮਾਜ ਵਿਗਿਆਨੀ ਵਿਨੋਦ ਪਾਂਡੇ ਜੀ ਕਹਿੰਦੇ ਹਨ ਕਿ ਜੇਕਰ ਜਦ ਪੰਡਤ ਸਭ ਕੁਝ ਠੀਕ ਦੱਸੇਗਾ ਅਤੇ ਉਮੀਦਵਾਰ ਦੀ ਜਿੱਤ ਦਾ ਪੱਕਾ ਹੋਣਾ ਦੱਸ ਦੇਵੇਗਾ, ਤਾਂ ਉਸ ਦੀ ਠੱਗੀ ਦੀ ਦੁਕਾਨ ਕਿਵੇਂ ਚੱਲੇਗੀ ? ਇਸ ਲਈ ਉਹ ਉਹਨਾਂ ਦੀ ਕਿਸਮਤ ਦੇ ਲੇਖਾਂ ਵਿੱਚ ਦੋਸ਼ ਕੱਢਦੇ ਹਨ ਅਤੇ ਗੜਬੜੀਆਂ ਦੱਸਦੇ ਹਨ। ਇਸ ਨਾਲ ਨੇਤਾ ਜੀ ਬਾਬਿਆਂ ਦੇ ਚੁੰਗਲ ਵਿੱਚ ਆਸਾਨੀ ਨਾਲ ਫਸ ਜਾਂਦੇ ਹਨ ਅਤੇ ਹਵਨ, ਦਾਨ, ਅਗੂੰਠੀਆਂ ਵਗੈਰਾ ਉੱਤੇ ਹਜ਼ਾਰਾਂ ਲੱਖਾਂ ਰੁਪਏ ਫੂਕ ਦਿੰਦੇ ਹਨ।

ਦਿਲਚਸਪ ਗੱਲ ਇਹ ਹੈ ਕਿ ਹਜ਼ਾਰਾਂ ਰੁਪਏ ਖਰਚ ਕਰਕੇ ਪ੍ਰਾਪਤ ਕੀਤੇ ਗਏ ਬਾਬਿਆਂ ਦੇ ਧਾਗੇ, ਤਵੀਤ ਅਤੇ ਪੂਜਾ ਵਗੈਰਾ ਉੱਤੇ ਵੀ ਲੀਡਰਾਂ ਨੂੰ ਭਰੋਸਾ ਨਹੀਂ ਹੈ ਕਿ ਉਹ ਉਹਨਾਂ ਦੀ ਚੋਣਾਵੀ ਕਿਸ਼ਤੀ ਨੂੰ ਪਾਰ ਲਗਾ ਦੇਣਗੇ, ਇਸ ਲਈ ਉਹ ਆਪਣੇ ਪੱਧਰ ਉੱਤੇ 'ਉੱਪਰ ਵਾਲੇ' ਤੋਂ ਸਿੱਧੀਆਂ ਮੰਨਤਾ ਵੀ ਮੰਗ ਰਹੇ ਸਨ। ਕਿਸੇ ਨੇ ਮਨ ਵਿੱਚ ਮੰਨ ਰੱਖਿਆ ਸੀ ਕਿ ਜੇਕਰ ਉਸ ਨੂੰ ਜਿੱਤ ਮਿਲੀ ਤਾਂ ਤਿਰੁਪਤੀ ਜਾ ਕੇ ਸਿਰ ਦੇ ਵਾਲ ਸਫ਼ਾਚੱਟ ਕਰਾ ਲਵੇਗਾ, ਤਾਂ ਕਿਸੇ ਨੇ ਨਾਸਿਕ ਜਾ ਕੇ ਸਾਈਂ ਬਾਬੇ ਦੇ ਮੰਦਰ ਵਿੱਚ ਚੜ੍ਹਾਵਾ ਚੜ੍ਹਾਉਣ ਦਾ ਲਾਲਚ ਉੱਪਰ ਵਾਲੇ ਨੂੰ ਦਿੱਤਾ ਹੋਇਆ ਸੀ। ਕੋਈ ਜਿੱਤਣ ਦੇ ਬਾਅਦ ਛਠ ਪੂਜਾ ਕਰਨ ਦੀ ਮੰਨਤ ਮੰਗ ਚੁੱਕਿਆ ਸੀ, ਤਾਂ ਕੋਈ ਮਜ਼ਾਰ ਉੱਤੇ ਚਾਦਰ ਚੜ੍ਹਾਉਣ ਦਾ ਕਬੂਲਨਾਮਾ ਕਰ ਚੁੱਕਿਆ ਹੈ।

ਰਾਸ਼ਟਰੀ ਜਨਤਾ ਦਲ ਦੇ ਸੁਪਰੀਮੋ ਲਾਲੂ ਪ੍ਰਸ਼ਾਦ ਯਾਦਵ ਖੁੱਲ੍ਹ ਕੇ ਪੂਜਾਪਾਠ ਕਰਦੇ ਅਤੇ ਕਰਵਾਉਂਦੇ ਰਹੇ ਹਨ। ਪਿਛਲੇ ਸਾਲ ਉੱਤਰ ਪ੍ਰਦੇਸ਼ ਦੇ ਵਿੰਦਿਆਚਲ ਮੰਦਰ ਵਿੱਚ ਤਾਂਤਰਿਕ ਵਿਭੂਤੀ ਨਰਾਇਣ ਉਰਫ 'ਪਗਲਾ ਬਾਬਾ' ਦੇ ਦੁਆਰਾ ਪੂਜਾ ਅਤੇ ਹਵਨ ਕਰਵਾ ਕੇ ਉਹ ਖ਼ੂਬ ਚਰਚਾ ਵਿੱਚ ਰਹਿ ਚੁੱਕੇ ਹਨ। ਚਾਰਾ ਘੋਟਾਲੇ ਵਿੱਚ ਫਸਣ ਦੇ ਬਾਅਦ 'ਸੈਟੇਲਾਈਟ ਬਾਬਾ' ਨੇ ਵੀ ਲਾਲੂ ਪ੍ਰਸਾਦ ਯਾਦ ਨੂੰ ਚੰਗਾ ਠੱਗਿਆ ਸੀ। ਉਸਦੇ ਬਾਅਦ ਵੀ ਘੋਟਾਲਿਆਂ ਵਿੱਚ ਫਸੇ ਲਾਲੂ ਪ੍ਰਸਾਦ ਯਾਦਵ ਨੂੰ ਜ਼ੇਲ੍ਹ ਜਾਣਾ ਪਿਆ ਅਤੇ ਇਸੇ ਕਾਰਨ ਉਹ ਚੋਣ ਵੀ ਨਹੀਂ ਲੜ ਸਕੇ।

ਬਿਹਾਰ ਦੇ ਨਿਤੀਸ਼ ਕੁਮਾਰ, ਰਾਜਦ ਸੁਪਰੀਮੋ ਲਾਲੂ ਪ੍ਰਸਾਦ ਯਾਦਵ ਭਾਜਪਾ ਉਮੀਦਵਾਰ ਰਾਮ ਕ੍ਰਿਪਾਲ ਯਾਦਵ, ਜਦ (ਯੂ) ਦੇ ਉਮੀਦਵਾਰ ਰੰਜਨ ਪ੍ਰਸ਼ਾਦ ਯਾਦਵ ਫੁਲਵਾਰੀ ਸ਼ਰੀਫ ਦੇ ਮਜ਼ਾਰ ਅਤੇ ਪਟਨਾ ਹਾਈਕੋਰਟ ਦੇ ਪਿੱਛੇ ਵਾਲੇ ਮਜ਼ਾਰ ਉੱਤੇ ਚਾਦਰ ਚੜ੍ਹਾ ਚੁੱਕੇ ਹਨ।

ਜਦ ਏਨੇ ਵੱਡੇ ਵੱਡੇ ਆਗੂਆਂ ਨੂੰ ਆਪਣੇ ਸਿਆਸੀ ਕੰਮਾਂ ਅਤੇ ਆਪਣੇ ਇਲਾਕਿਆਂ ਦੀ ਜਨਤਾ ਉੱਤੇ ਭਰੋਸਾ ਨਹੀਂ ਹੈ, ਤਾਂ ਨਵੇਂ ਅਤੇ ਛੋਟੇ ਆਗੂਆਂ ਦੀ ਕੀ ਹੈਸੀਅਤ ਹੈ ?

ਉਂਝ ਆਗੂਆਂ ਦਾ ਮੰਦਰ, ਮਸਜਿਦ, ਮਜ਼ਾਰ, ਗਿਰਜਾਘਰ ਵਗੈਰਾ ਥਾਵਾਂ ਉੱਤੇ ਜਾ ਕੇ ਸਿਰ ਝੁਕਾਉਣਾ, ਪੂਜਾਪਾਠ ਕਰਨਾ ਅਤੇ ਦਾਨਦੱਛਣਾ ਦੇਣਾ, ਧਾਗੇ ਤਵੀਤ ਬੰਨ੍ਹਣੇ ਦੀ ਮੂਰਖਪੰਥੀ ਕੋਈ ਨਵੀਂ ਗੱਲ ਨਹੀਂ ਹੈ।

ਚੋਣਾਂ ਦਾ ਮੌਸਮ ਆਉਣ ਉੱਤੇ ਤਾਂ ਲੀਡਰਾਂ ਦੀਆਂ ਅਜਿਹੀਆਂ ਊਲਜਲੂਲ ਹਰਕਤਾਂ ਬਹੁਤ ਵੱਧ ਜਾਂਦੀਆਂ ਹਨ ਅਤੇ ਅਖੌਤੀ ਬਾਬਿਆਂ ਦੀ ਚਾਂਦੀ ਹੋ ਜਾਂਦੀ ਹੈ। ਆਮ ਚੋਣਾ ਦੀ ਡੁਗਡੁਗੀ (ਛੋਟੀ ਡੱਫ, ਡੌਰੂ) ਵੱਜਦੇ ਸਾਰ ਹੀ ਹਰੇਕ ਦਲ ਦੇ ਛੋਟੇ ਵੱਡੇ ਆਗੂ ਮੰਦਰਾਂ ਦੀਆਂ ਘੰਟੀਆਂ ਵਜਾਉਣ ਵਿੱਚ ਲੱਗ ਜਾਂਦੇ ਹਨ। ਚਾਹੇ ਨੀਤੀਸ਼ ਕੁਮਾਰ ਹੋਵੇ ਜਾਂ ਲਾਲੂ ਪ੍ਰਸ਼ਾਦ ਯਾਦਵ ਜਾਂ ਫੇਰ ਰਾਮਵਿਲਾਸ ਪਾਸਵਾਨ ਹੋਵੇ, ਸਭਨਾ ਨੂੰ ਲੋਕਾਂ ਨਾਲੋਂ ਜ਼ਿਆਦਾ ਭਰੋਸਾ ਪੱਥਰ ਦੀਆਂ ਮੂਰਤੀਆਂ ਅਤੇ ਮਜ਼ਾਰਾਂ ਉੱਤੇ ਹੁੰਦਾ ਹੈ।

ਬਾਬਿਆਂ ਦੇ ਚੱਕਰ ਵਿੱਚ ਕਈ ਆਗੂ ਦਿੱਲੀ, ਰਾਜਸਥਾਨ, ਬਨਾਰਸ, ਹਰਿਦੁਆਰ, ਦੇਵਘਰ ਤੱਕ ਦੇ ਚੱਕਰ ਕੱਟ ਆਉਂਦੇ ਹਨ, ਤਾਂ ਕਈ ਤਿਰੁਪਤੀ, ਵੈਸ਼ਨੋ ਦੇਵੀ, ਵਿੰਧਾਵਾਸਿਨੀ ਮੰਦਰ, ਸਾਈਂ ਮੰਦਰ, ਵਿਸ਼ਵਨਾਥ ਮੰਦਰ ਜਾਣ ਦੀ ਮੰਨਤ ਮੰਨ ਚੁੱਕੇ ਹੁੰਦੇ ਹਨ।

ਜੇਕਰ ਆਗੂ ਮੰਦਰਾਂ ਅਤੇ ਪੰਡਤਾਂ ਦੇ ਵਿੱਚ ਘੁੰਮਣ ਦੀ ਬਜਾਏ ਜਨਤਾ ਦੇ ਵਿੱਚ ਰਹਿਣ ਅਤੇ ਅਪਣੇ ਅਪਣੇ ਇਲਾਕਿਆਂ ਦੇ ਵਿੱਚ ਘੁੰਮਣ, ਤਾਂ ਲੋਕਾਂ ਦੇ ਭਰਪੂਰ ਵੋਟ ਪ੍ਰਾਪਤ ਕਰ ਸਕਦੇ ਹਨ। ਏਨਾ ਹੀ ਨਹੀਂ ਅਕਸਰ ਮੀਟ ਸ਼ਰਾਬ ਦਾ ਆਨੰਦ ਲੈਣ ਵਾਲੇ ਆਗੂ ਚੋਣਾਂ ਦੇ ਮੌਸਮ ਵਿੱਚ ਪੂਰੀ ਤਰ੍ਹਾਂ ਨਾਲ ਸ਼ਾਕਾਹਾਰੀ ਵੀ ਹੋ ਜਾਂਦੇ ਹਨ।

ਲੀਡਰਾਂ ਦੀ ਇਸ ਮੂਰਖਪੰਥੀ ਦੇ ਕਾਰਨ ਬਾਬਿਆਂ, ਸਿਆਣਿਆਂ ਅਤੇ ਤਾਂਤਰਿਕਾਂ ਦੀਆਂ ਦੁਕਾਨਾਂ ਤੇਜ਼ੀ ਨਾਲ ਚੱਲ ਪਈਆਂ ਹਨ।

ਟੁੱਟੇ-ਫੁੱਟੇ ਟੋਟਕਿਆਂ ਨਾਲ ਹਜ਼ਾਰਾਂ ਰੁਪਏ ਦੀ ਕਮਾਈ

ਸੂਰਜ ਦੀ ਪੁੱਠੀ ਚਾਲ ਵਿੱਚ ਫਸੇ ਲੀਡਰਾਂ ਨੂੰ ਸੂਰਜ ਨੂੰ ਪਾਣੀ, ਫੁੱਲ ਅਤੇ ਚੌਲ ਚੜ੍ਹਾਉਣ ਅਤੇ ਪੁਖਰਾਜ ਦੀ ਅੰਗੂਠੀ ਪਾਉਣ ਦੀ ਸਲਾਹ।

ਸ਼ਨੀ ਦੇ ਚੱਕਰ ਵਿੱਚ ਫਸੇ ਆਗੂਆਂ ਨੂੰ ਨਦੀ ਵਿੱਚ ਕਾਲੇ ਮਾਂਹ ਵਹਾਉਣ, ਸਰੋਂ ਦਾ ਦੀਵਾ ਜਗਾਉਣ, ਕਾਲਾ ਕੱਪੜਾ ਪਹਿਨਣ ਦੀ ਸਲਾਹ।

ਸ਼ੁੱਕਰ ਗ੍ਰਹਿ ਦੀ ਪੁੱਠੀ ਚਾਲ ਵਿੱਚ ਫਸੇ ਨੇਤਾਵਾਂ ਨੂੰ ਮੱਛੀਆਂ ਨੂੰ ਧਾਨ ਦੀਆਂ ਖਿੱਲਾਂ ਖੁਆਉਣ, ਸਫ਼ੈਦ ਕੱਪੜੇ ਅਤੇ ਹੀਰੇ ਦੀ ਅੰਗੂਠੀ ਪਹਿਨਣ ਦੀ ਸਲਾਹ।

ਬੁੱਧ ਦੀ ਉਲਟੀ ਚਾਲ ਦੇ ਚੱਕਰ ਵਿੱਚ ਫਸੇ ਲੀਡਰਾਂ ਨੂੰ ਪੰਨਾ ਦੀ ਅੰਗੂਠੀ ਅਤੇ ਹਰੇ ਰੰਗ ਦੇ ਕੱਪੜੇ ਪਹਿਨਣ ਦੀ ਸਲਾਹ।

ਬੁਰੀ ਨਜ਼ਰ ਤੋਂ ਬਚਣ ਦੇ ਲਈ ਘਰ ਅਤੇ ਚੋਣ ਪ੍ਰਚਾਰ ਦੀ ਗੱਡੀ ਦੇ ਅੱਗੇ ਨਿੰਬੂ ਅਤੇ ਹਰੀ ਮਿਰਚ ਲਟਕਾਉਣ ਦੀ ਸਲਾਹ।

ਗ੍ਰਹਿਆਂ ਦੇ ਹਿਸਾਬ ਨਾਲ ਉਮੀਦਵਾਰਾਂ ਨੂੰ ਮੂੰਹ ਵਿੱਚੋਂ ਹਲਦੀ, ਕਾਲਾ ਤਿਲ ਜਾਂ ਸੌਂਫ ਦਬਾ ਕੇ ਪ੍ਰਚਾਰ ਉੱਤੇ ਨਿਕਲਣ ਦੀ ਸਲਾਹ।

ਘਰ ਤੋਂ ਨਿਕਲਦੇ ਸਮੇਂ ਦਹੀ ਖਾਣ ਜਾਂ ਮੱਛੀ ਦੇਖਣ ਅਤੇ ਬਿੱਲੀ ਦੇ ਕੱਟੇ ਰਸਤੇ ਤੋਂ ਬਚਣ ਦੀ ਸਲਾਹ।

ਉਮੀਦਵਾਰ ਦੀ ਨਾਮਾਂਕਨ (ਉਮੀਦਵਾਰ ਸੂਚੀ ਵਿੱਚ ਨਾਂ ਦਰਜ ਕਰਾਉਣ ਲਈ ਕਾਗਜ਼ ਭਰਨ) ਦਾ ਮਹੂਰਤ ਦੱਸਣ ਦੇ ਇੱਕ ਹਜ਼ਾਰ ਤੋਂ ਪੰਜ ਹਜ਼ਾਰ ਰੁਪਏ, ਵਿਰੋਧੀਆਂ ਨੂੰ ਚਿਤ ਕਰਨ (ਹਰਾਉਣ ਲਈ) ਹਵਨ ਦੇ ਨਾਂ ਉੱਤੇ 20 ਤੋਂ 50 ਹਜ਼ਾਰ, ਪ੍ਰਚਾਰ ਕਿਹੜੇ ਦਿਨ ਤੋਂ ਸ਼ੁਰੂ ਕਰੀਏ, ਇਹ ਦੱਸਣ ਦੇ ਲਈ 10 ਤੋਂ 20 ਹਜ਼ਾਰ ਰੁਪਏ, ਨੀਲਮ ਦੀ ਅੰਗੂਠੀ ਪਹਿਨਾਉਣ ਦੇ 50 ਹਜ਼ਾਰ ਤੋਂ 2 ਲੱਖ ਰੁਪਏ, ਪੰਨਾ ਦੀ ਅੰਗੂਠੀ ਦੇ 50 ਹਜ਼ਾਰ ਤੋਂ ਇੱਕ ਲੱਖ ਰੁਪਏ, ਪੁਖਰਾਜ ਦੀ ਅੰਗੂਠੀ ਦੇ 40 ਹਜ਼ਾਰ ਤੋਂ ਇੱਕ ਲੱਖ ਰੁਪਏ ਲੀਡਰ ਬਾਬਿਆਂ ਉੱਤੇ ਲੁਟਾ ਰਹੇ ਹਨ।

ਕਾਂਗਰਸ ਦੇ ਇੱਕ ਵੱਡੇ ਨੇਤਾ ਨੇ ਨਾਂ ਨਾ ਛਪਣ ਦੀ ਸ਼ਰਤ ਉੱਤੇ ਦੱਸਿਆ ਕਿ ਅੱਜਕੱਲ੍ਹ ਹਰੇਕ ਦਲ ਦੇ ਆਗੂ ਜਨਤਾ ਤੋਂ ਕਟੇ ਰਹਿੰਦੇ ਹਨ, ਉਥੇ ਹੀ ਦੂਜੇ ਪਾਸੇ ਜਨਤਾ ਦੀ ਨਾਰਾਜ਼ਗੀ ਦੇ ਕਾਰਨ ਜ਼ਿਆਦਤਰ ਆਗੂ ਆਪਣੇ ਇਲਾਕੇ ਵਿੱਚ ਜਾਣ ਦੀ ਹਿੰਮਤ ਨਹੀਂ ਜੁਟਾ ਪਾਂਦੇ ਹਨ, ਇਸ ਲਈ ਉਹ ਬਾਬਿਆਂ ਅਤੇ ਤਾਂਤਰਿਕਾਂ ਦੇ ਕੋਲ ਜਾ ਕੇ ਚੋਣ ਜਿੱਤਣ ਦਾ ਆਸਾਨ ਰਸਤਾ ਅਪਨਾਉਣ ਦੀ ਕੋਸ਼ਿਸ਼ ਕਰਦੇ ਹਨ।

**-ਬੀਰੇਂਦਰ ਬਰਿਆਰ ਜਯੋਤੀ**

# ਸੰਸਾਰ ਦਾ ਸਭ ਤੋਂ ਪੁਰਾਣਾ ਸ਼ਹਿਰ ਕਿਹੜਾ ਹੈ?



ਜੇਰੀਕੋ ਨੂੰ ਸੰਸਾਰ ਦਾ ਸਭ ਤੋਂ ਪੁਰਾਣਾ ਸ਼ਹਿਰ ਮੰਨਿਆ ਜਾਂਦਾ ਹੈ। ਇਹ ਇਜਰਾਈਲ ਦੇ ਨੇੜੇ ਜੋਰਡਨ ਦੇ ਪੱਛਮੀ ਕਿਨਾਰੇ 'ਤੇ ਸਥਿਤ ਹੈ। ਇਹ ਡੈਡ ਸੀ (Dead Sea) ਦੇ ਛੇ ਮੀਲ ਉੱਤਰ ਵੱਲ ਨੂੰ ਸਮੁੰਦਰ ਤਲ ਤੋਂ 825 ਫੁੱਟ ਦੀ ਡੂੰਘਾਈ 'ਤੇ ਸਥਿਤ ਹੈ। ਇਸ ਸ਼ਹਿਰ ਦੀ ਆਬਾਦੀ ਕੋਈ ਬਹੁਤ ਜ਼ਿਆਦਾ ਨਹੀਂ। ਜੇਰੀਕੋ ਇੱਕ ਖਾਸ ਇਤਿਹਾਸਕ ਮਹੱਤਵ ਵਾਲਾ ਸ਼ਹਿਰ ਹੈ ਕਿਉਂਕਿ ਏਸੇ ਦੇ ਆਧਾਰ 'ਤੇ ਪੁਰਾਤੱਤਵ-ਵੇਤਾਵਾਂ ਨੇ ਪ੍ਰਾਚੀਨ ਬਸਾਵਟ ਅਤੇ ਸੱਭਿਅਤਾ ਦੇ ਮੁਢਲੇ ਪ੍ਰੀਣਾਮ ਇਕੱਤਰ ਕੀਤੇ ਹਨ। ਨਗਰਾਂ ਦੀ ਬਣਾਵਟ ਦਾ ਆਰੰਭ ਲਗਭਗ ਦਸ ਹਜ਼ਾਰ ਈਸਾ ਪੂਰਵ ਹੋਇਆ ਸੀ। ਬਾਈਬਲਵਾਦੀ ਇਤਿਹਾਸ ਦੇ ਅਨੁਸਾਰ ਇਹ ਪਹਿਲਾ ਨਗਰ ਸੀ ਜਿਸ ਉੱਪਰ ਇਜ਼ਰਾਈਲ ਵਾਸੀਆਂ ਨੇ ਜੋਸ਼ੂਆ ਦੀ ਅਗਵਾਈ ਵਿੱਚ ਜੋਰਡਨ ਨੂੰ ਲੰਘਕੇ ਹਮਲਾ ਕੀਤਾ ਸੀ।

ਜੇਰੀਕੋ ਦਾ ਜਿਕਰ ਔਲਡ ਅਤੇ ਨਿਊ ਟੈਸਟਾਮੈਂਟਸ ਦੋਵਾਂ ਵਿੱਚ ਹੀ ਮਿਲਦਾ ਹੈ। ਹੀਰੋਦ ਦੀ ਗ੍ਰੇਟ ਨੇ ਏਥੇ ਸਰਦੀ ਦੇ ਮੌਸਮ ਦਾ ਨਿਵਾਸ ਬਣਾਇਆ ਸੀ ਅਤੇ ਏਥੇ ਹੀ 4 ਈਸਾ ਪੂਰਵ ਉਸਦੀ ਮੌਤ ਹੋਈ ਸੀ। ਕੁੱਝ ਅਜਿਹੇ ਵੀ ਪਰਿਣਾਮ ਮਿਲਦੇ ਹਨ ਕਿ 9000 ਈਸਾ ਪੂਰਵ ਵਿੱਚ ਮੇਸੋਲਿਥਕ ਸ਼ਿਕਾਰੀ ਇਸ ਨਗਰ ਵਿੱਚ ਆਏ ਸਨ ਅਤੇ ਉਹਨੇ ਉਹਨਾਂ ਦੀਆਂ ਸੰਤਾਨਾਂ ਲੰਬੇ ਅਰਸੇ ਤੱਕ ਏਥੇ ਹੀ ਟਿਕੀਆਂ ਰਹੀਆਂ। ਮੁੱਢ ਵਿੱਚ ਉਹ ਬਹੁਤ ਹੀ ਛੋਟੀਆਂ ਛੋਟੀਆਂ ਝੌਂਪੜੀਆਂ ਵਿੱਚ ਰਹਿੰਦੇ ਸਨ। ਇਹਨਾਂ ਝੁੱਗੀਆਂ ਝੌਂਪੜੀਆਂ ਤੋਂ ਹੌਲ਼ੀ ਹੌਲ਼ੀ ਪੱਕੇ ਘਰਾਂ ਦਾ ਵਿਕਾਸ ਹੋਇਆ ਅਤੇ ਇਹਨਾਂ ਲੋਕਾਂ ਦੀ ਬਸਤੀ ਕਰੀਬ 10 ਏਕੜ ਜ਼ਮੀਨ 'ਤੇ ਫੈਲ ਗਈ। 8000 ਈਸਾ ਪੂਰਵ ਤੱਕ ਇਹਨਾਂ ਲੋਕਾਂ ਨੇ ਇੱਕ ਸੰਗਠਿਤ ਸਮਾਜ ਦਾ ਰੂਪ ਧਾਰਣ ਕਰ ਲਿਆ। ਇਸ ਤੋਂ ਬਾਅਦ ਉਹ ਆਪਣੀ ਬਸਤੀ ਦੇ ਚਾਰੇ ਪਾਸੀਂ ਇੱਕ ਮਜ਼ਬੂਤ ਦੀਵਾਰ ਬਣਾ ਸਕੇ। ਇਸ ਦੀਵਾਰ ਨਾਲ ਘਿਰੀ ਹੋਈ ਬਸਤੀ ਦੇ ਫੈਲਾਅ ਨੂੰ ਵੇਖਕੇ ਹੀ ਇਸਨੂੰ ਨਗਰ ਆਖਿਆ ਜਾ ਸਕਦਾ ਹੈ। ਇਸ ਬਸਤੀ ਦੀ ਆਬਾਦੀ ਵੀ 2000-3000 ਵਿਅਕਤੀਆਂ ਤੱਕ ਹੀ ਸੀ। ਇਹਨਾਂ 1000 ਸਾਲਾਂ ਵਿੱਚ ਐਨਾ ਵਿਕਾਸ ਹੋਇਆ ਕਿ ਏਥੋਂ ਦੇ ਘੁੱਮਕੜ ਕਿਸਮ ਦੇ ਸ਼ਿਕਾਰੀ ਲੋਕਾਂ ਨੇ ਇੱਕ ਬਸਤੀ ਬਣਾ ਲਈ ਅਤੇ ਉਹ ਖੇਤੀਬਾੜੀ ਕਰਨ ਲੱਗ ਪਏ। ਅਗਲੇ 2000 ਸਾਲਾਂ ਵਿੱਚ ਜੇਰੀਕੋ ਨਿਉਲਿਥਕ ਜੀਵਨ ਵਿੱਚ ਦੀ ਗੁਜਰਿਆ। 5000 ਈਸਾ ਪੂਰਵ ਵਿੱਚ ਏਥੋਂ ਦੇ ਨਿਵਾਸੀਆਂ ਨੇ ਬਰਤਨਾਂ ਦੀ ਵਰਤੋਂ ਆਰੰਭ ਕਰ ਦਿੱਤੀ ਸੀ। ਅਗਲੇ 2000 ਸਾਲਾਂ ਤੱਕ ਏਥੇ ਰੋਜ਼ਗਾਰ ਦੀ ਸਥਿਤੀ ਖਿੰਡੀ ਪੁੰਡੀ ਹੋਈ ਅਤੇ ਅਸਥਾਈ ਅਦਲ-ਬਦਲ ਵਾਲੀ ਰਹੀ।

ਚੌਥੀ ਸਤਾਬਦੀ ਈਸਾ ਪੂਰਵ ਦੇ ਅੰਤ ਵਿੱਚ ਇੱਕ ਵਾਰ ਫੇਰ ਬਾਕੀ ਫਿਲਸਤੀਨ ਦੇ ਵਾਂਗੂੰ ਏਥੇ ਵੀ ਸ਼ਹਿਰੀ ਸੰਸਕ੍ਰਿਤੀ ਦਾ ਜਨਮ ਹੋਇਆ। ਜਰੀਕੋ ਮੁੜ ਦੀਵਾਰਾਂ ਵਿੱਚ ਘਿਰਿਆ ਸ਼ਹਿਰ ਬਣ ਗਿਆ। ਚਾਰ ਚੁਫੇਰੇ ਦੀ ਕੰਧ ਕਈ ਵਾਰ ਟੁੱਟੀ ਤੇ ਕਈ ਵਾਰ ਬਣੀ। 2300 ਈਸਾ ਪੂਰਵ ਏਥੇ ਦੇ ਨਾਗਰਿਕ ਜੀਵਨ ਵਿੱਚ ਇਕ ਵਾਰ ਰੁਕਾਵਟ ਆਈ। ਧਰਮਯੁੱਧ ਦੇ ਸਮੇਂ ਇਹ ਔਲਡਟੈਸਟਾਮੈਂਟ ਵਿੱਚ ਵਰਣਿਤ ਸਥਾਨ ਤੋਂ ਇੱਕ ਮੀਲ ਪੂਰਬ ਵੱਲ ਨੂੰ ਮੁੜ ਵਸਾਇਆ ਗਿਆ। ਏਥੇ ਹੀ ਆਧੁਨਿਕ ਜੇਰੀਕੋ ਸ਼ਹਿਰ ਵਿਕਸਿਤ ਹੋਇਆ। ਇਸਦਾ ਅਸਲੀ ਵਿਸਤਾਰ 1949 ਵਿੱਚ ਜੋਰਡਨ ਦੇ ਨਾਲ ਜੁੜ ਜਾਣ ਦੇ ਬਾਅਦ ਹੀ ਹੋਇਆ। 1967 ਵਿੱਚ ਹੋਏ ਅਰਬ ਇਜ਼ਰਾਈਲ ਯੁੱਧ ਦੇ ਸਮੇਂ ਇਸ ਦੀ ਜ਼ਿਆਦਾਤਰ ਆਬਾਦੀ ਏਧਰ-ਔਧਰ ਖਿੰਡ ਪੁੰਡ ਗਈ।

# ਲੋਕਾਂ ਉੱਤੇ ਹਾਵੀ ਹੁੰਦੇ ਆਵਾਰਾ ਪਸ਼ੂ




ਮੰਗਲਵਾਰ, 20 ਮਈ, 2014 ਦੀ ਸਵੇਰ। ਉਤਰ ਪ੍ਰਦੇਸ਼ ਦੇ ਗਾਜੀਆਵਾਦ ਜ਼ਿਲ੍ਹੇ ਦੇ ਘੰਟਾਘਰ ਥਾਨੇ ਇਲਾਕੇ ਵਿੱਚ ਜਟਵਾੜਾ ਦੇ 67 ਸਾਲਾਂ ਬਜ਼ੁਰਗ ਇਕਬਾਲ ਮਲਿਕ ਨਮਾਜ ਪੜ੍ਹਨ ਜਾ ਰਹੇ ਸਨ। ਉਨ੍ਹਾਂ ਦੇ ਘਰ ਤੋਂ ਕੁੱਝ ਦੂਰ ਇਕ ਭੂਤਰੇ ਸਾਨ੍ਹ ਨੇ ਉਹਨਾਂ ਨੂੰ ਪਹਿਲਾਂ ਤਾਂ ਟੱਕਰ ਮਾਰੀ, ਫੇਰ ਆਪਣੇ ਸਿੰਗ ਉਹਨਾਂ ਦੇ ਪੇਟ ਵਿੱਚ ਖੋਭ ਕੇ ਬੁਰੀ ਤਰ੍ਹਾਂ ਜ਼ਖ਼ਮੀ ਕਰ ਦਿੱਤਾ। ਇਕਬਾਲ ਮਲਿਕ ਜੀ ਨੂੰ ਹਸਪਤਾਲ ਲੈ ਜਾਇਆ ਗਿਆ, ਪਰੰਤੂ ਇਸ ਦੌਰਾਨ ਉਹਨਾਂ ਦੀ ਮੌਤ ਹੋ ਗਈ। ਉੱਧਰ, ਉਹ ਸਾਨ੍ਹ ਏਨਾ ਬੇਕਾਬੂ ਹੋ ਗਿਆ ਸੀ ਕਿ ਉਸ ਨੇ ਇੱਕ ਆਟੋਰਿਕਸ਼ਾ ਉਤੇ ਹਮਲਾ ਕਰ ਦਿੱਤਾ। ਪਰ ਆਟੋਰਿਕਸ਼ਾ ਡਰਾਈਵਰ ਦੀ ਹੁਸ਼ਿਆਰੀ ਨਾਲ ਉਹ ਸਾਨ੍ਹ ਉਸ ਵਿੱਚ ਸਵਾਰ ਲੋਕਾਂ ਨੂੰ ਜ਼ਿਆਦਾ ਨੁਕਸਾਨ ਨਹੀਂ ਪਹੁੰਚਾ ਸਕਿਆ।

ਛੋਟੇ ਕਸਬਿਆਂ ਤੋਂ ਲੈ ਕੇ ਵੱਡੇ ਸ਼ਹਿਰਾਂ ਤੱਕ ਵਿੱਚ ਆਵਾਰਾ ਪਸ਼ੂਆਂ ਦੇ ਅਜਿਹੇ ਕਾਤਲਾਨਾ ਕਹਿਰ ਦੀਆਂ ਖ਼ਬਰਾਂ ਅਕਸਰ ਅਖ਼ਬਾਰਾਂ ਦੀਆਂ ਸੁਰਖ਼ੀਆਂ ਬਨਦੀਆਂ ਰਹਿੰਦੀਆਂ ਹਨ, ਫੇਰ ਉਹਨਾਂ ਉਤੇ ਲਗਾਮ ਨਹੀਂ ਕਸੀ ਜਾ ਰਹੀ। ਜੇਕਰ ਕਾਨੂੰਨ ਕੁੱਝ ਸਖ਼ਤੀ ਦਿਖਾਉਂਦਾ ਵੀ ਹੈ ਤਾਂ ਕੁੱਝ ਦਿਨਾਂ ਤੱਕ ਤਾਂ ਆਵਾਰਾ ਪਸ਼ੂਆਂ ਨੂੰ ਪਕੜਣ ਦੀ ਮੁਹਿੰਮ ਚੱਲਦੀ ਹੈ ਪਰ ਫੇਰ ਮਾਮਲਾ ਠੰਢਾ ਪੈ ਜਾਂਦਾ ਹੈ।

ਆਵਾਰਾ ਪਸ਼ੂਆਂ ਦੇ ਚੁੰਗਲ ਤੋਂ ਦਿੱਲੀ ਨੂੰ ਛੁਡਾਉਣ ਦੇ ਲਈ ਸਾਲ 2005 ਵਿੱਚ ਦਿੱਲੀ ਹਾਈਕੋਰਟ ਨੇ ਹੁਕਮ ਦਿੱਤਾ ਸੀ ਕਿ ਆਵਾਰਾ ਪਸ਼ੂ ਫੜੋ ਅਤੇ 2 ਹਜ਼ਾਰ ਰੁਪਏ ਪ੍ਰਾਪਤ ਕਰੋ। ਤੱਦ ਕੋਰਟ ਨੇ ਇਹ ਵੀ ਕਿਹਾ ਸੀ ਕਿ ਰਾਜਧਾਨੀ ਦੀਆਂ ਸੜਕਾਂ ਉਤੇ ਆਵਾਰਾ ਪਸ਼ੂਆਂ ਨੂੰ ਫੜਨ ਵਿੱਚ ਨਗਰ ਨਿਗਮ ਪੂਰੀ ਤਰ੍ਹਾਂ ਨਾਕਾਮ ਰਿਹਾ ਹੈ।

ਅੱਜ 9 ਸਾਲ ਬਾਦ ਵੀ ਦੇਸ਼ ਦੀ ਰਾਜਧਾਨੀ ਨੂੰ ਆਵਾਰਾ ਪਸ਼ੂਆਂ ਤੋਂ ਛੁਟਕਾਰਾ ਨਹੀਂ ਮਿਲ ਸਕਿਆ ਹੈ। ਇੱਥੋਂ ਦਾ ਆਇਆਨਗਰ ਪਿੰਡ ਇਸ ਗੱਲ ਦਾ ਜਿਉਂਦਾ ਜਾਗਦਾ ਉਦਾਹਰਣ ਹੈ। ਉਥੇ ਦਾ ਸਰਵੋਦਯ ਸਕੂਲ ਦੇ ਕੋਲ ਬਣਾਇਆ ਗਿਆ ਡੀ ਟੀ ਸੀ ਬਸ ਟਰਮੀਨਲ ਦਾ ਸ਼ੈਲਟਰ ਆਵਾਰਾ ਗਊਆਂ ਮੱਝਾਂ ਦੀ ਆਰਾਮਗਾਹ ਬਣਿਆ ਵਿਖਾਈ ਦੇਂਦਾ ਹੈ। ਉਹ ਉਥੇ ਬੜੇ ਆਨੰਦ ਨਾਲ ਜੁਗਾਲੀ ਕਰਦੀਆਂ ਰਹਿੰਦੀਆਂ ਹਨ, ਜਦਕਿ ਮੁਸਾਫਰਾਂ ਨੂੰ ਧੁੱਪ ਵਿੱਚ ਖੜ੍ਹੇ ਹੋ ਕੇ ਬਸ ਦੀ ਉਡੀਕ ਕਰਨੀ ਪੈਂਦੀ ਹੈ। ਕਈ ਵਾਰ ਅਜਿਹੇ ਹਾਲਤ ਬਣ ਜਾਂਦੇ ਹਨ ਕਿ ਸੜਕਾਂ ਉਤੇ ਅਵਾਰਾ ਪਸ਼ੂਆਂ ਦਾ ਭਾਰੀ ਇਕੱਠ ਹੋ ਜਾਂਦਾ ਹੈ। ਸਿੱਟੇ ਵੱਜੋਂ, ਵਾਹਨ ਚਾਲਕਾਂ ਨੂੰ ਬਹੁਤ ਮੁਸ਼ਕਲ ਹੋ ਜਾਂਦੀ ਹੈ। ਕਦੇ ਟਰੈਫਿਕ ਦੀ ਸਮੱਸਿਆ ਨਾਲ ਦੋ ਚਾਰ ਹੋਣਾ ਪੈਂਦਾ ਹੈ ਤਾਂ ਕਦੇ ਸੜਕ ਦੁਰਘਟਨਾ ਵੀ ਹੋ ਜਾਂਦੀ ਹੈ।

**ਪ੍ਰਸ਼ਾਸਨ ਲਾਪਰਵਾਹ :-** ਸਵਾਲ ਉਠਦਾ ਹੈ ਕਿ ਸਰਕਾਰੀ ਪ੍ਰਸ਼ਾਸ਼ਨ ਸ਼ਹਿਰਾਂ ਨੂੰ ਆਵਾਰਾ ਪਸ਼ੂਆਂ ਤੋਂ ਛੁਟਕਾਰਾ ਦਿਵਾਉਣ ਵਿੱਚ ਅਸਫ਼ਲ ਕਿਉਂ ਰਹਿੰਦਾ ਹੈ ? ਕੀ ਉਹ ਇਸਨੂੰ ਕੰਮ ਹੀ ਨਹੀਂ ਮੰਨਦਾ ਹੈ ?

ਹਰਿਆਣਾ ਦੇ ਅੰਬਾਲਾ ਸ਼ਹਿਰ ਦਾ ਉਦਾਹਰਣ ਦੇਖਦੇ ਹਾਂ। ਸਾਲ 2013 ਵਿੱਚ ਉਥੋਂ ਦੇ ਨਗਰ ਨਿਗਮ ਦੇ ਤੱਦ ਦੇ ਕਮਿਸ਼ਨਰ ਸ਼ੇਖਰ ਵਿਦਿਆਰਥੀ ਨੇ ਅੰਬਾਲਾ ਸ਼ਹਿਰ ਅਤੇ ਅੰਬਾਲਾ ਛਾਵਨੀ ਵਿੱਚ ਆਵਾਰਾ ਪਸ਼ੂਆਂ ਦੀ ਰੋਕਥਾਮ ਦੇ ਲਈ ਨਗਰ ਨਿਗਮ ਦੇ ਅਫ਼ਸਰਾਂ ਨੂੰ ਸਖ਼ਤ ਕਦਮ ਚੁੱਕਣ ਦੇ ਹੁਕਮ ਦਿੱਤੇ ਸਨ। ਕਮਿਸ਼ਨਰ ਸ਼ੇਖਰ ਵਿਦਿਆਰਥੀ ਨੇ ਹੁਕਮ ਵਿੱਚ ਕਿਹਾ ਸੀ ਕਿ ਆਵਾਰਾ ਪਸ਼ੂਆਂ ਦੇ ਮਾਲਕਾਂ ਤੋਂ ਭਾਰੀ ਜੁਰਮਾਨਾ ਲੈ ਕੇ ਹੀ ਉਨ੍ਹਾਂ ਦੇ ਪਸ਼ੂਆਂ ਨੂੰ ਛੱਡਿਆ ਜਾਵੇ। ਜੇਕਰ ਕੋਈ ਮਾਲਕ ਆਪਣਾ ਪਸ਼ੂ ਛੁਡਾਉਣ ਦੇ ਲਈ ਨਹੀਂ ਆਉਂਦਾ ਹੈ ਤਾਂ ਉਸ ਦੀ ਨੀਲਾਮੀ ਕਰ ਦਿੱਤੀ ਜਾਵੇ। ਪਰੰਤੂ ਅਫ਼ਸੋਸ ਕਿ ਕੁੱਝ ਦਿਨਾਂ ਦੇ ਬਾਦ ਕਮਿਸ਼ਨਰ ਦਾ ਉਥੋਂ ਤਬਾਦਲਾ ਹੋ ਗਿਆ ਅਤੇ ਨਗਰਨਿਗਮ ਦੇ ਅਫ਼ਸਰਾਂ ਨੇ ਇਸ ਸਿਲਸਿਲੇ ਵਿੱਚ ਕੋਈ ਕਾਰਵਾਈ ਨਹੀਂ ਕੀਤੀ।

ਉੱਧਰ, ਨਗਰ ਨਿਗਮ ਵਾਲੇ ਅਜਿਹੇ ਦੋਸ਼ਾਂ ਨੂੰ ਸਿਰੇ ਤੋਂ ਖਾਰਜ ਕਰਦੇ ਹੋਏ ਕਹਿੰਦੇ ਹਨ ਕਿ ਜਦ ਉਹ ਆਵਾਰਾ ਪਸ਼ੂਆਂ ਨੂੰ ਫੜ੍ਹਨ ਦੀ ਮੁਹਿੰਮ ਚਲਾਉਂਦੇ ਹਨ ਤਾਂ ਲੋਕ ਹੀ ਉਹਨਾਂ ਦੇ ਵਿੱਚ ਰੋੜਾ ਬਣ ਜਾਂਦੇ ਹਨ।

ਜੁਲਾਈ 2013 ਦੀ ਗੱਲ ਹੈ। ਆਗਰਾ, ਉੱਤਰ ਪ੍ਰਦੇਸ਼ ਵਿੱਚ ਨਗਰਪਾਲਿਕਾ ਦੀ ਟੀਮ ਨੂੰ ਆਵਾਰਾ ਪਸ਼ੂਆਂ ਨੂੰ ਪਕੜਨਾ ਭਾਰੀ ਪੈ ਗਿਆ। ਉਥੇ ਪ੍ਰਤਾਪਪੁਰਾ ਚੌਰਾਹੇ ਉੱਤੇ ਟੀਮ ਨੇ ਸ਼ਹਿਰ ਵਿੱਚ ਆਵਾਰਾ ਭਟਕਦੀਆਂ ਕੁੱਝ ਗਊਆਂ ਨੂੰ ਆਪਣੀ ਗੱਡੀ ਵਿੱਚ ਲੱਦ ਲਿਆ। ਜਦ ਟੀਮ ਦੇ ਲੋਕ ਉਹਨਾਂ ਨੂੰ ਲੈ ਕੇ ਜਾ ਰਹੇ ਸਨ ਤਾਂ ਕੁੱਝ ਸਥਾਨਕ ਵਸਨੀਕਾਂ ਨੇ ਉਨ੍ਹਾਂ ਦਾ ਰਸਤਾ ਰੋਕ ਦਿੱਤਾ। ਇਸ ਦੌਰਾਨ ਉਹਨਾਂ ਗਊਆਂ ਦੇ ਮਾਲਕ ਵੀ ਉਥੇ ਆ ਧਮਕੇ ਅਤੇ ਉਹ ਨਗਰਪਾਲਿਕਾ ਦੇ ਮੁਲਾਜ਼ਮਾਂ ਦੇ ਨਾਲ ਹੱਥੋਪਾਈ ਕਰਨ ਲੱਗੇ।

ਸਚਾਈ ਤਾਂ ਇਹ ਹੈ, ਆਵਾਰਾ ਪਸ਼ੂਆਂ ਦਾ ਇਹ ਮੁੱਦਾ ਦੇਖਣ ਵਿੱਚ ਛੋਟਾ ਲੱਗਦਾ ਹੈ ਪਰੰਤੂ ਹੈ ਬਹੁਤ ਗੰਭੀਰ। ਕਦੇ ਕਦਾਈ ਤਾਂ ਇੱਕ ਸੂਬੇ ਦੇ ਲੋਕ ਆਪਦੇ ਨਕਾਰਾ ਪਸ਼ੂਆਂ ਨੂੰ ਦੂਜੇ ਸੂਬੇ ਦੀ ਹੱਦ ਵਿੱਚ ਭੇਜ ਦਿੰਦੇ ਹਨ ਇਹੀ ਆਵਾਰਾ ਪਸ਼ੂ ਸ਼ਹਿਰਾਂ ਵਿੱਚ ਵੱਡੇ ਹਾਦਸਿਆਂ ਦੇ ਸੱਬਬ ਵੀ ਬਣ ਜਾਂਦੇ ਹਨ।

ਗਾਂ ਮੱਝ ਜਾਂ ਸਾਨ੍ਹ ਹੀ ਕਿਉਂ ਅਵਾਰਾ ਕੁੱਤੇ ਵੀ ਲੋਕਾਂ ਦੀ ਨੱਕ ਵਿੱਚ ਦਮ ਕਰਦੇ ਹਨ। ਬੱਚੇ ਤਾਂ ਉਨ੍ਹਾਂ ਦੇ ਡਰ ਤੋਂ ਬਾਹਰ ਤੱਕ ਨਹੀਂ ਨਿਕਲ ਸਕਦੇ ਹੁਣ ਤਾਂ ਕਈ ਸ਼ਹਿਰਾਂ ਵਿੱਚ ਬਾਂਦਰਾਂ ਦਾ ਡਰ ਵੀ ਦੇਖਿਆ ਜਾ ਸਕਦਾ ਹੈ। ਹਸਪਤਾਲਾਂ ਵਿੱਚ ਬਾਂਦਰਾਂ ਦੇ ਵੱਢਣ ਦੇ ਬਹੁਤ ਸਾਰੇ ਮਾਮਲੇ ਸਾਹਮਣੇ ਆਉਣ ਲੱਗੇ ਹਨ।

ਹਰ ਪਾਸੇ ਤੋਂ ਸਰਕਾਰੀ ਇਮਾਰਤਾਂ ਨਾਲ ਘਿਰੇ ਨਵੀਂ ਦਿੱਲੀ ਦੇ ਪਟੇਲ ਚੌਕ ਇਲਾਕੇ ਵਿੱਚ ਪਿਛਲੇ ਕਈ ਸਾਲਾਂ ਤੋਂ ਦੁਕਾਨ ਚਲਾਉਣ ਵਾਲੇ ਨਫੀਸ ਨੇ ਦੱਸਿਆ, "ਇੱਥੇ ਕੰਮ ਕਰਨ ਵਾਲੇ ਲੋਕ ਬਾਂਦਰਾਂ ਤੋਂ ਪਰੇਸ਼ਾਨ ਹਨ। ਬਾਂਦਰ ਉਹਨਾਂ ਦੇ ਖਾਣ ਦਾ ਸਮਾਨ ਖੋਹ ਲੈਂਦੇ ਹਨ। ਕਦੇ ਕਦਾਈ ਤਾਂ ਉਹਨਾਂ ਨੂੰ ਵੱਢ ਵੀ ਲੈਂਦੇ ਹਨ।

ਸਰਕਾਰ ਨੇ ਬਾਂਦਰ ਭਜਾਉਣ ਦੇ ਲਈ ਠੇਕੇ ਦੇ ਕੇ ਲੰਗੂਰ ਵੀ ਬੁਲਾਏ ਸਨ, ਪਰੰਤੂ ਬਾਂਦਰ ਇੱਥੋਂ ਜਾਣ ਦਾ ਨਾਂ ਨਹੀਂ ਲੈਂਦੇ ਹਨ।

**ਮੂਰਖਪੰਥ ਦਾ ਵੀ ਹੱਥ :-** ਇਸ ਸਮੱਸਿਆ ਦੀ ਜੜ੍ਹ ਵਿੱਚ ਹਿੰਦੂ ਧਰਮ ਵਿੱਚ ਫੈਲੇ ਪੋਂਗਾਪੰਥ ਦਾ ਵੀ ਵੱਡਾ ਹੱਥ ਹੈ। ਧਰਮ ਦੇ ਤਹਿਤ ਹਰ ਪਸ਼ੂ ਨੂੰ ਕਿਸੇ ਨਾ ਕਿਸੇ ਭਗਵਾਨ ਦਾ ਅਵਤਾਰ ਮੰਨ ਕੇ ਪੂਜਿਆ ਜਾਂਦਾ ਹੈ। ਉਂਜ ਤਾਂ ਲੋਕ ਗਾਂ ਨੂੰ 'ਮਾਤਾ' ਕਹਿੰਦੇ ਹਨ ਪਰੰਤੂ ਜਦ ਉਹ ਦੁੱਧ ਦੇਣ ਦੇ ਕਾਬਲ ਨਹੀਂ ਰਹਿੰਦੀ ਤਾਂ ਉਸਨੂੰ ਜਹਿਰੀਲੇ ਪਲਾਸਟਿਕ ਖਾਣ ਦੇ ਲਈ ਆਵਾਰਾ ਛੱਡ ਦੇਂਦੇ ਹਨ। ਕੁੱਝ ਲਕ ਕੁੱਤਿਆਂ ਅਤੇ ਬਾਂਦਰਾਂ ਨੂੰ ਭੋਜਨ ਦੇ ਕੇ ਮੋਕਸ਼ ਕਮਾਉਣ ਦਾ ਲਾਲਚ ਮਨ ਵਿੱਚ ਪਾਲ ਕੇ ਰੱਖਦੇ ਹਨ ਪਰੰਤੂ ਜਦ ਉਹ ਕੁੱਤੇ ਅਤੇ ਬਾਂਦਰ ਭੋਜਨ ਨਾ ਮਿਲਣ ਉਤੇ ਵੱਢਣ ਨੂੰ ਦੌੜਦੇ ਹਨ ਤਾਂ ਕੋਈ 'ਉੱਪਰ ਵਾਲਾ' ਲੋਕਾਂ ਦੀ ਸਹਾਇਤਾ ਦੇ ਲਈ ਨਹੀਂ ਆਉਂਦਾ ਹੈ।

ਸੱਚ ਤਾਂ ਇਹ ਹੈ ਕਿ ਦੇਸ਼ ਨੂੰ ਸੁੰਦਰ ਬਣਾਉਣ ਵਿੱਚ ਅਵਾਰਾ ਪਸ਼ੂਆਂ ਨਾਲ ਜੁੜੀਆਂ ਸਮੱਸਿਆਵਾਂ ਬਹੁਤ ਰੁਕਾਵਟ ਬਨਦੀਆਂ ਹਨ, ਜਿਹਨਾਂ ਉਤੇ ਸਮਾਂ ਰਹਿੰਦੇ ਕਾਬੂ ਪਾਉਣ ਵਿੱਚ ਹੀ ਭਲਾਈ ਹੈ।

**-ਸੁਨੀਲ ਸ਼ਰਮਾਂ**

# ਪਲੇਸੀਬੋ, ਭਾਵੇਂ ਬੇਅਸਰ ਹੀ ਸਹੀ, ਫਿਰ ਵੀ ਇਸ ਦਵਾ ਦਾ ਕੁੱਝ ਤਾਂ ਅਸਰ ਹੈ

**ਇਸ ਲੇਖ ਵਿੱਚ ਅਸੀ ਪਲੇਸੀਬੋ (ਝੂਠੀ-ਮੂਠੀ ਦਵਾ) ਦੇ ਅਸਰ ਤੇ ਕਿਸੇ ਦਵਾ ਦੇ ਅਸਰ ਵਿੱਚ ਪਲੇਸੀਬੋ ਦੇ ਪ੍ਰਭਾਵ ਦੀ ਭੂਮਿਕਾ ਬਾਰੇ ਵਿਚਾਰ-ਆਉਣ ਵਾਲੀ ਕਿਸੇ ਵੀ ਨਵੀ ਦਵਾਈ ਨੂੰ ਪਲੇਸੀਬੋ -ਨਿਰੀਖਣ ਵਿੱਚ ਦੀ ਲੰਘਣਾ ਹੀ ਪੈਂਦਾ ਹੈ।**



**ਬਸੰਤ ਨਟਰਾਜਨ**

ਮੇਰੇ ਬਚਪਨ ਦਾ ਇੱਕ ਕਿੱਸਾ ਹੈ। ਕਈ ਵਾਰ ਜਦੋਂ ਮੇਰਾ ਵੱਡਾ ਭਰਾ ਬਿਮਾਰ ਹੋ ਜਾਂਦਾ ਤਾਂ ਅਸੀ ਉਸਨੂੰ ਡਾਕਟਰ ਕੋਲੇ ਲੈ ਕੇ ਜਾਂਦੇ ਅਤੇ ਉਹ ਡਾਕਟਰ ਦੀ ਦਵਾਈ ਖਾਣ ਤੋ ਪਹਿਲਾਂ ਹੀ ਚਮਤਕਾਰੀ ਢੰਗ ਨਾਲ ਪਹਿਲਾਂ ਤੋਂ ਹੋਰ ਠੀਕ ਹੋਈ ਜਾਂਦਾ। ਇਹਨਾਂ ਹਾਲਾਤਾਂ ਵਿੱਚ, ਹਰ ਵਾਰ ਮਾਂ ਇਹ ਹੀ ਸੋਚਦੀ ਕਿ ਮੇਰਾ ਭਰਾ ਬਸ ਬਿਮਾਰੀ ਦਾ ਬਹਾਨਾ ਬਣਾ ਰਿਹਾ ਹੈ। ਪ੍ਰੰਤੂ ਅਜੋਕਾ ਡਾਕਟਰੀ ਵਿਗਿਆਨ ਇਸ 'ਚਮਤਕਾਰ' ਨੂੰ ਬਾਖੂਬੀ ਸਮਝਣ ਲੱਗ ਗਿਆ ਹੈ ਅਤੇ ਇਸਨੂੰ ਪਲੇਸੀਬੋ-ਇਫੈਕਟ (placebo-effect) ਦਾ ਨਾਮ ਦਿੱਤਾ ਗਿਆ ਹੈ। ਸੌਖੇ ਸ਼ਬਦਾਂ ਵਿੱਚ ਆਖ ਲਈਏ ਤਾਂ ਮਰੀਜ਼ ਨੂੰ ਬਸ ਇਹ ਮੰਨ ਲੈਣਾ ਹੁੰਦਾ ਹੈ ਕਿ ਉਸਦੀ ਬਿਮਾਰੀ ਦਾ ਇਲਾਜ ਕੀਤਾ ਜਾ ਰਿਹਾ ਹੈ। ਜਦੋਂ ਮਰੀਜ਼ ਨੇ ਇਹ ਮੰਨ ਲਿਆ ਤਾਂ ਦੂਜੇ ਪਾਸੇ ਮਿੱਠੀ ਗੋਲੀ (ਪਲੇਸੀਬੋ) ਨੇ ਅਸਲੀ ਦਵਾਈ ਦੇ ਵਾਂਙੂ ਆਪਣਾ ਅਸਰ ਵਿਖਾਉਣਾ ਸ਼ੁਰੂ ਕਰ ਦਿੱਤਾ ਅਤੇ ਹਾਂ ਇਹ ਗੱਲ ਵੀ ਹੈਰਾਨੀਜਨਕ ਹੈ, ਪਰ ਇਹ ਅਤਿਕਥਨੀ ਨਹੀਂ ਹੈ ਕਿ ਇਹ ਅਸਰ ਹੋਰ ਵੀ ਵਧਾਇਆ ਜਾ ਸਕਦਾ ਹੈ, ਬਸ ਛੋਟੀਆਂ ਗੋਲੀਆਂ ਦੀ ਥਾਂ ਤੇ ਵੱਡੀਆਂ ਗੋਲ਼ੀਆਂ ਇਸਤੇਮਾਲ ਕਰਕੇ ਜਾਂ ਫੇਰ ਕੋਰੀਆਂ ਸਫ਼ੈਦ ਚਿੱਟੀਆਂ ਗੋਲ਼ੀਆਂ ਦੀ ਬਜਾਏ ਰੰਗ-ਬਰੰਗੀਆਂ ਗੋਲੀਆਂ ਖਵਾਕੇ ਆਪਣਾ ਮਨ ਸ਼ਰੀਰ ਨੂੰ ਕਈ ਅਣਜਾਣੇ ਤਰੀਕਿਆਂ ਨਾਲ ਕੰਟਰੋਲ ਕਰਦਾ ਹੈ। ਇਸ ਮਹੱਤਵਪੂਰਨ ਪ੍ਰਭਾਵ ਦੇ ਮੱਦੇ ਨਜ਼ਰ ਬਾਜ਼ਾਰ ਵਿੱਚ ਮੰਗਾਉਣ ਵਾਲੀ ਹਰ ਅੰਗਰੇਜੀ ਦਵਾਈ ਨੂੰ ਇੱਕ ਪਲੇਸੀਬੋ-ਨਿਯੰਤਰਿਤ, ਡਬਲ ਬਲਾਈਂਡ (Double-Blind) ਨਿਰੀਖਣ ਵਿੱਚ ਦੀ ਗੁਜਰਨਾ ਪੈਂਦਾ ਹੈ।

ਇਹਨਾਂ ਨਿਰੀਖਣਾ ਜਾਂ ਪਰੀਖਣਾ ਦਾ ਖੁਲਾਸਾ ਕਰਨ ਤੋ ਪਹਿਲਾਂ, ਚੱਲੋ ਆਪਾਂ ਆਧੁਨਿਕ ਵਿਗਿਆਨ ਜਾਂਚ-ਪੜਤਾਲ ਦੀ ਇੱਕ ਗੌਰਤਲਬ ਖਾਸੀਅਤ ਬਾਰੇ ਹੀ ਸੋਚ ਲਈਏ। ਆਪਣਾ ਤਰਕਸ਼ੀਲ ਮਨ ਸਾਨੂੰ ਇਹ ਆਖਦਾ ਹੈ ਕਿ ਇਸ ਦੁਨੀਆਂ ਵਿੱਚ ਜਿਹੜਾ ਵੀ ਪ੍ਰਭਾਵ ਅਸੀ ਆਪਣੇ ਇਰਦ-ਗਿਰਦ ਵੇਖਦੇ ਹਾਂ; ਉਸਦਾ ਇੱਕ ਨਿਸਚਤ, ਸਮਝਿਆ ਜਾ ਸਕਣ ਵਾਲਾ, ਕੁਦਰਤੀ ਕਾਰਣ ਹੁੰਦਾ ਹੈ। ਵਿਗਿਆਨ ਦਾ ਉਦੇਸ ਹੀ ਇਸ, 'ਕਾਰਜ-ਕਾਰਣ' ਸਬੰਧ ਨੂੰ ਸਥਾਪਿਤ ਕਰਨਾ ਹੈ। ਇਸਦੇ ਲਈ, 'ਹੋਰ ਸਾਰੀਆਂ ਗੱਲਾਂ ਆਮ ਜਾਂ ਨਾ-ਬਦਲਣਯੋਗ ਹੋਣ ਨੂੰ (ਕੇਟੇਰਿਸ ਪੇਰਿਬਸ) ਦੀ ਸ਼ਰਤ ਪੂਰੀ ਕਰਨੀ ਪੈਂਦੀ ਹੈ। ਇਸਨੂੰ ਸਰਲ ਤਰੀਕੇ ਨਾਲ ਸਮਝਣ ਦੀ ਕੋਸ਼ਿਸ਼ ਕਰੀਏ ਤਾਂ ਕੋਈ ਪ੍ਰਯੋਗ ਜਾਂ ਪਰੀਖਣ ਕਰਨ ਵਾਲੇ ਹਰ ਇੱਕ ਵਿਗਿਆਨੀ ਨੂੰ ਇਹ ਯਕੀਨੀ ਬਣਾਉਣਾ ਪੈਂਦਾ ਹੈ ਕਿ ਅਧਿਐਨ ਵਿੱਚ ਸ਼ਾਮਲ ਪ੍ਰੀਵਰਤੀ (Variables) ਦੇ ਇਲਾਵਾ ਬਹੁਤ ਸਾਰੇ ਸੁਤੰਤਰ ਪ੍ਰੀਵਰਤੀ ਨਿਯੰਤਰਿਤ ਹੋਣ, ਤਾਂ ਕਿ ਅੰਤਿਮ ਪਰੀਣਾਮ ਉੱਪਰ ਸਿਰਫ ਇੱਕ ਇੱਕਲੇ ਉਸ ਨਿਸਚਤ ਜਾਂ ਚੁਣੇ ਗਏ ਸੁਤੰਤਰ ਪ੍ਰੀਵਰਤੀ ਦੇ ਪ੍ਰਭਾਵ ਤੋ ਅਲਹਿਦਾ ਕਰਕੇ ਵੇਖਿਆ ਜਾ ਸਕੇ।

ਜਿੱਥੋ ਤੱਕ ਨਿਰਜੀਵ ਸੰਸਾਰ ਦੇ ਨਾਲ ਪ੍ਰਯੋਗਾਂ (ਮਸਲਨ ਭੌਤਿਕ ਵਿਗਿਆਨ ਅਤੇ ਰਸਾਇਣਕ ਵਿਗਿਆਨ ਦੇ ਪ੍ਰਯੋਗ) ਦੀ ਗੱਲ ਹੈ ਤਾਂ ਇਹ ਮਾਮਲਾ ਆਪਣੇ ਆਪ ਹੀ ਸੌਖਾ ਤੇ ਸਰਲ ਹੋ ਜਾਂਦਾ ਹੈ। ਪ੍ਰੰਤੂ ਜਦੋ ਗੱਲ ਸਜੀਵਾਂ (ਜਾਨਵਰਾਂ), ਖਾਸ ਤੌਰ 'ਤੇ ਮਨੁੱਖਾਂ ਦੀ ਹੋਵੇ, ਤਾਂ ਹੋਰ ਵੀ ਟੇਢੀ ਹੋ ਜਾਂਦੀ ਹੈ ਭਾਵ ਗੱਲ ਵੱਧ ਪੇਚੀਦਾ ਤੇ ਗੁੰਝਲਦਾਰ ਬਣ ਜਾਂਦੀ ਹੈ।

ਇੱਕ ਡਾਕਟਰ ਜੇਕਰ ਇੱਕ ਨਵੀ ਦਵਾਈ ਦਾ ਅਸਰ ਇਨਸਾਨਾਂ ਉੱਪਰ ਵੇਖਣਾ ਚਾਹੁੰਦਾ ਹੈ, ਤਾਂ ਉਹ ਕੀ ਕਰੇ ? ਇਹ ਬਹੁਤ ਵੱਡਾ ਸਵਾਲ ਹੈ। ਇਸਦਾ ਜਵਾਬ ਕੋਈ ਐਨਾ ਸਹਿਜ ਤੇ ਸੁਖਾਲਾ ਨਹੀ। ਪਰ ਇਹ ਤਾਂ ਸਪਸ਼ਟ ਹੈ ਕਿ ਉਹ ਡਾਕਟਰ, ਇਹੋ ਜਿਹੇ ਬਹੁਤ ਸਾਰੇ ਮਰੀਜ ਤਾਂ ਨਹੀ ਬਣਾ ਸਕਦਾ, ਜਿਵੇਂ ਕੀ ਅਸੀ ਭੌਤਿਕ ਵਿਗਿਆਨ ਵਿੱਚ ਇੱਕੋ ਹੀ ਪ੍ਰਯੋਗ ਨੂੰ ਵਾਰ-ਵਾਰ, ਕਈ ਵਾਰ, ਦੁਹਰਾ ਸਕਦੇ ਹਾਂ। ਇੱਕੋ ਹੀ ਕਿਸਮ ਦੀ ਮਰਜ਼ (ਬਿਮਾਰੀ) ਦੇ ਮਰੀਜ਼ ਉਮਰ, ਮਰਦ-ਔਰਤ, ਸਿਹਤਮੰਦ, ਖਾਣ-ਪੀਣ ਦੀਆਂ ਆਦਤਾਂ, ਆਦਿ ਦੇ ਹਿਸਾਬ ਨਾਲ ਇੱਕ ਦੂਜੇ ਤੋਂ ਵੱਖਰੇ-ਵੱਖਰੇ ਹੁੰਦੇ ਹਨ। ਇਸ ਸਥਿਤੀ ਵਿੱਚ, ਇਹਨਾਂ ਸਾਰੇ ਪ੍ਰੀਵਰਤੀਆਂ ਦਾ ਕੰਟਰੋਲ ਰੱਖਣ ਦੇ ਲਈ ਸਭ ਤੋਂ ਵਧੀਆਂ ਢੰਗ ਇਹ ਹੀ ਹੁੰਦਾ ਹੈ ਕਿ ਅੰਕੜਿਆ ਦੇ ਨਜ਼ਰੀਏ ਤੋਂ ਜਿੰਨਾ ਵੱਧ ਤੋਂ ਵੱਧ ਹੋ ਸਕੇ, ਸੈਂਪਲ (Sample) ਭਾਵ ਨਮੂੰਨਾ ਲਿਆ ਜਾਵੇ, ਅਤੇ ਇਹ ਉਮੀਦ ਕੀਤੀ ਜਾਵੇ ਕੀ ਇਸ ਪ੍ਰਕਿਰਿਆ ਵਿੱਚ ਜੇ ਕੋਈ ਬੇ-ਨਿਯੰਤਰਿਤ ਭਿੰਨਤਾ ਹੋਵੇਗੀ ਵੀ ਤਾਂ ਵੱਡਾ ਸੈਂਪਲ ਹੋਣ ਦੇ ਕਾਰਣ, "ਔਸਤ" ਦੇ ਕਾਰਣ ਉਸਦਾ ਅਸਰ ਖਤਮ ਹੋ ਜਾਵੇਗਾ। ਇਸਦੇ ਇਲਾਵਾ, ਅਸੀਂ ਸੈਂਪਲ ਹੀ ਇਹੋ ਜਿਹਾ ਲਵਾਂਗੇ, ਕਿ ਉਸਦੇ ਮੈਂਬਰ (ਮਰੀਜ) ਉਕਤ ਪ੍ਰਵਿਰਤੀਆਂ ਦੇ ਸੰਦਰਭ ਵਿੱਚ ਇੱਕ ਦੂਜੇ ਨਾਲ, ਜਿੱਥੋਂ ਤੱਕ ਸੰਭਵ ਹੋ ਸਕੇ, ਮੇਲ ਖਾਂਦੇ ਹੋਣ।

**ਕੰਟਰੋਲ ਅਤੇ ਡਬਲ-ਬਲਾਈਂਡ ਦਾ ਮਹੱਤਵ** :- ਇਹ ਸਮਝਣ ਦੇ ਲਈ ਕਿ ਦਵਾਈਆਂ ਦੀ ਪਰਖ ਕਿਵੇਂ ਕੀਤੀ ਜਾਂਦੀ ਹੈ, ਚਲੋ ਆਪਾਂ ਮਲੇਰੀਆ ਦੇ ਇਲਾਜ ਲਈ ਇੱਕ ਨਵੀਂ ਦਵਾਈ ਦੇ ਪ੍ਰੀਖਣ ਬਾਰੇ ਜਾਣ ਲਈਏ। ਇਸ ਟੈਸਟ (ਪ੍ਰੀਖਣ) ਦੇ ਲਈ ਤੁਸੀਂ ਮਲੇਰੀਆ ਤੋਂ ਪੀੜਤ 100 ਅਜਿਹੇ ਮਰਦਾਂ



ਦੀ ਚੋਣ ਕਰਦੇ ਹੋ, ਜਿਹੜੇ ਸਾਰੇ ਦੇ ਸਾਰੇ ਇੱਕੋ ਜਿੰਡੀ ਉਮਰ ਦੇ ਹਨ, ਇਹਨਾਂ ਵਿੱਚੋਂ ਕੋਈ ਵੀ ਸਿਗਰਟ-ਬੱਤੀ ਨਹੀਂ ਪੀਂਦਾ, ਇਹਨਾਂ ਸਾਰਿਆਂ ਦੀਆਂ ਖਾਣ-ਪੀਣ ਅਤੇ ਕਸਰਤ (ਸੈਰ) ਕਰਨ ਦੀਆਂ ਆਦਤਾਂ ਵੀ ਇੱਕੋ ਜਿਹੀਆਂ ਹਨ। ਇਸ ਤੋਂ ਬਾਅਦ ਇਹਨਾਂ ਸੌ ਮਰੀਜ਼ਾਂ ਨੂੰ ਝੂਠੀ-ਮੂਠੀ ਐਵੇਂ ਹੀ ਅਟਕਲਪੱਚੂ ਤਰੀਕੇ ਨਾਲ (Randomly) 50-50 ਦੇ ਸਮੂਹਾਂ ਵਿੱਚ ਵੰਡ ਦਿੰਦੇ ਹਾਂ। ਜਿਵੇਂ ਕਿ ਪਹਿਲਾਂ ਹੀ ਦੱਸਿਆ ਗਿਆ ਹੈ ਕਿ ਪਲੇਸੀਬੋ ਇੱਕ ਬਹੁਤ ਹੀ ਤਕੜਾ ਪ੍ਰਭਾਵਸ਼ਾਲੀ ਅਸਰ ਹੁੰਦਾ ਹੈ। ਇਸਨੂੰ ਸਾਨੂੰ ਸਾਰਿਆਂ ਨੂੰ ਸਮਝਣ ਦੀ ਜ਼ਰੂਰਤ ਹੈ। ਇੰਝ ਕਰਨ ਦੇ ਲਈ, ਇੱਕ ਸਮੂਹ (ਗਰੁੱਪ) ਨੂੰ ਦਵਾਈ ਵਰਗੀ ਲੱਗਦੀ ਗੋਲੀ ਖਵਾਈ ਜਾਂਦੀ ਹੈ; ਜਦੋਂ ਕਿ ਦੂਜੇ ਸਮੂਹ ਨੂੰ (ਪ੍ਰਯੋਗ-ਸਮੂਹ-Experimenatal Group) ਨੂੰ ਅਸਲੀ ਦਵਾਈ; ਜਿਸਨੂੰ ਪਰਖਿਆ ਜਾਂ ਟੈਸਟ ਕੀਤਾ ਜਾ ਰਿਹਾ ਹੈ; ਦਿੱਤੀ ਜਾਂਦੀ ਹੈ। ਇਸ ਤੋਂ ਵੀ ਵੱਧ ਮਹੱਤਵਪੂਰਣ ਇਹ ਹੈ ਕਿ ਇਹ ਪ੍ਰੀਖਣ ਡਬਲ-ਬਲਾਈਂਡ (Double Blind) ਭਾਵ ਦੂਹਰੇ ਰੂਪ ਵਿੱਚ ਛੁਪਿਆ ਹੋਣਾ ਚਾਹੀਦਾ ਹੈ। ਇਸਦਾ ਸਹੀ ਅਰਥ ਇਹ ਹੈ ਕਿ ਇਸ ਬਾਰੇ ਨਾ ਤਾਂ ਮਰੀਜਾਂ ਨੂੰ ਅਤੇ ਨਾ ਹੀ ਡਾਕਟਰਾਂ ਨੂੰ ਪਤਾ ਨਹੀਂ ਲੱਗਣਾ ਚਾਹੀਦਾ ਕਿ ਕਿਸਨੂੰ ਕੀ ਮਿਲਿਆ; ਦਵਾਈ ਇੱਕ ਗਰੁੱਪ ਨੂੰ ਅਤੇ ਪਲੇਸੀਬੋ ਦੂਜੇ ਗਰੁੱਪ ਨੂੰ।

ਅਧਿਐਨ ਦੇ ਅੰਤ ਵਿੱਚ, ਜੇਕਰ ਨਿਬੰਤਰਿਤ ਅਤੇ ਪ੍ਰਯੋਗੀ ਸਮੂਹ ਵਿੱਚ ਗਿਣਤਾਮਿਕ ਪੱਖੋਂ ਅੰਤਰ ਵੇਖਿਆ ਜਾਂਦਾ ਹੈ ਤਾਂ ਅਸੀਂ ਬਹੁਤ ਹੀ ਸੌਖ ਨਾਲ ਇਹ ਆਖ ਸਕਦੇ ਹਾਂ ਕਿ ਇਹ ਦਵਾਈ ਕੁਝ ਅਸਰ ਤਾਂ ਕਰਦੀ ਹੈ। ਪਰ ਜੇਕਰ ਦੋਵਾਂ ਸਮੂਹਾਂ ਦੇ ਵਿੱਚ ਕੋਈ ਅੰਤਰ ਹੀ ਨਹੀਂ ਹੈ, ਤਾਂ ਇਹ ਦਵਾਈ ਤਾਂ ਸਿਰਫ਼ ਖੰਡ ਦੀ ਮਿੱਠੀ ਜਿਹੀ ਗੋਲੀ ਹੈ ਜਾਂ ਫੇਰ ਐਂ ਆਖ ਲਈਏ ਕਿ ਪਲੇਸੀਬੋ ਤੋਂ ਵੱਧ ਕੁਝ ਵੀ ਨਹੀਂ। ਸੁਭਾਵਿਕ ਤੌਰ ’ਤੇ, ਗਿਣਾਤਮਕ ਪੱਖੋਂ, ਮਹੱਤਵਪੂਰਨ (Significant) ਅੰਤਰ ਕੀ ਹੈ, ਇਹ ਗਣਿਤ ਵਿੱਚ ਬੇਹੱਦ ਸਪੱਸ਼ਟ ਹੁੰਦਾ ਹੈ। ਜਿਵੇਂ-ਜਿਵੇਂ ਸੈਂਪਲ ਦੀ ਗਿਣਤੀ ਵਧਦੀ ਜਾਵੇਗੀ, ਅੰਤਰ ਦਾ ਗਣਿਤਕੀ ਮਹੱਤਵ ਵਧਦਾ ਜਾਵੇਗਾ।

ਜੇ ਗੱਲ ਵਧਾਈਏ ਨਾ ਤਾਂ, ਇਹ ਕਿਹਾ ਜਾ ਸਕਦਾ ਹੈ ਕਿ ਮਰੀਜ਼ਾਂ ਦਾ ਬਹੁਤ ਵੱਡਾ ਸੈਂਪਲ ਲੈਕੇ ਇਹ ਜਾਨਣ ਦੀ ਪ੍ਰਬਲ ਤਾਂਘ ਹੁੰਦੀ ਹੈ ਕਿ ਜਦ ਔਸਤ ਅੰਤਰ ਲੱਭਣ ਦੀ ਕੋਸ਼ਿਸ਼ ਕਰੀਏ ਤਾਂ ਉਸਦੇ ਵਿੱਚ ਜਿਹੜੇ ਨਾ ਤਿਆਗੇ ਜਾਣ ਵਾਲੇ ਅੰਤਰ ਹੋਣ ਉਹ ਆਪਸ ਵਿੱਚ ਦੀ ਨਿਸਫ਼ਲ ਹੋ ਜਾਣ ਤਾਂ ਕਿ ਕੇਟੀਬਿਸ ਪੇਰੀਬਿਸ ਦੀ ਸ਼ਰਤ ਪੂਰੀ ਹੋਵੇ। ਪ੍ਰਯੋਗੀ ਦੇ ਸਮੂਹ ਦੇ ਨਾਲ ਨਿਬੰਤਰਿਤ ਸਮੂਹ ਨੂੰ ਲੈ ਕੇ ਅਤੇ ਦੋਵਾਂ ਸਮੂਹਾਂ ਉੱਪਰ ਪੈਣ ਵਾਲੇ ਪ੍ਰਭਾਵਾਂ ਵਿਚਕਾਰ ਗਣਨਾ ਪੱਖੋਂ ਭਾਵ ਗਿਣਤੀ ਪੱਖੋਂ ਮਹੱਤਵਪੂਰਨ ਅੰਤਰ ਲੱਭਕੇ ਪਲੇਸੀਬੋ ਦੇ ਅਸਰ ਨੂੰ ਦੂਰ ਕੀਤਾ ਜਾ ਸਕਦਾ ਹੈ। ਹਾਂ, ਪਰ, ਆਖਰੀ ਹੀ ਸਹੀ, ਪਰ ਇਹ ਹੈ ਸਮਝਣਯੋਗ ਗੱਲ, ਇਹ ਅਧਿਐਨ ਦੂਹਰੇ ਰੂਪ ਨਾਲ ਲੁਕਿਆ ਹੋਇਆ ਹੈ (ਡਬਲ ਬਲਾਈਂਡ) ਕੀਤਾ ਜਾਂਦਾ ਹੈ ਤਾਂ ਕਿ ਪਰੀਣਾਮਾਂ ਦੀ ਵਿਆਖਿਆ ਕਰਦੇ ਸਮੇਂ ਕਿਸੇ ਵੀ ਕਿਸਮ ਦਾ ਅਵਚੇਤਨ ਵਿੱਚ ਬਣਾਇਆ ਹੋਇਆ ਪੂਰਵ-ਵਿਚਾਰ ਉਸ ਵਿੱਚ ਵਿਖਾਈ ਨਾ ਦੇਵੇ।

**ਡਬਲ-ਬਲਾਈਂਡ ਟੈਸਟ ਬਾਰੇ**: ਡਬਲ-ਬਲਾਈਂਡ ਦਵਾਈ ਟੈਸਟ ਕੀ ਹੁੰਦਾ ਹੈ। ਜਿਵੇਂ ਇੱਕ ਪਲੇਸੀਬੋ ਲੈਣ ਵਾਲੇ ਮਰੀਜ਼ ਦੀ ਸਿਹਤ ਵਿੱਚ ਅਸਲੀ ਦਵਾਈ ਲਏ ਬਿਨਾਂ ਹੀ ਸੁਧਾਰ ਦੇ ਸਪੱਸ਼ਟ ਤੇ ਉੱਘੜਵੇਂ ਲੱਛਣ ਵਿਖਾਈ ਦੇ ਸਕਦੇ ਹਨ, ਉਸੇ ਹੀ ਤਰ੍ਹਾਂ ਇੱਕ ਡਾਕਟਰ ਵੀ ਅਸਲੀ ਦਵਾਈ ਅਤੇ ਪਲੇਸੀਬੋ ਦੇ ਅਸਰ ਨੂੰ ਵੇਖਦੇ ਵਕਤ ਪੂਰਵ-ਵਿਚਾਰਾਂ ਦਾ ਸ਼ਿਕਾਰ ਬਣਕੇ ਉਸ ਵਿੱਚ ਕੁਝ ਕੁ ਫਰਕ ਵੇਖ ਸਕਦਾ ਹੈ; ਸਿਰਫ ਇਸ ਲਈ ਕਿ ਉਹ ਇਹੋ ਜਿਹਾ ਫ਼ਰਕ ਵੇਖਣ ਦੀ ਉਮੀਦ ਰੱਖਦਾ ਹੈ। ਇਸ ਲਈ ਜੇਕਰ ਪਹਿਲਾਂ ਹੀ ਕਿਸੇ ਡਾਕਟਰ ਨੂੰ ਇਹ ਪਤਾ ਹੋਵੇ ਕਿ ਮਰੀਜ ਨੂੰ ਅਸਲੀ ਦਵਾਈ ਦਿੱਤੀ ਜਾ ਰਹੀ ਹੈ, ਨਾ ਕਿ ਕੋਈ ਪਲੇਸੀਬੋ, ਤਾਂ ਉਹ ਅਵਚੇਤਨ ਪੱਧਰ ’ਤੇ ਹੀ ਉਸਦਾ ਕੁਝ ਪ੍ਰਭਾਵ ਵੇਖ ਲਵੇਗਾ।

ਚਾਹੇ ਅਜਿਹਾ ਪ੍ਰਭਾਵ ਉਥੇ ਹੋਵੇ ਹੀ ਨਾ। ਏਸੇ ਲਈ ਹੀ ਤਾਂ, ਕਿਸੇ ਵੀ ਦਵਾਈ ਦੇ ਪ੍ਰੀਖਣ ਨੂੰ ਡਬਲ ਬਲਾਈਂਡ ਰੱਖਣਾ ਜ਼ਰੂਰੀ ਹੁੰਦਾ ਹੈ। ਮਰੀਜ ਤੇ ਡਾਕਟਰਾਂ ਨੂੰ ਇਸ ਗੱਲ ਦੀ ਭਿਣਕ ਵੀ ਨਹੀਂ ਪੈਣੀ ਚਾਹੀਦੀ ਕਿ ਕੌਣ ਅਸਲੀ ਗੋਲੀ ਖਾ ਰਿਹਾ ਹੈ ਅਤੇ ਕਿਹੜਾ ਨਕਲੀ ਗੋਲੀ। ਪਰਿਨਾਮ ਦੀ ਵਿਆਖਿਆ ਕਰਨ ਲਈ ਕਿਸੇ ਵੀ ਕਿਸਮ ਦੇ ਪੂਰਵ-ਵਿਚਾਰਾਂ ਨੂੰ ਲਾਂਭੇ ਕਰਨ ਦਾ ਇਸ ਤੋਂ ਵੀ ਵਧੀਆ ਉਪਾਅ ਹੁਣ ਤਾਂ ਕੋਈ ਨਹੀਂ। ਪਲੇਸੀਬੋ ਨੂੰ ਸਿੱਧੇ ਸਾਦੇ ਸ਼ਬਦਾਂ ਵਿੱਚ ਪ੍ਰਭਾਸ਼ਿਤ ਕੀਤਾ ਜਾ ਸਕਦਾ ਹੈ ਕਿ ਮਰੀਜ ਨੂੰ ਕੋਈ ਬਿਮਾਰੀ ਨਹੀਂ ਹੁੰਦੀ, ਪਰ ਇੱਕ ਵਹਿਮ ਹੁੰਦਾ ਹੈ ਕਿ ਉਹ ਬਿਮਾਰ ਹੈ। ਉਸ ਸਮੇਂ ਡਾਕਟਰ ਉਸਨੂੰ ਅਸਲੀ ਦਵਾਈ ਨਹੀਂ ਦਿੰਦਾ, ਪਰ ਦਵਾਈ ਵਰਗੀ ਵਿਖਾਈ ਦਿੰਦੀ ਬੇਅਸਰ ਵਸਤੂ ਦੇ ਦਿੰਦਾ ਹੈ। ਮਰੀਜ ਇਸਨੂੰ ਦਵਾਈ ਸਮਝਕੇ ਵਰਤੀ ਜਾਂਦਾ ਹੈ ਤੇ ਠੀਕ ਹੋ ਜਾਂਦਾ ਹੈ। ਅਕਸਰ ਵੇਖਣ ਵਿੱਚ ਆਇਆ ਹੈ ਕਿ ਕਈ ਮਰੀਜਾਂ ਨੂੰ ਇਹ ਭਰਮ ਹੁੰਦਾ ਹੈ ਕਿ ਦਵਾਈ ਦੀ ਥਾਂ ਟੀਕਾ ਲਵਾਕੇ ਛੇਤੀ ਠੀਕ ਹੋ ਜਾਵੇਗਾ। ਤਾਂ ਵੀ ਡਾਕਟਰ ਅਸਲੀ ਟੀਕੇ ਦੀ ਥਾਂ ਡਿਸਟਿਲਡਵਾਟਰ ਦਾ ਟੀਕਾ ਲਾ ਦਿੰਦੇ ਹਨ। ਮੱਝਾਂ-ਗਾਵਾਂ ਨੂੰ ਚੋਣ ਦੇ ਲਈ ਟੀਕਾ ਲਾਉਣਾ ਆਮ ਜਿਹੀ ਗੱਲ ਹੈ। ਪਰ ਕਈ ਵਾਰੀ ਅਸਲੀ ਟੀਕੇ ਦੀ ਥਾਂ ’ਤੇ ਪਾਣੀ ਦਾ ਟੀਕਾ ਲਾ ਦਿੱਤਾ ਜਾਂਦਾ ਹੈ। ਮੱਝ ਜਾਂ ਗਊ ਤਾਂ ਉਸ ਨਾਲ ਦੁੱਧ ਲਾਹ ਲੈਂਦੀ ਹੈ ਜਾਂ ਪਸਮ ਜਾਂਦੀ ਹੈ। ਇਹ ਸਾਰਾ ਕੁਝ ਪਲੇਸੀਬੋ ਹੀ ਹੈ।

ਜਿੱਥੋਂ ਤੱਕ ਗਣਨਾ ਦਾ ਹਿਸਾਬ-ਕਿਤਾਬ ਹੈ ਉਹ ਵੀ ਵਿਚਾਰਨਯੋਗ ਹੈ। ਉਸ ਵੱਲ ਵੀ ਸਾਨੂੰ ਗੌਰ ਕਰਨਾ ਚਾਹੀਦਾ ਹੈ।

21 ਅਕਤੂਬਰ ਜਨਮ ਦਿਨ ਤੇ ਵਿਸ਼ੇਸ




# ਵਿਗਿਆਨੀ ਐਲਫਰਡ ਨੋਬਲ

ਮਹਾਨ ਫਿਲਾਸਫਰ ਸੁਕਰਾਤ ਅਨੁਸਾਰ ਪ੍ਰਸਿੱਧੀ ਮਹਾਨ ਕਾਰਜਾਂ ਦੀ ਮਹਿਕ ਹੁੰਦੀ ਹੈ। ਐਲਫਰਡ ਨੋਬਲ ਨੂੰ ਨੋਬਲ ਇਨਾਮ ਦੇ ਤੌਰ ਤੇ ਸਾਰੇ ਸੰਸਾਰ ਵਿਚ ਜਾਣਿਆ ਜਾਂਦਾ ਹੈ।ਵਿਗਿਆਨ ਦੇ ਖੇਤਰ ਵਿੱਚ ਨਾਮਣਾ ਖੱਟਣ ਵਾਲੇ ਇਸ ਮਹਾਨ ਵਿਗਿਆਨੀ ਅਤੇ ਨੇਕ ਦਿਲ ਇਨਸਾਨ ਐਲਫਰਡ ਬਰਨਾਰਡ ਨੋਬਲ ਦਾ ਜਨਮ 21 ਅਕਤੂਬਰ 1883 ਨੂੰ ਸਟਾਕਹੋਮ (ਸਵੀਡਨ) ਵਿੱਚ ਹੋਇਆ। ਉਨਾਂ ਦੇ ਪਿਤਾ ਇਮਾਨਿਊਲ ਇਕ ਖੋਜੀ ਇੰਜਨੀਅਰ ਸਨ ਜੋ ਕਿ ਧਮਾਕਾਖੇਜ ਪਦਾਰਥਾਂ ਦੀ ਰਸਾਇਣਕ ਰਚਨਾ ਦੇ ਬਾਰੇ ਵਿੱਚ ਕੰਮ ਕਰਦੇ ਸਨ। ਅੰਡਰਿਟਾ ਐਹਲਸੈਲ ਨੋਬਲ ਦੇ ਮਾਤਾ ਜੀ ਸਨ। ਤੇਜ ਬੁੱਧੀ ਅਤੇ ਖੋਜੀ ਪ੍ਰਵਿਰਤੀ ਨੋਬਲ ਨੂੰ ਆਪਣੇ ਪਿਤਾ ਜੀ ਤੋਂ ਵਿਰਾਸਤ ਵਿੱਚ ਮਿਲੀ। ਐਲਬਰਟ ਨੋਬਲ ਦੀ ਪੜ੍ਹਾਈ ਸਟਾਕਹੋਮ ਵਿੱਚ ਸ਼ੁਰੂ ਹੋਈ, ਸੇਂਟ ਪੀਟਰਸਬਰਗ ਵਿੱਚ ਜਾਰੀ ਰਹੀ ਅਤੇ ਅਮਰੀਕਾ, ਜਿੱਥੇ ਉਸ ਨੇ ਮਕੈਨੀਕਲ ਇੰਜੀਨੀਅਰ ਕੀਤੀ, ਵਿੱਚ ਖਤਮ ਹੋਈ। ਉਸਨੇ ਅੰਗਰੇਜੀ, ਰੂਸੀ, ਸਵੀਡਿਸ਼, ਫਰੈਂਚ ਅਤੇ ਜਰਮਨ ਭਾਸ਼ਾਵਾਂ ਚੰਗੀ ਤਰਾਂ ਸਿੱਖ ਲਈਆਂ ਪਰੰਤੂ ਉਸ ਦੀ ਰੁਚੀ ਰਸਾਇਣ ਵਿਗਿਆਨ ਵਿੱਚ ਸੀ। ਇਟਲੀ ਦੇ ਵਿਗਿਆਨੀ ਐਸਕੀਨੋ ਸੋਬਰੀਰੋ (1812-88) ਨੇ 1847 ਵਿਚ ਨਾਈਟਰੋਗਲੈਸਰੀਨ, ਜੋ ਕਿ ਇਕ ਤਰਲ ਵਿਸਫੋਟਕ ਪਦਾਰਥ ਹੈ ਦੀ ਖੋਜ ਕੀਤੀ। ਇਸ ਵਿਸਫੋਟਕ ਪਦਾਰਥ ਨੂੰ ਉਦਯੋਗਿਕ ਪੱਧਰ ਤੇ ਤਿਆਰ ਕਰਨਾ ਬਹੁਤ ਕਠਿਨ ਸੀ। ਨੋਬਲ ਨੇ ਇਸ ਤੇ ਖੋਜ ਕਰਨੀ ਸ਼ੁਰੂ ਕਰ ਦਿੱਤੀ।ਜਦੋਂ ਸਫਲਤਾ ਉਸਦੇ ਪੈਰ ਚੁੰਮਣ ਵਾਲੀ ਸੀ ਕਿ ਪ੍ਰਯੋਗਸ਼ਾਲਾ ਵਿੱਚ ਬਹੁਤ ਵੱਡਾ ਧਮਾਕਾ ਹੋਇਆ ਇਸ ਭਿਆਨਕ ਦੁਰਘਟਨਾ ਵਿੱਚ ਉਸਦਾ ਵੱਡਾ ਭਰਾ ਐਮਲ ਤੇ ਕਈ ਹੋਰ ਵਿਅਕਤੀ ਮਾਰੇ ਗਏ।ਇਸ ਨਾਲ ਉਸਦੇ ਦਿਲ ਤੇ ਡੂੰਘੀ ਸੱਟ ਲੱਗੀ ਪਰ....

ਉਹ ਮਰਦ ਨਹੀਂ ਜੋ ਡਰ ਜਾਏ ਮਾਹੌਲ ਕੇ ਖ਼ੂਨੀ ਮੰਜਰ ਸੇ
ਉਸ ਹਾਲ ਮੇਂ ਜੀਨਾ ਲਾਜਮ ਹੈ ਜਿਸ ਹਾਲ ਮੇਂ ਜੀਨਾ ਮੁਸ਼ਕਲ ਹੈ।

ਨੋਬਲ ਨੇ ਦਿਲ ਨਹੀਂ ਛੱਡਿਆ ।ਜਿਵੇਂ ਟਰੈਂਸ ਨੇ ਕਿਹਾ ਕਿ ਕਿਸਮਤ ਬਹਾਦਰਾਂ ਦਾ ਸਾਥ ਦਿੰਦੀ ਹੈ ਨੋਬਲ ਨੇ ਕਿਸ਼ਤੀ ਕਿਰਾਏ ਤੇ ਲਈ ਉਸ ਵਿੱਚ ਪ੍ਰਯੋਗਸ਼ਾਲਾ ਖੋਲ੍ਹ ਲਈ।ਖੋਜ ਦਾ ਕੰਮ ਫਿਰ ਜਾਰੀ ਕਰ ਦਿੱਤਾ। ਬਹੁਤ ਲੰਮੇਂ ਸਮੇਂ ਦੀ ਜਦੋ ਜਹਿਦ ਤੋਂ ਬਾਦ ਉਸਨੇ ਇਹ ਗਿਆਤ ਕਰ ਲਿਆ ਕਿ ਅਕ੍ਰਿਆਸ਼ੀਲ ਪਦਾਰਥ ਸਿਲੀਕਾ ਜਿਸ ਨੂੰ ਕੈਸਲਗੁਹਰ ਕਹਿੰਦੇ ਹਨ ਉਹ ਧਮਾਕਾਖੇਜ਼ ਨਾਈਟਰੋਗਲੈਸਰੀਨ ਨੂੰ ਜ਼ਜ਼ਬ ਕਰ ਲੈਂਦਾ ਹੈ।ਇਸੇ ਖੋਜ ਦੇ ਸਿੱਟੇ ਵਜੋਂ ਉਸਨੇ ਇਕ ਸੁਰੱਖਿਤ ਵਿਸਫੋਟਕ ਪਦਾਰਥ ਦੀ ਖੋਜ ਕੀਤੀ ਜਿਸ ਨੂੰ ਡਾਇਨਾਮਾਈਟ ਕਿਹਾ ਜਾਂਦਾ ਹੈ।ਇਸਦਾ ਪੇਟੈਂਟ 10 ਸਤੰਬਰ 1869 ਨੂੰ ਹੋਇਆ।ਡਾਇਨਾਮਾਈਟ ਦੀ ਖੋਜ ਨਾਲ ਨੋਬਲ ਸਾਰੀ ਦੁਨੀਆ ਵਿੱਚ ਮਸ਼ਹੂਰ ਹੋ ਗਿਆ।ਉਸਦੇ 90 ਪਲਾਂਟ, ਪੰਜ ਉਪ ਮਹਾਂਦੀਪਾਂ ਦੇ 20 ਦੇਸ਼ਾਂ ਵਿੱਚ ਫੈਲ ਚੁੱਕੇ ਸਨ।ਸ਼ੋਹਰਤ ਦੇ ਨਾਲ ਨਾਲ ਧਨ ਵੀ ਮੀਂਹ ਵਾਂਗ ਆਉਣ ਲੱਗਾ ਇਸ ਨਾਲ ਨੋਬਲ ਨੇ ਹੰਕਾਰ ਨਹੀਂ ਕੀਤਾ ਸਗੋਂ ਉਹ ਆਪਣੀ ਖੋਜ ਲਈ ਸੁਬਰੀਰੋ ਦਾ ਧੰਨਵਾਦੀ ਸੀ। ਇਸੇ ਲਈ ਸੋਬਰੀਰੋ ਨੂੰ ਉਸਨੇ ਉਮਰ ਭਰ ਲਈ ਨੌਕਰੀ ਦੇ ਦਿੱਤੀ।ਜਿਵੇਂ ਕਿ ਇਸ ਦੁਨੀਆ ਵਿੱਚ ਮਹਾਨ ਵਿਅਕਤੀਆਂ ਨੂੰ ਮੁਸ਼ਕਲ ਦੌਰ ਵਿਚੋਂ ਗੁਜਰਨਾ ਪਿਆ ਹੈ। ਨੋਬਲ ਨਾਲ ਵੀ ਇਸੇ ਤਰ੍ਹਾਂ ਹੋਇਆ। ਫਰਾਂਸ ਵਿੱਚ ਨੋਬਲ ਵਿਰੋਧੀ ਲਹਿਰ ਚੱਲ ਪਈ। ਕੁਝ ਰਾਜਨੀਤੀਵਾਨਾਂ ਅਤੇ ਉਦਯੋਗਪਤੀਆਂ ਨੇ ਪਰੈਸ ਦੀ ਮੱਦਦ ਨਾਲ ਉਸ ਦੀ ਨਿੰਦਿਆ ਸ਼ੁਰੂ ਕਰ ਦਿੱਤੀ ਕਿ ਨੋਬਲ ਜੰਗ ਦੀ ਭਿਆਨਕਤਾ ਨੂੰ ਵਧਾ ਰਿਹਾ ਹੈ। ਐਲਪਸ ਦੀ ਪਹਾੜੀ ਥੱਲੇ ਡਾਇਨਾਮਾਈਟ ਦੀ ਸਹਾਇਤਾ ਨਾਲ ਬਣੀਆਂ ਸਿਮਪਲਨ ਅਤੇ ਸੇਨ ਗੋਟਹਾਰਡ ਦੀ ਸੁਰੰਗਾ ਨੂੰ ਵੀ ਫਰਾਂਸ ਵਾਲਿਆਂ ਨੇ ਨਜਰ ਅੰਦਾਜ ਕਰ ਦਿੱਤਾ। ਨੋਬਲ ਨੂੰ ਉਸ ਸਮੇਂ ਬਹੁਤ ਦੁਖ ਹੋਇਆ ਜਦੋਂ 1891 ਦੀ ਸਵੇਰ ਨੂੰ ਉਸ ਨੇ ਖੁਦ ਆਪ ਹੀ ਆਪਣੀ ਮੌਤ ਬਾਰੇ ਪੈਰਿਸ ਵਿਚਲੀਆਂ ਅਖਬਾਰਾਂ ਵਿੱਚ ਪੜ੍ਹਿਆ। ਇਕ ਅਖਬਾਰ ਨੇ ਉਸ ਨੂੰ "ਦੁਸ਼ਟ ਪ੍ਰਤੀਭਾਸ਼ਾਲੀ " ਅਤੇ ਇਕ ਹੋਰ ਨੇ ਉਸ ਨੂੰ " ਸਵੈ-ਸਿਖਿਅਤ ਵਿਨਾਸ ਦਾ ਸੁਆਮੀ " ਲਿਖਿਆ । ਉਨ੍ਹਾਂ ਲਿਖਿਆ ਕਿ ਇਸ ਸਭਿਅਤ ਸੰਸਾਰ ਤੋਂ ਨੋਬਲ ਦੇ ਅਲੋਪ ਹੋਣ ਤੇ ਸਭ ਨੂੰ ਸੰਤੋਖ ਪ੍ਰਾਪਤ ਹੋਇਆ ਹੈ। ਇਸ ਤੀਬਰ ਹਿੰਸਕ ਭਾਵਨਾ ਦਾ ਉਸ ਤੇ ਬਹੁਤ ਅਸਰ ਪਿਆ।

ਨੋਬਲ ਨੇ ਸਾਰੀ ਉਮਰ ਖਾਨਾਬਦੋਸ਼ਾਂ ਦੀ ਤਰ੍ਹਾਂ ਗੁਜਾਰੀ। ਧਨ ਤਾਂ ਉਸ ਕੋਲ ਬਹੁਤ ਸੀ। ਪਰ ਉਸ ਨੇ ਜਿੰਦਗੀ ਵਿੱਚ ਬਹੁਤ ਕਸ਼ਟ ਕੱਟੇ। ਵਿਕਟਰ ਰੂਸੋ ਨੇ ਉਸ ਨੂੰ ਯੂਰਪ ਦਾ ਸਭ ਤੋਂ ਅਮੀਰ ਅਵਾਰਾ ਘੁੰਮਣ ਵਾਲਾ ਕਿਹਾ ਨੋਬਲ ਨੂੰ ਇਸ ਗੱਲ ਦਾ ਅਹਿਸਾਸ ਹੋ ਗਿਆ ਕਿ ਉਹ ਹੁਣ ਲੰਮਾ ਸਮਾ ਜਿੰਦਾ ਨਹੀਂ ਰਹੇਗਾ।1896 ਵਿੱਚ ਉਸਦੀ ਮੌਤ ਹੋ ਗਈ ਅਰਸਤੂ ਦੇ ਕਹਿਣ ਅਨੁਸਾਰ ਮੌਤ ਤੋਂ ਪਹਿਲਾਂ ਨੋਬਲ ਨੇ ਆਪਣੀ ਸਾਰੀ ਜਾਇਦਾਦ ਆਪਣੀ ਇੱਛਾ ਅਨੁਸਾਰ ਨੋਬਲ ਟਰੱਸਟ ਦੇ ਨਾਂ ਕਰ ਦਿੱਤੀ। ਹਰ ਸਾਲ ਪੰਜ ਇਨਾਮ ਜਿਨ੍ਹਾਂ ਵਿੱਚੋਂ ਤਿੰਨ ਭੌਤਿਕ ਵਿਗਿਆਨ, ਰਸਾਇਣ ਸ਼ਾਸਤਰ ਅਤੇ ਡਾਕਟਰੀ ਵਿੱਚ ਯੋਗਦਾਨ ਪਾਉਣ ਵਾਲਿਆ ਨੂੰ ਦਿੱਤਾ ਜਾਂਦਾ ਹੈ। ਚੌਥਾ ਸਾਹਿਤਕ ਖੇਤਰ ਵਿੱਚ ਵਿਲੱਖਣ ਕੰਮ ਕਰਨ ਵਾਲੇ ਲਿਖਾਰੀ ਨੂੰ ਦਿੱਤਾ ਜਾਂਦਾ ਹੈ।ਪੰਜਵਾਂ ਨੋਬਲ ਸ਼ਾਂਤੀ ਪੁਰਸਕਾਰ ਉਸ ਵਿਅਕਤੀ ਨੂੰ ਦਿੱਤਾ ਜਾਂਦਾ ਹੈ ਜੋ ਕੌਮਾਂ ਵਿੱਚ ਲੜਾਈ ਖਤਮ ਕਰਕੇ ਭਰਾਤਰੀ ਭਾਵ ਨੂੰ ਵਧਾਏ। ਬੈਂਕ ਆਫ ਸਵੀਡਨ ਨੇ 1969 ਵਿੱਚ ਛੇਵਾਂ ਇਨਾਮ ਅਰਥ ਵਿਗਿਆਨ ਦੇ ਖੇਤਰ ਵਿੱਚ ਦੇਣਾ ਸ਼ੁਰੂ ਕੀਤਾ। ਨੋਬਲ ਅਨੁਸਾਰ ਕੋਈ ਵੀ ਵਿਅਕਤੀ ਭਾਵੇਂ ਉਹ ਕਿਸੇ ਰਾਸ਼ਟਰ ਨਾਲ ਸਬੰਧ ਰੱਖਦਾ ਹੋਵੇ ਉਸਦੀ ਯੋਗਤਾ ਅਨੁਸਾਰ ਹੀ ਇਹ ਇਨਾਮ ਦਿੱਤੇ ਜਾਣ। ਤਾਂ ਜੋ ਉਹ ਆਪਣੀ ਜ਼ਿੰਦਗੀ ਸੁੱਖ ਸ਼ਾਤੀਂ ਨਾਲ ਗੁਜ਼ਾਰ ਸਕੇ। ਨੋਬਲ ਇਨਾਮ ਪ੍ਰਾਪਤ ਕਰਨ ਵਿੱਚ ਜਿੰਨ੍ਹਾਂ ਭਾਰਤੀਆ ਨੂੰ ਮਾਣ ਹਾਸਲ ਹੋਇਆ ਉਨਾ ਵਿੱਚ ਰਾਬਿੰਦਰਨਾਥ ਟੈਗੋਰ(ਸਾਹਿਤ) ਡਾਕਟਰ ਗੁਰੂਦੇਵ ਸੀ.ਵੀ. ਰਮਨ (ਭੌਤਿਕ ਵਿਗਿਆਨ) ਭਾਰਤੀ ਮੂਲ ਦੇ ਡਾ. ਹਰਗੋਬਿੰਦ ਖੁਰਾਣਾ(ਡਾਕਟਰੀ)ਅਤੇ ਅੰਮ੍ਰਿਤਾ ਸੇਨ (ਅਰਥ ਵਿਗਿਆਨ) ਹਨ।ਇਸ ਵਾਰ ਦਾ ਸ਼ਾਂਤੀ ਨੋਬਲ ਵੀ ਭਾਰਤੀ ਸਮਾਜ ਸੇਵੀ ਕੈਲਾਸ਼ ਸਿਤਆਰਥੀ ਦੇ ਹਿੱਸੇ ਆਇਆ ਹੈ।

-ਰਾਜਿੰਦਰ ਕੁਮਾਰ ਲੈਕ:ਅੰਗਰੇਜੀ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕੰਗਣਵਾਲ, ਜਿਲ੍ਹਾ ਸੰਗਰੂਰ

# ਨਿਊਜ਼ੀਲੈਂਡ ’ਚ ਸ਼ਹੀਦ ਭਗਤ ਸਿੰਘ ਦੇ ਜਨਮ ਦਿਵਸ ਸਬੰਧੀ ਹੋਏ ਸੈਮੀਨਾਰ ਨੇ ਇਨਕਲਾਬੀ ਮਾਹੌਲ ਸਿਰਜਿਆ






ਔਕਲੈਂਡ 29 ਸਤੰਬਰ– ਪੰਜਾਬੀਆਂ ਦੀ ਸੰਘਣੀ ਵਸੋਂ ਵਾਲੇ ਸ਼ਹਿਰ ਪਾਪਾਟੋਏਟੋਏ ਵਿਖੇ ਸ਼ਹੀਦ ਭਗਤ ਸਿੰਘ ਚੈਰੀਟੇਬਲ ਟ੍ਰਸਟ ਵੱਲੋਂ ਸ਼ਹੀਦ ਭਗਤ ਸਿੰਘ ਦਾ ਜਨਮ ਦਿਵਸ ਇੱਕ ਵਿਸ਼ੇਸ਼ ਸੈਮੀਨਾਰ ਅਤੇ ਨਾਟਕ ਖੇਡ ਕੇ ਮਨਾਇਆ ਗਿਆ। ਇਹ ਪੂਰਾ ਸਮਾਗਮ ਕਾਮਾਗਾਟਾ ਮਾਰੂ ਘਟਨਾ ਦੀ ਮਨਾਈ ਜਾ ਰਹੀ ਸ਼ਤਾਬਦੀ ਨੂੰ ਸਮਰਪਿਤ ਕੀਤਾ ਗਿਆ ਸੀ। ਟਰੱਸਟ ਦੇ ਪ੍ਰਧਾਨ ਰਾਜੂ ਹੋਰਾਂ ਜੀ ਆਇਆਂ ਆਖਿਆ। ਸੈਮੀਨਾਰ ਦੀ ਸ਼ੁਰੂਆਤ ‘ਕਾਮਾਗਾਟਾ ਮਾਰੂ’ ਘਟਨਾ ਬਾਰੇ ਇੱਕ ਦਸਤਾਵੇਜ਼ੀ ਫਿਲਮ ਸਕਰੀਨ ਉੱਤੇ ਵਿਖਾ ਕੇ ਆਜ਼ਾਦੀ ਵੇਲੇ ਘਾਲੀ ਘਾਲਣਾ ਦਾ ਇੱਕ ਨਮੂਨਾ ਪੇਸ਼ ਕੀਤਾ ਤੇ ਇਨਕਲਾਬੀ ਮਾਹੌਲ ਸਿਰਜਿਆ। ਬੁਲਾਰਿਆਂ ਦੀ ਸ਼ੁਰੂਆਤ ਨਿਸ਼ਾਂਤ ਦੇ ‘ਅਸਲ ਆਜ਼ਾਦੀ ਅਤੇ ਇਨਕਲਾਬ’ ਸਬੰਧੀ ਦਿੱਤੇ ਵਿਚਾਰਾਂ ਨਾਲ ਹੋਈ। ਨੇਹਾ ਅਤੇ ਮਾਨਵੀ ਨੇ ਇਨਕਲਾਬੀ ਗੀਤ ਪੇਸ਼ ਕੀਤੇ। ਬਲਜਿੰਦਰ ਹੋਰਾਂ ਨੇ ‘ਸੌਰੀ’ ਗੀਤ ਪੇਸ਼ ਕਰਕੇ ਭਰੂਣ ਹੱਤਿਆ ’ਤੇ ਟਕੋਰ ਕੀਤੀ। ਹਰਦੀਪ ਨੇ ਸੰਤ ਰਾਮ ਉਦਾਸੀ ਦੀ ਰਚਨਾ ਗਾਇਨ ਕੀਤੀ। ਨਿਊਜ਼ੀਲੈਂਡ ਦੇ ਵਿੱਚ ਵਸਦੇ ਗਰੀਬ ਬੱਚਿਆਂ ਦੀ ਗਰੀਬੀ ਦਾ ਮੁੱਦਾ ਉਠਾਉਂਦਿਆਂ ਜੈਨਫਰੀ ਮੈਡਮ ਨੇ ਪ੍ਰਭਾਵਸ਼ਾਲੀ ਤਕਰੀਰ ਪੇਸ਼ ਕੀਤੀ। ਬਲਜਿੰਦਰ ਅਤੇ ਮਨਦੀਪ ਨੇ ਨਾਟਕ ‘ਕਾਲਾ ਲਹੂ’ ਖੇਡਦਿਆਂ ਜਿੱਥੇ ਵਧੀਆ ਅਭਿਨੈ ਕਰਨ ਦਾ ਨਮੂਨਾ ਪੇਸ਼ ਕੀਤਾ ਅਤੇ ਕਈ ਸਮਾਜਿਕ ਸੇਧ ਦਿੰਦੇ ਸੁਨੇਹੇ ਵੀ ਛੱਡੇ। ਪ੍ਰਸਿੱਧ ਲੋਕ ਗਾਇਕ ਹਰਦੇਵ ਮਾਹੀਨੰਗਲ ਦਾ ਟਰੱਸਟ ਵੱਲੋਂ ਸਨਮਾਨ ਕੀਤਾ ਗਿਆ ਅਤੇ ਉਨ੍ਹਾਂ ਵੀ ਆਪਣੇ ਗੀਤਾਂ ਨਾਲ ਹਾਜ਼ਰੀ ਲਗਵਾਈ। ਸਤਿੰਦਰ ਪੱਪੀ ਨੇ ਤੂੰਬੀ ਦੇ ਨਾਲ ਸ. ਭਗਤ ਸਿੰਘ ਦੀ ਵਾਰ ਗਾਈ।

ਸਾਥੀ ਮੁਖਤਿਆਰ ਨੇ ਮੁੱਖ ਬੁਲਾਰੇ ਸ੍ਰੀ ਬੂਟਾ ਸਿੰਘ ਹੋਰਾਂ ਨੂੰ ਸਟੇਜ ’ਤੇ ਸੱਦਾ ਦਿੰਦਿਆ ਹਾਜਿਰ ਦਰਸ਼ਕਾਂ ਦੇ ਰੂਬਰੂ ਕੀਤਾ। ਸ੍ਰੀ ਬੂਟਾ ਸਿੰਘ ਨੇ ਆਰਥਿਕ ਅਤੇ ਰਾਜਨੀਤਿਕ ਮੁੱਦਿਆਂ ਦੇ ਉੱਤੇ ਬਹੁਤ ਹੀ ਦਲੀਲ ਭਰਪੂਰ ਭਾਸ਼ਣ ਦਿੱਤਾ। ਸਵਾਲ ਜਵਾਬ ਦਾ ਦੌਰ ਵੀ ਚੱਲਿਆ। ਟਰੱਸਟ ਦੇ ਮੈਂਬਰਾਂ ਵੱਲੋਂ ਮੁੱਖ ਬੁਲਾਰੇ ਦਾ ਧੰਨਵਾਦ ਅਤੇ ਮਾਨ ਸਨਮਾਨ ਕੀਤਾ ਗਿਆ। ਸਟੇਜ ਦੀ ਜ਼ਿੰਮੇਵਾਰੀ ਮੈਡਮ ਅਨੁਕਲੋਟੀ ਹੋਰਾਂ ਬਾਖੂਬੀ ਨਿਭਾਈ। ਅਵਤਾਰ ਤਰਕਸ਼ੀਲ ਹੋਰਾਂ ਕਿਤਾਬਾਂ ਦੀ ਹੱਟ ਲਗਾਈ ਹੋਈ ਸੀ।



# ਛੱਡੋ ਗੜੇ ਬੰਨ੍ਹਾਉਣੇ

ਮੇਵਾ ਸਿੰਘ ਹੇੜੀਕੇ
ਫੋਨ: 01675-237178

ਗੜੇ ਪੈਣੇ, ਮੀਂਹ ਪੈਣਾ, ਹਨੇਰੀਆਂ ਚੱਲਣੀਆਂ, ਬਰਫ ਪੈਣੀ, ਜਵਾਲਾ ਮੁਖੀ ਅਤੇ ਭੂਚਾਲ ਆਉਣੇ ਇਹ ਸਾਰੇ ਕੁਦਰਤੀ ਵਰਤਾਰੇ ਹਨ। ਇਹ ਸਾਰਾ ਕੁੱਝ ਵਿਗਿਆਨ ਦੇ ਨਿਯਮਾਂ ਅਨੁਸਾਰ ਹੀ ਵਾਪਰਦਾ ਹੈ। ਜੇਕਰ ਅਸੀਂ ਚਾਹੀਏ ਕਿ ਉਪਰ ਵਾਲਾ ਸਾਰਾ ਵਰਤਾਰਾ ਅਸੀਂ ਆਪਣੇ ਕੰਟਰੋਲ ਵਿੱਚ ਕਰ ਲਈਏ। ਇਹ ਸਾਰਾ ਕੁੱਝ ਸੰਭਵ ਹੈ। ਪਰ ਸਾਨੂੰ ਵਿਗਿਆਨਕ ਤਰੀਕੇ ਨਾਲ ਕਾਫੀ ਸਮੱਰਥ ਹੋਣਾ ਪਵੇਗਾ। ਵਿਗਿਆਨ ਦਾ ਬਹੁਤ ਸਾਰਾ ਪਸਾਰਾ ਹੋ ਜਾਣ ਨਾਲ ਹੀ ਅਸੀਂ ਕੁਦਰਤੀ ਆਫਤਾਂ ਨੂੰ ਕਾਬੂ ਕਰ ਸਕਦੇ ਹਾਂ। ਸੁਣਿਆ ਸੀ ਕੁੱਝ ਸਾਲ ਪਹਿਲਾਂ ਚੀਨ ਵਿੱਚ ਓਲੰਪਿਕ ਖੇਡਾਂ ਹੋਈਆਂ ਸਨ। ਉਸ ਸਮੇਂ ਚੀਨ ਦੇ ਵਿਗਿਆਨਕਾਂ ਨੇ ਵਿਗਿਆਨਕ ਤਰੀਕੇ ਅਪਣਾ ਕੇ ਬਾਰਿਸ਼ ਨੂੰ ਕੁੱਝ ਸਮੇਂ ਲਈ ਰੋਕ ਲਿਆ ਸੀ।

ਪਿੰਡਾਂ ਵਾਲੇ ਉਪਰ ਵਾਲੇ ਵਰਤਾਰਿਆਂ ਨੂੰ ਰੋਕਣ ਲਈ ਪੂਜਾ-ਪਾਠ ਆਦਿ ਜੱਗ ਕਰਨ ਦਾ ਸਹਾਰਾ ਲੈਂਦੇ ਹਾਂ। ਇਹ ਬਿਲਕੁੱਲ ਗਲਤ ਤਰੀਕਾ ਹੈ। ਪੂਜਾ ਨਾਲ ਅਸੀਂ ਕਿਸੇ ਵੀ ਚੀਜ਼ ਨੂੰ ਹਰਕਤ ਵਿੱਚ ਨਹੀਂ ਲਿਆ ਸਕਦੇ ਨਾ ਹੀ ਰੋਕ ਸਕਦੇ ਹਾਂ, ਇਨ੍ਹਾਂ ਵਿੱਚੋਂ ਇੱਕ ਆਮ ਵਰਤਾਰਾ ਹੈ ਗੜੇ ਪੈਣੇ। ਇਨ੍ਹਾਂ ਨੂੰ ਬੰਦ ਕਰਨ ਵਾਸਤੇ ਪੂਜਾ-ਪਾਠ ਕਰਵਾਏ ਜਾਂਦੇ ਹਨ। ਸ਼ੁਰੂਆਤ ਇੱਕ ਅੰਧਵਿਸ਼ਵਾਸੀ ਬੰਦਾ ਕਰਦਾ ਹੈ। ਲੋਕਾਂ ਵਿੱਚੋਂ ਹੀ ਕੋਈ ਹੋਰ ਉਸਦੀ ਹਾਂ ਵਿੱਚ ਹਾਂ ਮਿਲਾ ਦਿੰਦਾ ਹੈ। ਬਾਕੀ ਦੇ ਆਪਣੇ ਆਪ ਹੀ ਸਹਿਮਤ ਹੋ ਜਾਂਦੇ ਹਨ। ਬਸ ਹੋ ਗਈ ਗੜੇ ਬੰਨ੍ਹਾਉਣ ਦੀ ਤਿਆਰੀ।

ਨਮੂਨੇ ਦੇ ਤੌਰ 'ਤੇ ਇੱਕ ਪਿੰਡ ਦੀ ਮਿਸਾਲ ਲੈ ਲੈਂਦੇ ਹਾਂ। ਉਂਜ ਸਾਰੇ ਪਿੰਡਾਂ ਦਾ ਤਰੀਕਾ ਇੱਕੋ ਜਿਹਾ ਸੀ। ਇਹ ਪਿੰਡ ਵਾਲੇ ਕਿਸੇ ਸਾਧ ਨਾਲ ਗੜੇ ਬੰਨ੍ਹਣ ਵਾਸਤੇ ਦਿਨ ਅਤੇ ਸਮਾਂ ਨਿਸਚਿਤ ਕਰ ਆਏ। ਜਿਹੜਾ ਕਿ ਉਸ ਪਿੰਡ ਤੋਂ ਤਕਰੀਬਨ ਵੀਹ ਕਿਲੋਮੀਟਰ ਦੀ ਵਿਥ 'ਤੇ ਹੈ। ਪਿੰਡ 'ਚੋਂ ਉਗਰਾਹੀ ਕਰ ਲਈ ਗਈ। ਸਾਧ ਦੇ ਦਿੱਤੇ ਸਮੇਂ ਅਨੁਸਾਰ ਪਿੰਡ ਵਾਲੇ ਤਿੰਨ ਟਰਾਲੀਆਂ ਵਿੱਚ ਸਵਾਰ ਹੋ ਕੇ ਸੁੱਕਾ ਰਾਸ਼ਨ ਲੈ ਕੇ ਪਹੁੰਚ ਗਏ ਸਾਧ ਦੇ ਡੇਰੇ।

ਇਨ੍ਹਾਂ ਦੇ ਜਾਣ ਤੋਂ ਪਹਿਲਾਂ ਹੀ ਸਾਧ ਆਪਣੀ ਗੱਦੀ 'ਤੇ ਬਰਾਜਮਾਨ ਸੀ। ਸੋ ਸਾਰਿਆਂ ਨੇ ਉਸਨੂੰ ਵਾਰੀ ਵਾਰੀ ਮੱਥਾ ਟੇਕਣਾ ਸ਼ੁਰੂ ਕਰ ਦਿੱਤਾ। ਹੁਣ ਸਾਧ ਇਨ੍ਹਾਂ ਨਾਲ ਇੱਕ ਠੱਗੀ ਹੋਰ ਮਾਰ ਗਿਆ। ਜਿਹੜਾ ਵੀ ਬੰਦਾ ਸਾਧ ਨੂੰ ਪੈਸਿਆਂ ਨਾਲ ਮੱਥਾ ਟੇਕਿਆ ਕਰੇ ਉਸਨੂੰ ਉਹ ਪੁੱਛ ਲਿਆ ਕਰੇ ਕਿ ਭਗਤਾ ਹੋਰ ਜੇਬ 'ਚ ਕਿੰਨੇ ਕੁ ਪੈਸੇ ਹਨ। ਜਿੰਨੇ ਵੀ ਉਸ ਕੋਲ ਹੁੰਦੇ ਸਨ ਉਹ ਦੱਸ ਦਿਆ ਕਰੇ। ਸਾਧ ਕਹਿ ਦਿਆ ਕਰੇ ਕਿ ਭਗਤਾ ਇਹ ਪੈਸੇ ਵੀ ਮੱਥਾ ਟੇਕਦੇ। ਹਰ ਬੰਦਾ ਸਾਰੇ ਪੈਸੇ ਸਾਧ ਨੂੰ ਟੇਕ ਦਿਆ ਕਰੇ। ਇਨ੍ਹਾਂ ਵਿੱਚੋਂ ਹੀ ਕੁਝ ਹੁਸ਼ਿਆਰ ਬੰਦਿਆਂ ਨੇ ਜਦੋਂ ਇਹ ਠੱਗੀ ਹੁੰਦੀ ਦੇਖੀ ਤਾਂ ਕੁਝ ਖਿਸਕ ਗਏ ਅਤੇ ਟ੍ਰੈਕਟਰ-ਟਰਾਲੀਆਂ ਕੋਲ ਪਹੁੰਚ ਕੇ ਆਪਣੇ ਪੈਸੇ ਇਨ੍ਹਾਂ ਵਿੱਚ ਛੁਪਾ ਦਿੱਤੇ। ਸਿਰਫ ਪੰਜ ਸੱਤ ਰੁਪਏ ਜਿਨ੍ਹਾਂ ਨਾਲ ਮੱਥਾ ਟੇਕਣਾ ਸੀ ਆਪਣੀ-ਆਪਣੀ ਜੇਬ ਵਿੱਚ ਪਾਕੇ ਵਾਪਿਸ ਸਾਧ ਕੋਲ ਆ ਗਏ। ਆਪਣੀ ਵਾਰੀ ਆਉਣ 'ਤੇ ਇਨ੍ਹਾਂ ਨੇ ਵੀ ਸਾਧ ਨੂੰ ਮੱਥਾ ਟੇਕ ਦਿੱਤਾ। ਆਪਣੀ ਆਦਤ ਅਨੁਸਾਰ ਸਾਧ ਨੇ ਜਦੋਂ ਇਨ੍ਹਾਂ ਨੂੰ ਕਿਹਾ ਜੇਬ 'ਚ ਹੋਰ ਕਿੰਨੇ ਰੁਪਏ ਹਨ ਤਾਂ ਇਨ੍ਹਾਂ ਸਾਰਿਆਂ ਨੇ ਹੀ ਆਪਣੀ ਖਾਲੀ ਜੇਬ ਸਾਧ ਨੂੰ ਦਿਖਾ ਦਿੱਤੀ। ਇਸ ਤਰ੍ਹਾਂ ਆਪਣੀ ਥੋੜ੍ਹੀ ਜਿਹੀ ਹੁਸ਼ਿਆਰੀ ਨਾਲ ਇਹ ਸਾਧ ਦੀ ਲੁੱਟ ਤੋਂ ਬਚ ਗਏ।

ਮੱਥੇ ਟਿਕਵਾਉਣ ਮਗਰੋਂ ਸਾਧ ਨੇ ਪਾਠ ਕਰਨਾ ਸ਼ੁਰੂ ਕਰ ਦਿੱਤਾ। ਜਿਸ ਕੋਲ ਹਿੰਦੀ ਭਾਸ਼ਾ ਦੀਆਂ ਕਈ ਪੋਥੀਆਂ ਰੱਖੀਆਂ ਹੋਈਆਂ ਸਨ। ਜਿਹੜੇ ਲੋਕ ਪਿੰਡੋ ਗਏ ਸਨ ਇਹ ਦੇਗ ਬਨਾਉਣ ਲੱਗ ਪਏ। ਦੇਗ ਬਣ ਜਾਣ ਮਗਰੋਂ ਇਨ੍ਹਾਂ ਸਾਰੀ ਦੀ ਸਾਰੀ ਦੇਗ ਇੱਕ ਵੱਡੀ ਪਰਾਂਤ ਵਿੱਚ ਪਾ ਲਈ ਜਿਹੜੀ ਕਿ ਇਹ ਪਹਿਲਾਂ ਹੀ ਪਿੰਡੋਂ ਆਪਣੇ ਨਾਲ ਲਿਆਏ ਸਨ।

ਸਾਰੇ ਸਾਧ ਕੋਲ ਬੈਠਕੇ ਪਾਠ ਸੁਨਣ ਲੱਗ ਪਏ ਇਸਦੀ ਇਨ੍ਹਾਂ ਸਾਰਿਆਂ ਨੂੰ ਹੀ ਕੁਝ ਸਮਝ ਨਹੀਂ ਆ ਰਹੀ ਸੀ ਕਿਉਂਕਿ ਪਾਠ ਹਿੰਦੀ ਭਾਸ਼ਾ ਦੀਆਂ ਪੋਥੀਆਂ ਪੜ੍ਹਕੇ ਕੀਤਾ ਜਾ ਰਿਹਾ ਸੀ। ਇਹ ਸਾਧ ਯੂ.ਪੀ. ਬਿਹਾਰ ਦਾ ਸੀ। ਸਾਧ ਇੱਕ ਪੋਥੀ ਪੜ੍ਹਕੇ ਦੂਜੀ ਪੜ੍ਹਣਾ ਸ਼ੁਰੂ ਕਰ ਲਿਆ ਕਰੇ। ਲੋਕ ਬੈਠੇ-ਬੈਠੇ ਬਹੁਤ ਪ੍ਰੇਸ਼ਾਨ ਹੋ ਗਏ। ਸਮਾਂ ਵੀ ਬਹੁਤ ਹੋ ਗਿਆ ਸੀ। ਭੁੱਖ ਵੀ ਇਨ੍ਹਾਂ ਨੂੰ ਬਹੁਤ ਲੱਗੀ ਹੋਈ ਸੀ। ਸਾਧ ਨੇ ਕਈ ਪੋਥੀਆਂ ਪੜ੍ਹ-ਪੜ੍ਹ ਕੇ ਰੱਖ ਦਿੱਤੀਆਂ ਸਨ। ਕਿਸੇ ਨੂੰ ਇਹ ਪਤਾ ਨਹੀਂ ਸੀ ਕਿ ਹੋਰ ਕਿੰਨੀਆਂ ਕੁ ਪੋਥੀਆਂ ਪੜ੍ਹਣ ਵਾਲੀਆਂ ਬਾਕੀ ਹਨ। ਇਸ ਤਰ੍ਹਾਂ ਕਰਦੇ-ਕਰਦੇ ਰਾਤ ਦੇ ਨੌਂ ਵੱਜ ਗਏ। ਲੋਕਾਂ ਨੂੰ ਹੁਣ ਹੋਰ ਇੰਤਜ਼ਾਰ ਕਰਨਾ ਔਖਾ ਹੋ ਗਿਆ ਸੀ। ਇਨ੍ਹਾਂ ਵਿੱਚੋਂ ਇੱਕ ਬਜ਼ੁਰਗ ਬੰਦੇ ਨੇ ਦੇਗ ਵਰਤਾਉਣ ਵਰਤਾ ਦੇਣ ਦੀ ਇਜ਼ਾਜ਼ਤ ਸਾਧ ਤੋਂ ਮੰਗੀ ਤਾਂ ਸਾਧ ਬਹੁਤ ਨਰਾਜ ਹੋ ਗਿਆ। ਉਹ ਇਨ੍ਹਾਂ ਸਾਰਿਆਂ ਨੂੰ ਹੀ ਗਾਲਾਂ ਕੱਢਣ ਲੱਗ ਪਿਆ। ਸਾਧ ਤੋਂ ਡਰਕੇ ਸਾਰੇ ਲੋਕ ਥੋੜ੍ਹੀ ਦੇਰ ਹੋਰ ਬੈਠੇ ਰਹੇ। ਆਪਸ ਵਿੱਚ ਹੌਲੀ-ਹੌਲੀ ਗੱਲਾਂ ਕਰਨ ਲੱਗ ਪਏ ਤਾਂ ਸਾਧ ਫੇਰ ਨਰਾਜ ਹੋ ਗਿਆ। ਹੁਣ ਸਾਧ ਨੇ ਪਾਠ ਕਰਨਾ ਛੱਡਕੇ ਇਨ੍ਹਾਂ ਸਾਰਿਆਂ ਮਗਰ ਇੱਕ ਲੰਬਾ ਜਿਹਾ ਬਾਂਸ ਚੁੱਕਕੇ ਪੈ ਗਿਆ ਇਹ ਸਾਰੇ ਡਰਦੇ ਮਾਰੇ ਭੱਜ ਕੇ ਟਰਾਲੀਆਂ ਕੋਲ ਆ ਗਏ। ਟਰਾਲੀਆਂ ਵਿੱਚ ਬੈਠਕੇ ਵਾਪਿਸ ਆਪਣੇ ਪਿੰਡ ਆ ਗਏ। ਦੇਗ ਵਾਲੀ ਪਰਾਂਤ ਵੀ ਆਪਣੀ ਸਾਧ ਦੇ ਡੇਰੇ ਵਿੱਚ ਹੀ ਛੱਡ ਆਏ। ਹੁਣ ਰਾਤ ਦੇ ਦਸ ਵੱਜ ਗਏ ਸਨ। ਕਿਸੇ ਦੇ ਘਰ ਵਾਲਿਆਂ ਨੇ ਇਨ੍ਹਾਂ ਵਾਸਤੇ ਰਾਤ ਦਾ ਖਾਣਾ ਨਹੀਂ ਬਣਾਇਆ ਸੀ। ਉਨ੍ਹਾਂ ਦਾ ਖਿਆਲ ਸੀ ਕਿ ਇਹ ਸਾਰੇ ਪੇਟ ਭਰ ਦੇਗ ਛਕ ਕੇ ਆਉਣਗੇ ਅਤੇ ਸਾਡਾ ਵੀ ਮੂੰਹ ਮਿੱਠਾ ਕਰਵਾਉਣਗੇ। ਹੋ ਸਭ ਕੁੱਝ ਉਲਟ-ਪੁਲਟ ਗਿਆ। ਗੜੇ ਬੰਨ੍ਹਵਾਉਣੇ ਤਾਂ ਇਹ ਸਾਰੇ ਭੁੱਲ ਹੀ ਗਏ। ਜਿਸਨੂੰ ਵੀ ਕਿਸੇ ਨੂੰ ਰਸੋਈ ਵਿੱਚ ਖਾਣ ਵਾਸਤੇ ਕੁਝ ਮਿਲਿਆ ਤਾਂ ਇਨ੍ਹਾਂ ਬੜੇ ਸੌਂਕ ਨਾਲ ਖਾ ਲਿਆ ਬੇਸ਼ੱਕ ਇਹ ਕਈ ਦਿਨਾਂ ਦਾ ਬੇਹਾ ਸੀ।

ਤਕਰੀਬਨ ਸਾਰੇ ਹੀ ਸਾਧ ਨੂੰ ਗਾਲਾਂ ਦੇ ਰਹੇ ਸਨ। ਆਪਣੇ-ਆਪ ਨੂੰ ਗਾਲਾਂ ਦੇ ਰਹੇ ਸਨ ਅਤੇ ਆਪਣੇ ਕੰਨ ਖਿਚ ਰਹੇ ਸਨ। ਕਹਿ ਰਹੇ ਸਨ ਕਿ ਇਹੋ ਜਿਹਾ ਕੰਮ ਮੁੜਕੇ ਨਹੀਂ ਕਰਨਾ। ਪਰਾਂਤ ਕਈ ਦਿਨਾਂ ਬਾਅਦ ਪਿੰਡ ਵਾਪਿਸ ਲਿਆਂਦੀ ਸਾਰੀ ਦੇਗ ਸੁੱਟਣੀ ਪਈ।

# ਬਾਬੇ ਦੀ ਫੂੱਲ ਕਿਰਪਾ

ਇੱਕ ਦੁਪਹਿਰ ਅਚਾਨਕ ਮੇਰੇ ਘਰ ਦਾ ਦਰਵਾਜਾ ਖੜਕਿਆ ਅਤੇ ਆਉਣ ਵਾਲਿਆਂ ਨੇ ਆਵਾਜ ਦਿੱਤੀ "ਮਾਸਟਰ ਜੀ! ਮਾਸਟਰ ਜੀ!"

ਮੈਂ ਨੀਂਦ ਵਿੱਚੋਂ ਅੱਭੜਵਾਹਿਆ ਉੱਠਿਆ। ਦਰਵਾਜਾ ਖੋਲ੍ਹਿਆ ਤਾਂ ਬਾਹਰ ਇੱਕ 50 ਕੁ ਸਾਲਾਂ ਦੀ ਔਰਤ ਖੜ੍ਹੀ ਸੀ। ਉਸਦੇ ਨਾਲ ਇੱਕ 20-21 ਵਰਿਆਂ ਦੀ ਮੁਟਿਆਰ ਕੁੜੀ ਖੜ੍ਹੀ ਸੀ, ਜਿਹੜੀ ਦੇਖਣ ਤੋਂ ਹੀ ਮਾਨਸਿਕ ਰੋਗੀ ਲੱਗਦੀ ਸੀ। ਦਰਵਾਜਾ ਖੋਲ੍ਹਦਿਆਂ ਹੀ ਜਦੋਂ ਮੈਂ ਉਨ੍ਹਾਂ ਵੱਲ ਨਜਰ ਮਾਰੀ ਤਾਂ ਦੋਹਾਂ ਨੇ ਕਿਹਾ "ਨਮਸਤੇ ਮਾਸਟਰ ਜੀ।" ਮੈਂ ਦੋਹਾਂ ਨੂੰ ਅੰਦਰ ਆਉਣ ਲਈ ਕਿਹਾ। ਮੇਰੀ ਪਤਨੀ ਨੇ ਉਨ੍ਹਾਂ ਨੂੰ ਪਾਣੀ ਪਿਲਾਇਆ। ਮੈਂ ਮੂੰਹ ਹੱਥ ਧੋ ਕੇ ਉਨ੍ਹਾਂ ਕੋਲ ਆ ਬੈਠਾ ਅਤੇ ਉਨ੍ਹਾਂ ਤੋਂ ਆਉਣ ਦਾ ਕਾਰਨ ਪੁੱਛਿਆ।



ਕੁੜੀ ਦੀ ਮਾਂ ਨੇ ਦੱਸਿਆ ਕਿ ਉਹ ਲਾਗਲੇ ਪਿੰਡੋਂ ਆਏ ਹਨ। ਕੁੜੀ ਨੂੰ ਦੌਰੇ ਪੈਂਦੇ ਹਨ, ਕੋਈ ਓਪਰੀ ਚੀਜ਼ ਉਸਦਾ ਗਲ਼ ਘੁਟਦੀ ਹੈ ਤੇ ਉਹ ਬੋਲ ਵੀ ਨਹੀਂ ਸਕਦੀ। ਕਈ-ਕਈ ਘੰਟੇ ਦੌਰਾ ਪਿਆ ਰਹਿੰਦਾ ਹੈ, ਨਾ ਉਠਣ ਨੂੰ ਜੀਅ ਕਰਦਾ ਹੈ, ਨਾ ਕੁੱਝ ਖਾਣ-ਪੀਣ ਨੂੰ, ਨਾ ਹੀ ਕਿਤੇ ਬਾਹਰ-ਅੰਦਰ ਜਾਣ ਨੂੰ ਦਿਲ ਕਰਦਾ ਹੈ। ਬੱਸ ਪੂਰਾ-ਪੂਰਾ ਦਿਨ ਮੰਜੇ ਤੇ ਹੀ ਪਈ ਰਹਿੰਦੀ ਹੈ।

ਜਦੋਂ ਮੈਂ ਕੁੜੀ ਵੱਲ ਤੱਕਿਆ ਤਾਂ ਉਹ ਨੀਝ ਲਾਕੇ ਮੇਰੇ ਵੱਲ ਹੀ ਵੇਖ ਰਹੀ ਸੀ। ਮੈਂ ਉਸਨੂੰ ਕੁੱਝ ਦੇਰ ਲਈ ਕਮਰੇ ਤੋਂ ਬਾਹਰ ਬੈਠਣ ਲਈ ਕਿਹਾ ਤੇ ਉਹ ਬਾਹਰ ਬੈਠ ਗਈ। ਹੁਣ ਮੈਂ ਉਸਦੀ ਮਾਂ ਤੋਂ ਵਿਸਥਾਰ ਵਿੱਚ ਕੇਸ ਹਿਸਟਰੀ ਇਕੱਠੀ ਕੀਤੀ। ਪਤਾ ਲੱਗਿਆ ਕਿ ਕੁੜੀ ਦਾ ਪਿਓ ਭਾਵੇਂ ਖੇਤੀ ਕਰਦਾ ਸੀ ਪਰ ਉਹ ਦਸਵੀਂ ਪਾਸ ਸੀ। ਕੁੜੀ ਦਾ ਇੱਕ ਭਰਾ B.A. ਵਿਚ ਪੜ੍ਹਦਾ ਸੀ। ਪਿਓ-ਪੁੱਤ ਦੀ ਸੋਚ ਇੰਨੀ ਅੰਧਵਿਸ਼ਵਾਸੀ ਨਹੀਂ ਸੀ, ਜਿੰਨੀ ਮਾਂ ਦੀ ਸੀ। ਮਾਂ ਸਮਝਦੀ ਸੀ ਕਿ ਕੁੜੀ ਨੂੰ ਕੋਈ ਭੂਤ ਜਾਂ ਜਿੰਨ ਚਿੰਬੜਿਆ ਹੈ। ਉਸਨੇ ਪਿੰਡ ਦੇ ਹੀ ਕੁੱਝ ਸਿਆਣਿਆ ਕੋਲੋਂ ਹਥੌਲੇ ਵੀ ਕਰਵਾਏ ਸਨ। ਕੋਈ ਚਿਮਟੇ ਨਾਲ ਹਥੌਲਾ ਕਰ ਜਾਂਦਾ ਸੀ ਤੇ ਕੋਈ ਮੱਥੇ ਉੱਤੇ ਰਾਖ਼ ਮਲ ਦਿੰਦਾ ਸੀ। ਕੁੜੀ ਕਦੇ ਠੀਕ ਹੋ ਜਾਂਦੀ ਸੀ ਤੇ ਕਦੇ ਫਿਰ ਲੰਬਾ ਦੌਰਾ ਪੈ ਜਾਂਦਾ ਸੀ। ਕਈ ਘੰਟੇ ਲੰਬਾ ਦੌਰਾ ਪਿਆ ਰਹਿੰਦਾ ਸੀ। ਕੁੜੀ ਦੇ ਭਰਾ ਦੇ ਨਾਲ ਕਾਲਜ ਵਿਚ ਪੜ੍ਹਦੇ ਕਿਸੇ ਤਰਕਸ਼ੀਲ ਸੋਚ ਵਾਲੇ ਵਿਦਿਆਰਥੀ ਨੇ ਉਨ੍ਹਾਂ ਨੂੰ ਮੇਰਾ ਪਤਾ ਦੱਸ ਦਿਤਾ ਸੀ। ਸੋ ਉਹ ਇਲਾਜ ਲਈ ਮੇਰੇ ਕੋਲ ਆਏ ਸਨ।

ਇਸ ਪਰਿਵਾਰ ਵਿੱਚ ਮਾਤਾ-ਪਿਤਾ, ਦੋ ਮੁੰਡੇ ਤੇ ਦੋ ਕੁੜੀਆ ਸਨ। ਕੁੜੀਆਂ ਦੋਵੇਂ ਵੱਡੀਆਂ ਸਨ ਤੇ ਮੁੰਡੇ ਛੋਟੇ। ਛੋਟੀ ਉਮਰੇ ਹੀ ਫਰਜ਼ ਨਿਭਾਉਣ ਲਈ ਕੁੜੀਆਂ ਦਾ ਵਿਆਹ ਕਰ ਦਿੱਤਾ ਗਿਆ ਸੀ। ਦੋਵੇਂ ਕਿ ਇੱਕੋ ਪਿੰਡ, ਇੱਕੋ ਘਰੇ, ਦੋ ਸਕੇ ਭਰਾਵਾਂ ਨੂੰ ਵਿਆਹੀਆਂ ਸਨ। ਵੱਡੀ ਕੁੜੀ ਦਾ ਪ੍ਰਾਹੁਣਾ ਫੌਜੀ ਸੀ ਤੇ ਛੋਟੀ ਦਾ ਖੇਤੀ ਕਰਦਾ ਸੀ। ਵੱਡੀ ਕੁੜੀ ਦਾ ਮੁਕਲਾਵਾ ਦੋ ਸਾਲ ਪਹਿਲਾਂ ਹੀ ਦੇ ਦਿੱਤਾ ਗਿਆ ਸੀ ਪਰ ਇਸ ਕੁੜੀ ਦਾ ਮੁਕਲਾਵਾ ਅਜੇ ਨਹੀਂ ਦਿੱਤਾ ਸੀ। ਖੇਤੀ ਕਰਨ ਵਾਲੇ ਪਰਿਵਾਰ ਵਿਚ ਅਜਿਹੇ ਕਾਰਜ ਹਾੜ੍ਹੀ ਜਾਂ ਸਾਉਣੀ ਦੀ ਫਸਲ ਵੇਚਕੇ ਹੀ ਕੀਤੇ ਜਾਂਦੇ ਹਨ। ਸੋ ਉਸਦੇ ਮੁਕਲਾਵੇ ਦੀ ਤਿਆਰੀ ਕੀਤੀ ਜਾ ਰਹੀ ਸੀ। ਪਰ ਕੁੜੀ ਉੱਥੇ ਜਾਣ ਤੋਂ ਨਾਂਹ ਕਰ ਰਹੀ ਸੀ। ਕੁੜੀ ਦੀ ਮਾਂ ਤੋਂ ਕੇਸ ਹਿਸਟਰੀ ਇਕੱਠੀ ਕਰਕੇ ਮੈਂ ਉਸ ਨੂੰ ਬਾਹਰ ਬੈਠਣ ਅਤੇ ਕੁੜੀ ਨੂੰ ਅੰਦਰ ਭੇਜ ਦੇਣ ਲਈ ਕਿਹਾ। ਉਸਨੇ ਬਾਹਰ ਜਾਕੇ ਕੁੜੀ ਨੂੰ ਮੇਰੇ ਕੋਲ ਭੇਜ ਦਿੱਤਾ।

ਮੈਂ ਕੁੜੀ ਨੂੰ ਕੋਲ ਪਏ ਸਟੂਲ ਉੱਤੇ ਬੈਠਣ ਦਾ ਇਸ਼ਾਰਾ ਕੀਤਾ। ਉਹ ਸਟੂਲ 'ਤੇ ਬੈਠ ਗਈ ਤੇ ਇੱਕਟੱਕ ਮੇਰੇ ਵੱਲ ਤਕਦੀ ਰਹੀ। ਮੈਂ ਉਸਦਾ ਨਾਮ ਪਤਾ ਪੁੱਛਿਆ ਅਤੇ ਉਸਦੀ ਕੇਸ ਹਿਸਟਰੀ ਵਿਚ ਉਸਦੇ ਬਿਆਨ ਦਰਜ ਕਰਨ ਲੱਗਾ। ਮੈਂ ਉਸ ਨਾਲ ਬਹੁਤ ਹੀ ਹਮਦਰਦੀ ਭਰੇ ਢੰਗ ਨਾਲ ਗੱਲਬਾਤ ਸ਼ੁਰੂ ਕੀਤੀ। ਉਸਦਾ ਮਨ ਜਿੱਤਣ ਲਈ ਕਿਹਾ "ਮਨ ਵਿਚ ਕੋਈ ਵੀ ਗੱਲ ਦੱਬਕੇ ਨਹੀਂ ਰੱਖਣੀ, ਜੋ ਕੁੱਝ ਵੀ ਤੈਨੂੰ ਦਿਖਦਾ ਜਾਂ ਮਹਿਸੂਸ ਹੁੰਦਾ ਹੈ, ਉਹ ਖੁੱਲ੍ਹ ਕੇ ਦੱਸ, ਤੇਰਾ ਇਲਾਜ ਪੂਰੀ ਤਰ੍ਹਾਂ ਹੋ ਜਾਵੇਗਾ, ਜੋ ਵੀ ਤਕਲੀਫ ਹੈ ਖੁੱਲ੍ਹ ਕੇ ਦੱਸ। ਮਨ ਦਾ ਭਾਰ ਹੌਲਾ ਕਰ ਲੈ। ਜੋ ਵੀ ਗੱਲ ਆਪਣੇ ਦਰਮਿਆਨ ਹੋਵੇਗੀ, ਉਹ ਸਾਰੀ ਗੁਪਤ ਰੱਖੀ ਜਾਵੇਗੀ। ਅਸੀਂ ਕਿਸੇ ਦਾ ਦੁੱਖ ਕਿਸੇ ਹੋਰ ਨੂੰ ਨਹੀਂ ਦਸਦੇ। ਸਾਰੀ ਗੱਲਬਾਤ ਗੁਪਤ ਰੱਖੀ ਜਾਂਦੀ ਹੈ। ਸੋ ਮੇਰੇ ਕੋਲੋਂ ਕੁੱਝ ਵੀ ਛੁਪਾਕੇ ਨਹੀਂ ਰੱਖਣਾ, ਬਿਲਕੁਲ ਸੱਚ ਬੋਲਣਾ ਹੈ। ਗੱਲ ਭਾਵੇਂ ਕਿਹੋ ਜਿਹੀ ਹੀ ਕਿਉਂ ਨਾ ਹੋਵੇ, ਖੁੱਲ੍ਹਕੇ ਦੱਸਣੀ ਹੈ, ਕੋਈ ਸੰਕੋਚ ਜਾਂ ਸ਼ਰਮ ਰੱਖਣ ਦੀ ਲੋੜ ਨਹੀਂ।"

**ਰਾਜਾ ਰਾਮ ਹੰਡਿਆਇਆ**

ਮੈਂ ਉਸਨੂੰ ਵਿਸ਼ਵਾਸ਼ ਦੁਆਇਆ, ਕਿ ਉਸ ਵਰਗੇ ਹਜ਼ਾਰਾਂ ਮਰੀਜਾਂ ਦਾ ਇਲਾਜ ਮੈਂ ਬੜੀ ਸਫਲਤਾ ਨਾਲ ਕੀਤਾ ਹੈ, ਉਸ ਦਾ ਵੀ ਪੱਕਾ ਇਲਾਜ ਹੋ ਜਾਵੇਗਾ। ਸੋ ਕਿਸੇ ਪ੍ਰਸੇ ਪ੍ਰਕਾਰ ਦੀ ਚਿੰਤਾ ਮਨ ਵਿਚ ਨਾ ਰੱਖੇ ਤੇ ਆਪਣੇ ਮਨ ਦੀ ਗੱਲ ਖੁੱਲ੍ਹ ਕੇ ਆਖੇ।"

ਮੇਰੇ ਹਮਦਰਦੀ ਪੂਰਣ ਵਿਹਾਰ ਨਾਲ ਉਹ ਕੁੱਝ ਹੌਸਲੇ ਵਿਚ ਆ ਗਈ ਤੇ ਸਟੂਲ ਖਿੱਚਕੇ ਮੇਰੇ ਨੇੜੇ ਕਰ ਲਿਆ। ਮੈਂ ਆਪਣੀ ਕੁਰਸੀ ਅੱਗੇ ਪਏ ਸਟੂਲ ਉੱਤੇ, ਡਾਇਰੀ ਰੱਖਕੇ ਉਸਦੇ ਬਿਆਨ ਲਿਖਣ ਲੱਗਾ। ਉਸਨੇ ਦੱਸਿਆ, "ਮੈਂ ਆਪਣੇ ਪਤੀ ਕੋਲ ਨਹੀਂ ਜਾਣਾ ਚਾਹੁੰਦੀ, ਉਹ ਕਾਲੇ ਰੰਗ ਦਾ ਹੋਣ ਕਾਰਨ ਮੈਨੂੰ ਪਸੰਦ ਨਹੀਂ ਹੈ।"

ਮੈਂ ਉਸਨੂੰ ਆਖਿਆ "ਇਹ ਜ਼ਰੂਰੀ ਤਾਂ ਨਹੀਂ ਕਿ ਕਾਲੇ ਰੰਗ ਦੇ ਸਭ ਆਦਮੀ ਸੁਭਾਅ ਦੇ ਚੰਗੇ ਨਹੀਂ ਹੁੰਦੇ। ਚੰਗੇ ਸੁਭਾਅ ਦਾ ਗੋਰੇ ਜਾਂ ਕਾਲੇ ਰੰਗ ਨਾਲ ਕੋਈ ਸੰਬੰਧ ਨਹੀਂ। ਤੂੰ ਇੱਕ ਵਾਰ ਉਸ ਕੋਲ ਜਾਕੇ ਤਾਂ ਵੇਖ। ਅਜੇ ਤੂੰ ਉਸਦਾ ਕੀ ਵੇਖਿਆ ਹੈ? ਫਿਰ ਤੂੰ ਆਪ ਵੀ ਤਾਂ ਕੋਈ ਜ਼ਿਆਦਾ ਸੁਹਣੀ (ਗੋਰੀ) ਨਹੀਂ। ਬਿਨਾ ਵਰਤੇ ਕਿਸੇ ਆਦਮੀ ਦਾ ਸੁਭਾਅ ਕਿਵੇਂ ਪਰਖਿਆ ਜਾ ਸਕਦਾ ਹੈ? ਸੋ ਤੂੰ ਉਸ ਕੋਲ ਕੁੱਝ ਦਿਨ, ਜਾ ਕੇ ਤਾਂ ਆ। ਹਫਤਾ ਦਸ ਦਿਨ ਰਹੇਂਗੀ, ਤਾਂ ਹੀ ਸੁਭਾਅ ਦਾ ਪਤਾ ਲੱਗੇਗਾ।"

"ਪਰ ਮੈਨੂੰ ਤਾਂ ਉਹ ਪਸੰਦ ਹੀ ਨਹੀਂ। ਵਿਆਹ ਸਮੇਂ ਮੈਂ ਦੇਖਿਆ ਸੀ। ਉਸਦੀ ਸ਼ਕਲ ਹੀ ਮੈਨੂੰ ਪਸੰਦ ਨਹੀਂ। ਮੇਰਾ ਨਹੀਂ ਉਸ ਕੋਲ ਜਾਣ ਨੂੰ ਜੀਅ ਕਰਦਾ।" ਉਹ ਮੇਰੇ ਹੋਰ ਨੇੜੇ ਹੁੰਦਿਆਂ ਬੋਲੀ।

"ਫਿਰ ਤੈਨੂੰ ਹੋਰ ਕੌਣ ਚੰਗਾ ਲਗਦੈ" ਮੈਂ ਪੁੱਛਿਆ।

ਮੇਰਾ ਜੀਜਾ ਮੈਨੂੰ ਪਸੰਦ ਹੈ, ਉਹ ਸੁਹਣੈ, ਪੜ੍ਹਿਆ ਲਿਖਿਆ ਵੀ ਹੈ। ਉਸਨੇ ਜੁਆਬ ਦਿੱਤਾ। "ਪਰ ਮੇਰੀ ਭੈਣ ਦੇ ਡਰ ਕਰਕੇ ਮੈਂ ਬੋਲ ਨਹੀਂ ਸਕਦੀ। ਮੈਨੂੰ ਤਾਂ ਪੜ੍ਹੇ ਲਿਖੇ ਪਸੰਦ ਨੇ।" ਇੰਨਾ ਕਹਿੰਦਿਆਂ ਹੀ ਉਸਨੇ ਆਪਣਾ ਹੱਥ ਮੇਰੇ ਹੱਥ ਨਾਲ ਛੁਹਾ ਦਿੱਤਾ। ਮੈਨੂੰ ਇਹ ਅਜੀਬ ਜਿਹਾ ਲੱਗਿਆ। ਪਰ ਮੈਂ ਅਣਗੌਲਿਆਂ ਕਰਕੇ ਪੁੱਛਿਆ। "ਕੀ ਤੈਨੂੰ ਹੋਰ ਵੀ ਕੋਈ ਪਸੰਦ ਐ? ਪਿੰਡ ਵਿਚ ਵੀ ਕੋਈ ਚੰਗਾ ਲਗਦੈ?"

ਹਾਂ, ਮੇਰੇ ਭਰਾ ਦੇ ਇੱਕ-ਦੋ ਦੋਸਤ ਨੇ। ਉਹ ਵੀ ਮੈਨੂੰ ਚੰਗੇ ਲਗਦੇ ਨੇ। ਪਰ ਮੈਨੂੰ ਉਹਨਾਂ ਨਾਲ ਕਦੇ ਵੀ ਗੱਲ ਕਰਨ ਦਾ ਮੌਕਾ ਨਹੀਂ ਮਿਲਿਆ। ਮੈਂ ਤਾਂ ਪੜ੍ਹਿਆ ਲਿਖਿਆ ਪ੍ਰਾਹੁਣਾ ਚਾਹੁੰਦੀ ਸੀ ਪਰ ਉਹ ਤਾਂ ਖੇਤੀ ਕਰਦੈ ਤੇ ਪੜ੍ਹਿਆ ਵੀ ਘੱਟ ਐ।" ਉਸਨੇ ਜੁਆਬ ਦਿੱਤਾ।

"ਪਰ ਤੂੰ ਆਪ ਵੀ ਤਾਂ ਅਨਪੜ੍ਹ ਐਂ, ਉਹ ਤਾਂ ਫਿਰ ਵੀ ਪੰਜ-ਸੱਤ ਜਮਾਤਾਂ ਪੜ੍ਹਿਆ ਹੈ। ਘਰਦਿਆਂ ਨੇ ਮੇਲ ਦੇਖਕੇ ਹੀ ਵਿਆਹ ਕੀਤਾ ਹੈ।" ਮੈਂ ਕਿਹਾ।

"ਪਰ ਮੈਂ ਉਸ ਕੋਲ ਨਹੀਂ ਜਾਣਾ। ਮੈਨੂੰ ਤਾਂ ਪੜ੍ਹੇ ਲਿਖੇ ਹੀ ਚੰਗੇ ਲਗਦੇ ਨੇ।" ਇੰਨਾ ਕਹਿੰਦੇ ਹੀ ਉਸਨੇ ਭਾਵੁਕ ਹੋ ਕੇ ਮੇਰਾ ਹੱਥ ਫੜ ਲਿਆ ਤੇ ਮੇਰੇ ਵੱਲ ਵੱਧਣ ਲੱਗੀ। ਉਸਦੀ ਹਿੰਮਤ ਦੇਖਕੇ ਮੈਨੂੰ ਖਤਰਾ ਮਹਿਸੂਸ ਹੋਇਆ। ਮੈਂ ਸਮਝ ਗਿਆ ਕਿ ਉਹ ਕੀ ਚਾਹੁੰਦੀ ਸੀ। ਬਾਹਰ ਉਸਦੀ ਮਾਂ ਬੈਠੀ ਸੀ। ਦਰਵਾਜਾ ਅਧਖੁੱਲਾ ਸੀ ਪਰ ਉਹ ਹੌਲੀ-ਹੌਲੀ ਅੱਗੇ ਵਧਦੀ ਜਾ ਰਹੀ ਸੀ। ਮੈਂ ਦੁਚਿੱਤੀ ਵਿਚ ਫਸ ਗਿਆ ਸੀ। ਜੇਕਰ ਮੈਂ ਉਸਨੂੰ ਰੋਕਦਾ ਤਾਂ ਉਸਦਾ ਉਲਟ ਅਸਰ ਪੈਣਾ ਸੀ। ਮੇਰੇ ਰੋਕਣ ਜਾਂ ਨਾਂਹ ਕਰਨ ਤੇ ਉਹ ਨਰਾਜ਼ ਹੋਕੇ ਮੇਰੇ ਉੱਤੇ ਹੀ ਕੋਈ ਇਲਜ਼ਾਮ ਲਗਾ ਸਕਦੀ ਸੀ। ਆਪਣੇ ਇਰਾਦੇ ਵਿਚ ਅਸਫਲ ਔਰਤਾਂ ਆਮ ਤੌਰ 'ਤੇ ਅਜਿਹਾ ਕਰ ਦਿੰਦੀਆਂ ਹਨ। ਮੈਂ ਉਸਨੂੰ ਹੌਸਲਾ ਦਿੰਦੇ ਹੋਏ ਕਿਹਾ, "ਤੇਰੇ ਮਨ ਦੀ ਇੱਛਾ ਕੀ ਐ" ਉਸਨੇ ਚੁੱਪਚਾਪ ਮੇਰਾ ਹੱਥ ਘੁੱਟ ਲਿਆ ਤੇ ਮੇਰੇ ਮੂੰਹ ਨਾਲ ਮੂੰਹ ਲਾ ਦਿੱਤਾ। ਮੈਂ ਉਸਦਾ ਵਧਦਾ ਹੌਸਲਾ ਦੇਖਕੇ ਹੈਰਾਨ ਹੋ ਗਿਆ। ਉਹ ਮੇਰੇ ਦੋਵੇਂ ਹੱਥ ਖਿੱਚਕੇ ਮੈਨੂੰ ਕਲਾਵੇ 'ਚ ਲੈਣਾ ਚਾਹੁੰਦੀ ਸੀ। ਉਹ ਆਪੇ ਤੋਂ ਬਾਹਰ ਹੋ ਰਹੀ ਸੀ। ਮੈਂ ਹਾਲਾਤ ਭਾਪਦਿਆਂ ਉਸਨੂੰ ਰੋਕ ਦਿੱਤਾ ਤੇ ਤੱਸਲੀ ਦਿੱਤੀ ਕਿ ਅਗਲੇ ਐਤਵਾਰ ਮੈਂ ਉਸਨੂੰ ਫਿਰ ਬੁਲਵਾਂਗਾ ਤੇ ਉਸਦੀ ਇੱਛਾ ਦਾ ਧਿਆਨ ਰੱਖਾਂਗਾ ਪਰ ਉਹ ਪਿੱਛੇ ਹਟਣ ਨੂੰ ਤਿਆਰ ਨਹੀਂ ਸੀ। ਬੜੀ ਮੁਸ਼ਕਿਲ ਨਾਲ ਮੈਂ ਉਸਨੂੰ ਫਿਰ ਆਉਣ ਦਾ ਲਾਰਾ ਦਿੱਤਾ ਤੇ ਉਸਦੀ ਮਾਂ ਨੂੰ ਅੰਦਰ ਆਉਣ ਲਈ ਅਵਾਜ ਮਾਰ ਦਿੱਤੀ। ਉਸਦੀ ਮਾਂ ਅੰਦਰ ਆ ਗਈ ਤੇ ਉਹ ਉੱਠਕੇ ਖੜ੍ਹੀ ਹੋ ਗਈ। ਆਪਣੀ ਮਾਂ ਦੇ ਪਿੱਠ ਪਿੱਛੇ ਖੜ੍ਹੀ ਹੋ ਕੇ ਵੀ ਉਹ ਇਸ਼ਾਰੇ ਕਰੀ ਜਾ ਰਹੀ ਸੀ। ਉਸਦੀ ਮਾਂ ਨੂੰ ਠੀਕ ਹੋਣ ਦੀ ਤੱਸਲੀ ਦੇ ਕੇ ਮੈਂ ਉਹਨਾਂ ਨੂੰ ਕਦੇ ਫੇਰ ਆਉਣ ਦਾ ਲਾਰਾ ਦੇ ਦਿੱਤਾ। 'ਜਾਨ ਬਚੀ ਤੇ ਲਾਖੋਂ ਪਾਏ' ਵਾਲੀ ਕਹਾਵਤ ਅਨੁਸਾਰ ਮੈਂ ਆਪਣਾ ਖਹਿੜਾ ਛੁਡਾਕੇ ਸੁੱਖ ਦਾ ਸਾਹ ਲਿਆ। ਰਾਤ ਨੂੰ ਸੌਣ ਸਮੇਂ ਤੱਕ ਵੀ ਇਹ ਘਟਨਾ ਮੇਰੇ ਦਿਮਾਗ ਉੱਤੇ ਛਾਈ ਰਹੀ। ਮੈਂ ਪੱਕਾ ਫੈਸਲਾ ਕਰ ਲਿਆ ਸੀ ਕਿ ਮੈਂ ਇਸ ਕੇਸ ਨੂੰ ਦੋਬਾਰਾ ਕਦੇ ਵੀ ਸਮਾਂ ਨਹੀਂ ਦੇਵਾਂਗਾ।

ਰਾਤ ਦੇ ਗਿਆਰਾ ਕੁ ਵਜੇ ਫਿਰ ਮੇਰੇ ਘਰ ਦਾ ਬੂਹਾ ਖੜਕਿਆ। ਜਦੋਂ ਮੈਂ ਦਰਵਾਜਾ ਖੋਲ੍ਹਿਆ ਤਾਂ ਕੁੜੀ ਦੀ ਮਾਂ ਅਤੇ ਬਾਪ ਦਰਵਾਜੇ ਅੱਗੇ ਖੜ੍ਹੇ ਸਨ। ਕੁੜੀ ਨੂੰ ਕਾਰ ਵਿਚ ਪਾ ਕੇ ਦੌਰੇ ਦੀ ਹਾਲਤ ਵਿਚ ਹੀ ਮੇਰੇ ਕੋਲ ਲਿਆਂਦਾ ਗਿਆ ਸੀ। ਉਸਦੇ ਬਾਪ ਨੇ ਦੱਸਿਆ, "ਇੱਥੋਂ ਜਾ ਕੇ ਕੁੜੀ ਬੜੀ ਠੀਕ ਰਹੀ, ਖ਼ੁਸ਼ ਵੀ ਸੀ। ਰਾਤ ਨੂੰ ਖਾਣਾ ਵੀ ਚੰਗੀ ਤਰ੍ਹਾਂ ਖਾਧਾ ਸੀ। ਰਾਤ ਨੂੰ ਮੇਰਾ ਵੱਡਾ ਜੁਆਈ (ਫੌਜੀ) ਆ ਗਿਆ। ਬੱਸ ਉਸਨੂੰ ਖਾਣਾ ਖੁਆਉਂਦੇ ਸਮੇਂ ਹੀ ਇਸਨੂੰ ਦੌਰਾ ਪੈ ਗਿਆ। ਬੱਸ ਹੁਣ ਤੱਕ ਹੋਸ਼ ਨੀ ਆਈ। ਦੋ ਤਿੰਨ ਘੰਟੇ ਹੋ ਗਏ ਦੌਰਾ ਪਏ ਨੂੰ। ਹੁਣ ਤੁਹਾਡੇ ਕੋਲ ਲੈ ਕੇ ਆਏ ਹਾਂ, ਤੁਸੀਂ ਕੋਈ ਹੀਲਾ ਕਰੋ।"

ਰਾਤ ਦੇ ਗਿਆਰਾਂ ਵਜੇ ਸਨ। ਦਿਨ ਦੀ ਮੁਲਾਕਾਤ ਨੇ ਇਹ ਸਿੱਧ ਕਰ ਹੀ ਦਿੱਤਾ ਸੀ ਕਿ ਉਸਨੂੰ ਦੌਰੇ ਪੈਣ ਦਾ ਅਸਲੀ ਕਾਰਨ ਕੀ ਸੀ। ਜੇਕਰ ਮੈਂ ਉਸਨੂੰ ਆਪਣੇ ਘਰ ਵਿਚ ਬੁਲਾਕੇ ਹਿਪਨੋਟਾਈਜ਼ ਕਰਨ ਦੀ ਕੋਸ਼ਿਸ਼ ਕਰਦਾ ਤਾਂ ਇਹ ਮੇਰੇ ਲਈ ਮੁਸੀਬਤ ਬਣ ਜਾਣਾ ਸੀ। ਇਕੱਲਾ ਮਿਲਦਿਆ ਹੀ ਉਸਨੇ ਫਿਰ ਬੇਕਾਬੂ ਹੋ ਜਾਣਾ ਸੀ। ਫੈਸਲੇ ਦੀ ਘੜੀ ਸੀ ਤੇ ਮੈਂ ਪਹਿਲਾਂ ਹੀ ਫੈਸਲਾ ਕਰ ਰੱਖਿਆ ਸੀ। ਮੈਂ ਬਹਾਨਾ ਬਣਾਇਆ ਕਿ ਹੁਣ ਮੇਰੇ ਪਰਿਵਾਰ ਨੂੰ ਤੰਗੀ ਹੋਵੇਗੀ, ਸੋ ਇਸ ਵੇਲੇ ਇਸਨੂੰ ਕਿਸੇ ਡਾਕਟਰ ਦੇ ਦਾਖਲ ਕਰਵਾ ਦਿਓ। ਹੋਸ਼ ਆਉਣ ਤੋਂ ਬਾਅਦ ਮੈਂ ਸਵੇਰੇ ਦੇਖ ਲਵਾਂਗਾ।" ਕੁੜੀ ਦੇ ਬਾਪ ਨੂੰ ਇੱਕ ਡਾਕਟਰ ਨਾਲੋ ਵੱਧ ਮੇਰੇ ਉੱਤੇ ਭਰੋਸਾ ਸੀ ਕਿ ਮੈਂ ਹੀ ਕੁੜੀ ਨੂੰ ਠੀਕ ਕਰ ਸਕਦਾ ਹਾਂ। ਪਰ ਮੇਰੇ ਕਹਿਣ ਤੇ ਉਸ ਨੇ ਕੁੜੀ ਨੂੰ ਇੱਕ ਡਾਕਟਰ ਕੋਲ ਦਾਖਲ ਕਰਵਾ ਦਿੱਤਾ। ਕੁੜੀ ਹਿਸਟੀਰੀਆ ਦੀ ਗਹਿਰੀ ਹਾਲਤ ਵਿਚ ਸੀ। ਪਹਿਲਾਂ ਵੀ ਉਸਨੂੰ ਕਈ-ਕਈ ਘੰਟੇ ਦੌਰਾ ਪਿਆ ਹੀ ਰਹਿੰਦਾ ਸੀ।

ਸਵੇਰੇ ਕੁੜੀ ਦਾ ਬਾਪ (ਪਿਓ) ਫਿਰ ਮੇਰੇ ਕੋਲ ਆ ਗਿਆ ਤੇ ਕੁੜੀ ਦੀ ਹਾਲਤ ਦੇਖਣ ਲਈ ਮੈਨੂੰ ਡਾਕਟਰ ਕੋਲ ਲੈ ਗਿਆ। ਡਾਕਟਰ ਨਾਲ ਮੈਂ ਗੱਲਬਾਤ ਕੀਤੀ। ਡਾਕਟਰ ਨੇ ਦੱਸਿਆ ਕਿ ਕੁੜੀ ਨੂੰ ਅਜੇ ਤੱਕ ਕੋਈ ਹੋਸ਼ ਨਹੀਂ ਹੈ। ਕੁੜੀ ਨੂੰ ਗਲੂਕੋਜ਼ ਦਿੱਤਾ ਜਾ ਰਿਹਾ ਸੀ, ਟੀਕੇ ਲੱਗ ਰਹੇ ਸਨ ਪਰ ਉਹ ਹੋਸ਼ ਵਿਚ ਨਹੀਂ ਆਈ ਸੀ। ਇਹ ਡਾਕਟਰ ਮੇਰਾ ਵਾਕਿਫ ਸੀ। ਮੈਂ ਡਾਕਟਰ ਨੂੰ ਦੌਰੇ ਦੇ ਮਨੋ-ਵਿਗਿਆਨਕ ਕਾਰਨ ਬਾਰੇ ਦੱਸਕੇ ਰਾਇ ਦਿੱਤੀ ਕਿ ਇਸ ਕੇਸ ਨੂੰ ਕਿਸੇ ਮਨੋਰੋਗ-ਮਾਹਿਰ ਕੋਲ ਭੇਜ ਦਿੱਤਾ ਜਾਵੇ। ਡਾਕਟਰ ਨੇ ਮੇਰੀ ਗੱਲ ਮੰਨਕੇ ਇਹ ਕੇਸ ਸ਼ਹਿਰ ਦੇ ਇਕ ਪ੍ਰਸਿੱਧ ਮਨੋਰੋਗ-ਮਾਹਿਰ ਕੋਲ ਭੇਜ ਦਿੱਤਾ। ਮੈਂ ਵੀ ਪਰਿਵਾਰ ਨੂੰ ਤਸੱਲੀ ਦਿੱਤੀ ਕਿ ਹੁਣ ਕੁੜੀ ਨੂੰ ਮਨੋਰੋਗ ਮਾਹਿਰ ਕੋਲ ਲਿਜਾਣਾ ਜ਼ਰੂਰੀ ਹੈ। ਸੋ ਕੁੜੀ ਨੂੰ ਮਨੋਰੋਗ ਮਾਹਿਰ ਕੋਲ ਲਿਜਾਇਆ ਗਿਆ। ਇਹ ਡਾਕਟਰ ਵੀ ਮੇਰਾ ਵਾਕਿਫ਼ ਸੀ। ਉਸਨੇ ਕੁੜੀ ਨੂੰ ਆਪਣੇ ਹਸਪਤਾਲ ਵਿਚ ਦਾਖਲ ਕਰਕੇ ਇਲਾਜ ਸ਼ੁਰੂ ਕਰ ਦਿੱਤਾ।

ਦੋ ਦਿਨ ਬਾਅਦ ਕੁੜੀ ਦਾ ਪਿਓ ਮੈਨੂੰ ਮਿਲਣ ਆਇਆ। ਉਸਨੇ ਦੱਸਿਆ ਕਿ ਕੁੜੀ ਹੁਣ ਨਾਰਮਲ ਹੋ ਗਈ ਹੈ ਅਤੇ ਇੱਕ-ਅੱਧ ਦਿਨ ਵਿਚ ਛੁੱਟੀ ਮਿਲ ਜਾਵੇਗੀ ਤੇ ਘਰ ਲਿਆਂਦੀ ਜਾਵੇਗੀ। ਮੈਂ ਉਸਨੂੰ ਦੱਸਿਆ ਕਿ ਕੁੜੀ ਨੂੰ ਕੋਈ ਭੂਤ-ਪ੍ਰੇਤ ਨਹੀਂ ਚਿੰਬੜਿਆ, ਬਲਕਿ ਉਸਦੇ ਮਨ ਉੱਤੇ ਬੋਝ ਪਿਆ ਹੈ। ਮੈਂ ਉਸਨੂੰ ਅਸਿੱਧੇ ਤੌਰ 'ਤੇ ਸਚਾਈ ਤੋਂ ਜਾਣੂ ਕਰਵਾਕੇ, ਛੇਤੀ ਤੋਂ ਛੇਤੀ ਸਹੁਰੇ ਘਰ ਭੇਜਣ ਦਾ

ਯਤਨ ਕਰਨ ਲਈ ਕਿਹਾ ਤੇ ਜੇਕਰ ਕੁੜੀ ਨਾ ਮੰਨੇ ਤਾਂ ਉਸਦਾ ਕੋਈ ਹੋਰ ਹੱਲ ਸੋਚਣ ਬਾਰੇ ਕਿਹਾ। ਇਹ ਦੱਸਕੇ ਮੈਂ ਆਪਣੀ ਜ਼ਿੰਮੇਵਾਰੀ ਨਿਭਾ ਦਿੱਤੀ।

ਕੁੱਝ ਦਿਨਾਂ ਬਾਅਦ ਮੈਨੂੰ ਪਤਾ ਲੱਗਿਆ ਕਿ ਕੁੜੀ ਠੀਕ ਹੋ ਕੇ ਘਰ ਆ ਗਈ ਸੀ। ਪਰ ਕੁੱਝ ਦਿਨ ਹੀ ਠੀਕ ਲੰਘੇ ਤੇ ਦੌਰੇ ਫਿਰ ਸ਼ੁਰੂ ਹੋ ਗਏ ਸਨ। ਉਨ੍ਹਾਂ ਨੇ ਕੁੜੀ ਨੂੰ ਫਿਰ ਮੇਰੇ ਕੋਲ ਲੈ ਕੇ ਆਉਣ ਬਾਰੇ ਸਮਾਂ ਮੰਗਿਆ। ਪਰ ਸਮਾਂ ਨਾ ਹੋਣ ਦਾ ਬਹਾਨਾ ਕਰਕੇ ਮੈਂ ਉਨ੍ਹਾਂ ਨੂੰ ਫਿਰ ਉਸੇ ਮਨੋਰੋਗ-ਮਾਹਿਰ ਕੋਲ ਲਿਜਾਣ ਦੀ ਸਲਾਹ ਦਿੱਤੀ ਅਤੇ ਮੇਰੇ ਦੁਆਰਾ ਦਿੱਤੇ ਸੁਝਾਵਾਂ ਉੱਤੇ ਅਮਲ ਕਰਨ ਲਈ ਕਿਹਾ। ਕੁੜੀ ਦਾ ਬਾਪ ਅਤੇ ਭਰਾ ਮੇਰੀ ਗੱਲ ਨੂੰ ਸਮਝਦੇ ਸਨ ਪਰ ਉਸਦੀ ਮਾਂ ਅਨਪੜ੍ਹ ਹੋਣ ਕਾਰਨ ਬਹੁਤ ਹੀ ਅੰਧਵਿਸ਼ਵਾਸ਼ੀ ਸੀ। ਉਸਦਾ ਵਿਸ਼ਵਾਸ਼ ਸੀ ਕਿ ਕੁੜੀ ਦਾ ਰੋਗ ਡਾਕਟਰਾਂ ਦੇ ਵਸ ਦਾ ਨਹੀਂ ਸੀ। ਉਸ ਅਨੁਸਾਰ ਇਸ ਰੋਗ ਨੂੰ ਤਾਂ ਕੋਈ ਭੂਤਾਂ ਕੱਢਣ ਵਾਲਾ ਸਿਆਣਾ ਹੀ ਠੀਕ ਕਰ ਸਕਦਾ ਸੀ। ਮੈਂ ਉਸਨੂੰ ਸਮਝਾਉਣ ਦਾ ਬਥੇਰਾ ਯਤਨ ਕੀਤਾ ਕਿ ਇਹ ਦੌਰਾ ਕਿਸੇ ਭੂਤ-ਪ੍ਰੇਤ ਦੇ ਕਾਰਨ ਨਹੀਂ ਪੈਂਦਾ। ਇਹ ਹਿਸਟੀਰੀਆਂ ਦਾ ਦੌਰਾ ਹੈ ਜਿਸਦਾ ਸੰਬੰਧ ਸਾਡੀਆਂ ਮਨੋ-ਸਰੀਰਕ ਲੋੜਾਂ ਨਾਲ ਹੈ। ਮੈ ਉਸਨੂੰ ਸਿੱਧੇ ਤਰੀਕੇ ਨਾਲ ਦੱਸਿਆ ਕਿ ਕੁੜੀ ਦੇ ਮਨ ਤੇ ਬੋਝ ਪਿਆ ਹੈ ਜਿਸ ਕਾਰਨ ਦੌਰਾ ਪੈਂਦਾ ਹੈ ਇਸਨੂੰ ਸਹੁਰੇ ਘਰ ਭੇਜਣ ਨਾਲ ਇਸਦੀ ਸਮੱਸਿਆ ਦਾ ਹੱਲ ਹੋ ਸਕਦਾ ਹੈ। ਇੱਕ ਵਾਰ ਕੋਸ਼ਿਸ਼ ਕਰਕੇ ਦੇਖੋ। ਨਹੀਂ ਤਾਂ ਫਿਰ ਦੂਸਰਾ ਹੱਲ ਲੱਭਣਾ ਪਵੇਗਾ"। ਹੋ ਸਕਦਾ ਹੈ ਮੇਰੇ ਇਨ੍ਹਾਂ ਸੁਝਾਵਾਂ ਦਾ ਕੁੱਝ ਅਸਰ ਉਸਤੇ ਹੋਇਆ ਹੋਵੇ ਪਰ ਅੰਧਵਿਸ਼ਵਾਸੀ ਸੋਚ ਕਾਰਨ ਉਹ ਪੂਰੀ ਤਰ੍ਹਾਂ ਸਹਿਮਤ ਨਹੀਂ ਲੱਗ ਰਹੀ ਸੀ।

ਭਾਵੇਂ ਮੈਂ ਇਸ ਕੇਸ ਤੋਂ ਪੂਰੀ ਤਰ੍ਹਾਂ ਪਿੱਛਾ ਛੁਡਾ ਲਿਆ ਸੀ। ਪਰ ਪੰਦਰਾਂ ਕੁ ਦਿਨਾਂ ਬਾਅਦ ਅਚਾਨਕ ਕੁੜੀ ਦੀ ਮਾਂ ਮੈਨੂੰ ਮਿਲੀ। ਉਸਨੇ ਮੈਨੂੰ ਉਲਾਂਭਾ ਦੇਣ ਦੇ ਲਹਿਜੇ ਵਿਚ ਕਿਹਾ, "ਮਾਸਟਰ ਜੀ! ਤੁਸੀਂ ਤਾਂ ਕਹਿੰਦੇ ਸੀ ਕਿ ਕੁੜੀ ਨੂੰ ਕੋਈ ਓਪਰੀ ਕਸਰ ਨਹੀਂ, ਪਰ ਇੱਕ ਬਾਬੇ ਨੇ ਸਾਰੀ ਕਸਰ ਕੱਢਕੇ ਉਸਨੂੰ ਠੀਕ ਕਰ ਦਿੱਤਾ ਹੈ। ਹੁਣ ਉਹ ਬਿਲਕੁੱਲ ਠੀਕ ਰਹਿੰਦੀ ਹੈ।" ਉਸਦੀ ਗੱਲ ਸੁਣਕੇ ਮੇਰੀ ਉਤਸੁਕਤਾ ਜਾਗੀ ਤੇ ਮੈਂ ਉਸਨੂੰ ਪੁੱਛਿਆ ਕਿ ਕਿਸ ਬਾਬੇ ਨੇ ਕਿਵੇਂ ਇਲਾਜ ਕੀਤਾ ਹੈ? ਉਸਨੇ ਦੱਸਿਆ, "ਇੱਕ ਹਫਤਾ ਬਾਬੇ ਨੇ ਕੁੜੀ ਨੂੰ ਆਪਣੇ ਡੇਰੇ 'ਚ ਹੀ ਰੱਖਿਆ ਤੇ ਦਿਨ-ਰਾਤ ਚੌਕੀਆਂ ਭਰਾਈਆਂ। ਹਫ਼ਤੇ 'ਚ ਕੁੜੀ ਫੁੱਲ ਵਰਗੀ ਹੌਲੀ ਕਰਕੇ ਭੇਜ ਦਿੱਤੀ ਤੇ ਪੈਸੇ ਵੀ ਬਹੁਤੇ ਨੀ ਲਏ। ਬੱਸ ਪੂਜਾ-ਪਾਠ ਅਤੇ ਕੜਾਹੀ ਵਾਸਤੇ ਪੰਜ ਸੋ ਰੁਪਏ ਹੀ ਲਏ। ਡਾਕਟਰ ਨੇ ਤਾਂ ਸਾਡਾ ਤਿੰਨ ਹਜ਼ਾਰ ਰੁਪਈਆ ਲਵਾਤਾ ਸੀ, ਨਾਲੇ ਕੁੜੀ ਪੂਰੀ ਤਰ੍ਹਾਂ ਠੀਕ ਨਹੀਂ ਸੀ ਹੋਈ।" ਉਹ ਜੇਤੂ ਅੰਦਾਜ ਵਿਚ ਇਹ ਸਾਰਾ ਕੁੱਝ ਦੱਸਕੇ ਚਲੀ ਗਈ।

ਮੈਂ ਮਨ ਹੀ ਮਨ ਸੋਚ ਰਿਹਾ ਸੀ ਕਿ ਤਰਕਸ਼ੀਲ ਆਗੂ ਵੀ ਫੇਲ੍ਹ, ਪ੍ਰਸਿੱਧ ਮਨੋਚਕਿਤਸਕ ਵੀ ਫੇਲ੍ਹ ਤੇ ਇੱਕ ਪਾਖੰਡੀ ਬਾਬਾ ਬਾਜੀ ਮਾਰ ਗਿਆ ਸੀ। ਬਾਬਾ ਖੁਸ਼ ਸੀ। ਪਰਿਵਾਰ ਖੁਸ਼ ਸੀ ਤੇ ਰੋਗਣ ਕੁੜੀ ਵੀ ਖੁਸ਼ ਸੀ। ਬਾਬੇ ਨੇ ਚੌਕੀਆਂ ਭਰਾਕੇ ਕੁੜੀ ਦਾ ਕਿਹੜਾ ਭੂਤ ਕਿਵੇਂ ਕੱਢਿਆ ਸੀ, ਇਹ ਜਾਂ ਤਾਂ ਮੈਂ ਜਾਣਦਾ ਹਾਂ, ਜਾਂ ਬਾਬਾ ਤੇ ਜਾਂ ਫਿਰ ਉਹ ਕੁੜੀ, ਜਿਸਦਾ ਭੂਤ ਕੱਢਿਆ ਗਿਆ ਸੀ। ਪਰ ਪਰਿਵਾਰ ਨੂੰ ਤਾਂ ਕੁੜੀ ਦੇ ਠੀਕ ਹੋਣ ਤੱਕ ਮਤਲਬ ਸੀ। ਬਾਬਾ ਉਨ੍ਹਾਂ ਲਈ ਧਨੰਤਰ ਵੈਦ ਬਣ ਗਿਆ ਸੀ। ਮਾਂ-ਧੀ ਦੀ ਸ਼ਰਧਾ ਡੇਰੇ ਦੇ ਸਾਧ ਵਿਚ ਵਧ ਗਈ ਸੀ। ਹੁਣ ਕੁੜੀ ਨੂੰ ਵੀ ਬਾਬੇ ਦੇ ਡੇਰੇ ਚੌਂਕੀ ਭਰਨ ਜਾਣਾ ਚੰਗਾ ਲਗਦਾ ਸੀ। ਇਸ ਤਰ੍ਹਾਂ ਇੱਕ ਪਰਿਵਾਰ ਤਰਕਸ਼ੀਲਾਂ ਅਤੇ ਮਨੋਰੋਗ-ਮਾਹਿਰ ਤੋਂ ਨਿਰਾਸ਼ ਹੋਕੇ ਇੱਕ ਪਾਖੰਡੀ ਬਾਬੇ ਦੇ ਚੁੰਗਲ ਵਿਚ ਫਸਣ ਲਈ ਮਜਬੂਰ ਹੋ ਗਿਆ ਸੀ।

ਇਸ ਤਰ੍ਹਾਂ ਕਿੰਨੇ ਹੀ ਪਰਿਵਾਰ ਆਪਣੀ ਅੰਨ੍ਹੀ-ਸੋਚ ਕਾਰਨ ਸਦੀਆਂ ਤੋਂ ਇਨ੍ਹਾਂ ਪਾਖੰਡੀ-ਬਾਬਿਆਂ ਦੇ ਜਾਲ਼ ਵਿਚ ਉਲਝੇ ਪਏ ਹਨ, ਜਿਹਨਾਂ ਨੂੰ ਕਿਸੇ ਵੀ ਤਰਕ ਜਾਂ ਦਲੀਲ ਨਾਲ ਉਹਨਾਂ ਦੇ ਜਾਲ਼ 'ਚੋਂ ਬਾਹਰ ਨਹੀਂ ਕੱਢਿਆ ਜਾ ਸਕਦਾ। ਸੋ ਸਾਨੂੰ ਚਾਹੀਦਾ ਹੈ ਕਿ ਹਰ ਵਿਅਕਤੀ ਦੀਆਂ ਮਨੋ-ਸਰੀਰਕ ਸਮੱਸਿਆਵਾਂ ਨੂੰ ਸਮਝੀਏ ਅਤੇ ਉਨ੍ਹਾਂ ਦਾ ਉਚਿਤ ਹੱਲ ਢੂੰਡੀਏ ਤੇ ਸਮਾਜ ਅੰਦਰ ਜਾਗ੍ਰਿਤੀ ਲਿਆਈਏ।

# ਰਾਸ਼ਟਰੀ ਗੀਤਾਂ ਦੀ ਸ਼ੁਰੂਆਤ ਕਦੋਂ ਹੋਈ?



ਸਾਰੇ ਹੀ ਸੰਸਾਰ ਦੇ ਮੁਲਕਾਂ ਵਿਚ ਆਪੋ-ਆਪਣੇ ਰਾਸ਼ਟਰੀ-ਗਾਣ ਵਿਸ਼ੇਸ਼ ਅਵਸਰਾਂ ਉਪਰ ਗਾਏ ਜਾਂਦੇ ਹਨ ਜਾਂ ਸੁਰ-ਤਾਲ ਤੇ ਵਜਾਏ ਜਾਂਦੇ ਹਨ। ਇਹ ਦੇਸ਼-ਭਗਤੀ ਦੇ ਗੀਤ ਹੁੰਦੇ ਹਨ ਜਿਹੜੇ ਸੰਬੰਧਿਤ ਦੇਸ਼ ਦੇ ਮਾਣ-ਸਨਮਾਨ ਵਿਚ ਗਾਏ ਜਾਂਦੇ ਹਨ। ਇਹਨਾਂ ਦਾ ਮਨੋਰਥ ਲੋਕਾਂ ਦੇ ਮਨਾਂ ਵਿਚ ਦੇਸ਼-ਭਗਤੀ ਦੀਆਂ ਭਾਵਨਾਵਾਂ ਨੂੰ ਉਤਸਾਹਿਤ ਕਰਨਾ ਹੁੰਦਾ ਹੈ।

ਇਸ ਬਾਰੇ ਕੋਈ ਪੱਕਾ ਰਿਕਾਰਡ ਉਪਲਬੱਧ ਨਹੀਂ ਹੈ ਕਿ ਰਾਸ਼ਟਰੀ ਗੀਤ ਕਦੋਂ ਅਤੇ ਕਿਵੇਂ ਪੈਦਾ ਹੋਏ। ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ 'ਕਿਮ ਗਾਓ' (Kim gao) ਗੀਤ ਨੌਵੀਂ ਸਦੀ ਵਿਚ ਜਾਪਾਨ ਵਿਖੇ ਗਾਇਆ ਗਿਆ ਸੀ ਅਤੇ ਇਹ ਸੰਸਾਰ ਦਾ ਪਹਿਲਾ ਰਾਸ਼ਟਰੀ ਗੀਤ ਸੀ। 'ਗੌਡ ਸੇਵ ਦਾ ਕੁਵੀਨ' (God Save The Queen) ਬਰਤਾਨੀਆਂ ਦਾ ਰਾਸ਼ਟਰੀ ਗੀਤ ਪਹਿਲੀ ਵਾਰੀ ਸੰਨ 1619 ਵਿਚ ਗਾਇਆ ਗਿਆ ਸੀ। ਇਸਨੂੰ ਸੰਨ 1740 ਵਿਚ ਹੈਨਰੀ ਕੈਰੀ (Henry carey) ਨੇ ਲਿਖਿਆ ਸੀ। ਜਨਤਕ ਤੌਰ 'ਤੇ ਇਸ ਦੀ ਪਹਿਲੀ ਪੇਸ਼ਕਾਰੀ 28 ਸਤੰਬਰ 1745 ਨੂੰ ਕੀਤੀ ਗਈ ਸੀ।

ਸੰਯੁਕਤ ਰਾਸ਼ਟਰ ਸੰਘ ਅਮਰੀਕਾ ਦਾ ਰਾਸ਼ਟਰੀ ਗੀਤ ਯੁੱਧ ਦੇ ਸਮੇਂ ਸੰਨ 1812 ਵਿਚ ਲਿਖਿਆ ਗਿਆ ਸੀ। ਇਕ ਅਮਰੀਕਨ ਵਕੀਲ, ਫਰਾਂਸਿਸ ਸਕਾਟ ਕੀ (Francis Scot Key) ਇਕ ਬਰਤਾਨਵੀ ਸਮੁੰਦਰੀ ਜਹਾਜ਼ ਵਿਚ ਸਵਾਰ ਸੀ, ਜਿਸਨੇ ਫੋਰਟ ਮੈਕ-ਹੈਨਰੀ (Fort McHenry) ਉਪਰ ਹਮਲਾ ਕੀਤਾ ਸੀ। ਸਾਰੀ ਰਾਤ, ਕੀ ਨੇ ਹਮਲਾ ਹੁੰਦਾ ਅੱਖੀਂ ਵੇਖਿਆ। ਜਦੋਂ ਸਵੇਰ ਨੂੰ ਉਸਨੇ ਹਾਲਾਂ ਵੀ ਫੋਰਟ ਉਪਰ ਅਮਰੀਕਨ ਝੰਡਾ ਝੁੱਲਦਾ ਵੇਖਿਆ, ਉਹ ਦੇਸ਼-ਭਗਤੀ ਦੀਆਂ ਭਾਵਨਾਵਾਂ ਨਾਲ ਲੋਤ-ਪੋਤ ਹੋ ਗਿਆ। ਉਸਨੇ ਇਕ ਪੁਰਾਣੇ ਲਿਫ਼ਾਫ਼ੇ ਦੇ ਉਪਰ ਇਕ ਸਤਰ ਲਿਖੀ, ਇਹੋ ਹੀ ਸਤਰ ਬਾਦ ਵਿਚ ਅਮਰੀਕਾ ਦੇ ਰਾਸ਼ਟਰੀ ਗੀਤ ਦਾ ਆਧਾਰ ਬਣੀ। ਜਾਪਾਨ ਅਤੇ ਜੋਰਡਾਨ ਦੇ ਰਾਸ਼ਟਰੀ ਗੀਤ ਸੰਸਾਰ ਵਿਚ ਸੱਭ ਤੋਂ ਛੋਟੇ ਹਨ ਸਿਰਫ਼ ਚਾਰ-ਚਾਰ ਸਤਰਾਂ ਦੇ ਹੀ।

ਸਾਡਾ ਭਾਰਤ ਦਾ ਰਾਸ਼ਟਰੀ ਗੀਤ ਰਾਬਿੰਦਰ ਨਾਥ ਟੈਗੋਰ ਨੇ ਲਿਖਿਆ ਸੀ, ਦਸੰਬਰ 1911 ਵਿਚ ਇਸਨੂੰ ਪਹਿਲੀ ਵਾਰੀ ਕੋਲਕੱਤਾ ਵਿਖੇ ਆਲ ਇੰਡੀਆ ਨੈਸ਼ਨਲ ਕਾਂਗਰਸ ਦੇ ਸੈਸ਼ਨ ਵਿਚ ਗਾਇਆ ਗਿਆ ਸੀ। 24 ਜਨਵਰੀ, 1950 ਨੂੰ 'ਜਨ ਗਨ ਮਨ ਆਦਿਨਾਇਕ' ਭਾਰਤ ਦੇ ਰਾਸ਼ਟਰੀ ਗੀਤ ਵਜੋਂ ਸਵੀਕਾਰ ਕਰ ਲਿਆ ਗਿਆ। 'ਵੰਦੇ ਮਾਤਰਮ' (Vande mataram) ਇਕ ਦੇਸ਼-ਭਗਤੀ ਦਾ ਗੀਤ, ਜਿਹੜਾ ਬੰਕਿਮ ਚੰਦਰ ਚੈਟਰਜੀ (Bankim Chandra Chatterjee) ਦਾ ਲਿਖਿਆ ਹੈ, ਨੂੰ ਲਗਭਗ ਰਾਸ਼ਟਰੀ ਗੀਤ ਦੇ ਬਰਾਬਰ ਦਾ ਹੀ ਸਤਿਕਾਰ ਦਿੱਤਾ ਗਿਆ। ਅੱਜਕੱਲ ਸੰਸਾਰ ਦੇ ਸਾਰੇ ਮੁਲਕਾਂ ਦੇ ਆਪੋ-ਆਪਣੇ ਰਾਸ਼ਟਰੀ ਗੀਤ ਹਨ।

# ਕੁਲਦੀਪ ਅਜ਼ਾਦ ਦੀ ਦੁੱਖਦਾਈ ਮੌਤ



ਵੇ ਮੁੜਿਆ ਪੁੱਤ ਕੁਲਦੀਪ,ਰਾਤ ਨੂੰ ਮਾਵਾਂ ਨੂੰ ਨਹੀ ਛੱਡ ਕੇ ਜਾਂਦੇ ਪੁੱਤ ਵੇ ਇੱਕ ਵਾਰੀ ਤਾਂ ਬੋਲ ਪਾ ਪੁੱਤ ਮੇਰਾ ਕੀ ਬਣੂੰ ਇਥੇ ਇਕੱਲੀ ਦਾ।ਇਹ ਬੋਲ ਨੇ ਉਸ ਅਭਾਗੀ ਮਾਂ ਦੇ ਜਿਸਦਾ ਪੁੱਤ ਜਿੰਦਗੀ ਦੀ ਸਵੇਰ ਤੋਂ ਪਹਿਲਾ ਮੁਲਕ ਦੇ ਮਾੜੇ ਰਾਜ ਪ੍ਰਬੰਧ ਦੀ ਭੇਟ ਚੜ੍ਹ ਗਿਆ। 22ਕੁ ਵਰੇਂ ਪਹਿਲਾ ਜਿਸ ਮਾਂ ਨੇ ਅਸਹਿ ਜਨਮ ਪੀੜਾਂ ਤੋਂ ਬਾਅਦ ਕੁਲਦੀਪ ਨੂੰ ਦੇਖਿਆ ਸੀ,ਅੱਜ ਉਹੀ ਕੁਲਦੀਪ ਬੇਵੱਸ ਮਾਂ ਨੂੰ ਜਿੰਦਗੀ ਦੇ ਗਹਿਰੇ ਜਖਮ ਦੇ ਕੇ ਸਦਾ ਲਈ ਤੁਰ ਗਿਆ। ਪਿੰਡ ਮਾਹਮਦਪੁਰ(ਜਿਲਾ ਸ਼ੰਗਰੂਰ) ਦੇ ਸ. ਗੁਰਮੇਲ ਸਿੰਘ ਦੇ ਘਰ ਜਨਮਿਆ ਕੁਲਦੀਪ ਸਿੰਘ ਜੁਝਾਰੂ ਕਿਸਮ ਦਾ ਨੌਜਵਾਨ ਸੀ,ਜੋ ਸਮਾਜ ਦੀਆਂ ਮਾੜੀਆਂ ਕਦਰਾਂ-ਕੀਮਤਾਂ ਦੇ ਖਿਲਾਫ ਖੜਨਾ ਆਪਦਾ ਫਰਜ ਸਮਝਦਾ ਸੀ।ਕੁਲਦੀਪ ਦੇ ਪਿਤਾ ਦਾ ਸੁਭਾਅ ਮਿਹਨਤਕਸ ਅਤੇ ਵਿਚਾਰਧਾਰਾ ਕਮਿਊਨਿਸਟ ਹੋਣ ਕਰਕੇ ਅਜਿਹਾ ਅਸਰ ਕੁਲਦੀਪ ਤੇ ਵੀ ਵਾਹਵਾ ਹੋਇਆ।ਤੰਗੀਆਂ ਤਰੁਸੀਆਂ ਭਰਿਆ ਜੀਵਨ ਬਸਰ ਕਰਦਿਆਂ ਕੁਲਦੀਪ ਨੇ ਪੜਾਈ ਦੇ ਨਾਲ-ਨਾਲ ਆਪਣੇ ਪਿਤਾ ਜੀ ਨਾਲ ਵੀ ਕੰਮ ਧੰਦੇ ਚ ਵੱਧ ਚੜ ਕੇ ਹੱਥ ਵਟਾਇਆ।ਨੌਜਵਾਨ ਭਾਰਤ ਸਭਾ ਦਾ ਇਹ ਜੁਝਾਰੂ ਨੌਜਵਾਨ ਆਪਣੇ ਹੀ ਪਿੰਡ ਸ਼ਹੀਦ ਊਧਮ ਸਿੰਘ ਦੇ ਨਾਂ ਤੇ ਲਾਇਬਰੇਰੀ ਚਲਾਉਂਦਾ ਸੀ।ਪਿੰਡ ਅਤੇ ਆਲੇ-ਦੁਆਲੇ ਦੇ ਖੇਤਰ ਚ ਹੁੰਦੀਆਂ ਗਤੀਵਿਧੀਆਂ ਚ ਕੁਲਦੀਪ ਮੋਹਰੀ ਭੂਮਿਕਾ ਨਿਭਾਉਂਦਾਂ ਸੀ। ਕੁਲਦੀਪ ਦੇ ਪਿਤਾ ਜੀ ਨੇ ਸਮਾਜ ਦੀ ਭਲਾਈ ਹਿੱਤ ਸ੍ਰੀ ਮੇਘ ਰਾਜ ਮਿੱਤਰ ਜੀ ਨੂੰ ਇਹ ਕਹਿ ਦਿੱਤਾ ਸੀ ਕਿ ਅੱਜ ਤੋਂ ਅਸੀਂ ਕੁਲਦੀਪ ਨੂੰ ਤਰਕਸ਼ੀਲ ਸੁਸਾਇਟੀ ਨੂੰ ਦੇ ਰਹੇ ਹਾਂ, ਦੇਖੋ ਇੱਕ ਪਿਓ ਦਾ ਜਿਗਰਾ।

ਖੈਰ! ਮੇਘ ਰਾਜ ਮਿੱਤਰ ਨੇ ਉਸਨੂੰ ਪਿੰਡ ਵਿੱਚ ਹੀ ਅਗਾਂਹਵਧੂ ਗਤੀਵਿਧੀਆਂ ਚਲਾਉਣ ਲਾ ਦਿੱਤਾ। ਪਰਿਵਾਰ ਦੀ ਆਰਥਿਕਤਾ ਨੂੰ ਹੁਲਾਰਾ ਦੇਣ ਅਤੇ ਪਿਤਾ ਦੇ ਮੋਢੇ ਨਾਲ ਨਾਲ ਜੋੜ ਕੇ ਚੱਲਣ ਹਿੱਤ ਕੁਲਦੀਪ ਨੇ ਨਾਹਰ ਫਾਇਬਰ ਫੈਕਟਰੀ ਜਿੱਤਵਾਲ ਕਲਾਂ ਨੌਕਰੀ ਦਾ ਜੁਗਾੜ ਕਰ ਲਿਆ।ਦੁਸਿਹਰੇ ਦੀ ਸ਼ਾਮ (3 ਅਕਤੂਬਰ) ਡਿਊਟੀ ਤੋਂ ਘਰ ਪਰਤਦਿਆਂ, ਉਸੇ ਹੀ ਫੈਕਟਰੀ ਦੀ ਬੱਸ ਦੀ ਜਬਰਦਸਤ ਫੇਟ ਵੱਜਦਿਆਂ ਪਿੰਡ ਧਨੋਂ ਲਾਗੇ ਕੁਲਦੀਪ ਦੀ ਮੌਤ ਹੋ ਗਈ। ਨੌਜਵਾਨਾਂ ਦਾ ਰਾਹ ਦਸੇਰਾ, ਚੇਤਨਤਾ ਦਾ ਮੱਘਦਾ ਸੂਰਜ ਕੁਲਦੀਪ ਸਾਥੋਂ ਸਦਾ ਲਈ ਦੂਰ ਚਲਿਆ ਗਿਆ, ਇਲਾਕੇ ਚ ਸੋਗ ਦੀ ਲਹਿਰ ਫੈਲ ਗਈ। ਪਿੰਡ ਚ ਸਨਾਟਾ ਛਾਅ ਗਿਆ, ਬੱਚੇ ਨੌਜਵਾਨ ਬੁੱਢੇ ਕੁੜੀਆਂ ਬੁੜੀਆਂ, ਪਿੰਡ ਦੇ ਹਰ ਬਸਿੰਦੇ ਦੀ ਅੱਖ ਨਮ ਹੋਈ। ਮਲੇਰਕੋਟਲਾ ਇਲਾਕੇ ਚ ਤਰਕਸ਼ੀਲਤਾ ਦਾ ਹੋਕਾ ਦੇਣ ਵਾਲਾ ਕੁਲਦੀਪ ਸਾਥੋਂ ਸਦਾ ਲਈ ਦੂਰ ਚਲਾ ਗਿਆ। ਅਦਾਰਾ ਵਿਗਿਆਨ ਜੋਤ ਕੁਲਦੀਪ ਦੇ ਵਿਛੋੜੇ ਦੁੱਖ ਦਾ ਪ੍ਰਗਟਾਵਾ ਕਰਦਾ ਹੈ ਅਤੇ ਨੌਜਵਾਨਾਂ ਨੂੰ ਕੁਲਦੀਪ ਦੀਆਂ ਕੀਤੀਆਂ ਪੈੜਾਂ ਨੂੰ ਕਾਫ਼ਲੇ ਦਾ ਰੂਪ ਦੇਣ ਦਾ ਵੀ ਸੱਦਾ ਦਿੰਦਾ ਹੈ। ਅਦਾਰਾ ਕੁਲਦੀਪ ਸਿੰਘ ਅਜਾਦ ਦੇ ਪਰਿਵਾਰ ਦੇ ਦੁੱਖ ਨੂੰ ਆਪਣਾ ਦੁੱਖ ਸਮਝਦਾ ਹੋਇਆ ਪਰਿਵਾਰ ਨਾਲ ਜੁੜੇ ਰਹਿਣ ਦਾ ਵੀ ਭਰੋਸਾ ਦਿਵਾਉਂਦਾ ਹੈ।

**-ਰਣਜੀਤ ਝੁਨੇਰ**

# ਕਾਵਿ ਵਿਅੰਗ



**ਅਮਰਜੀਤ ਢਿੱਲੋਂ**
94171 20427

ਆਖਦੀ ਜੋਗੀਆ ਝੂਠ ਬੋਲੇਂ, ਹੋਇਆ ਖੇਤ ਨਾ ਅਜੇ ਵੀ ਵੱਤ ਹੈ ਵੇ।
ਜੀਹਨੂੰ ਤੂੰ ਜਮਹੂਰੀਅਤ ਆਖਦਾ ਏਂ, ਇਹ ਤਾਂ ਗੁੰਡਿਆਂ ਦੀ ਸਲਤਨੱਤ ਹੈ ਵੇ।
ਡਾਕੇ, ਕਤਲ ਹੁੰਦੇ ਇੱਥੇ ਦਿਨ ਦੀਵੀਂ, ਲੁੱਟੀ ਕੰਜਕਾਂ ਦੀ ਜਾਂਦੀ ਪੱਤ ਹੈ ਵੇ।
ਲਹੂ ਕਿਰਤੀਆਂ ਦਾ ਵਿਹਲੜ ਪੀ ਜਾਂਦੇ, ਅੰਨ ਦਾਤੇ ਵਿੱਚ ਸਾਹ ਨਾ ਸੱਤ ਹੈ ਵੇ।

**2-ਜੁੜੀਆਂ ਬਾਂਕਾਂ ਨਾ...**

ਜੁੜੀਆਂ ਬਾਂਕਾਂ ਨਾ ਬੀਤ ਗਿਆ ਜੋਬਨ, ਰੰਨ ਅੱਡੀਆਂ ਕੂਚਦੀ ਫੌਤ ਹੋ ਗਈ।
ਜੰਤਾ ਕੋਲ ਹਨੇਰੀਆਂ ਖੁਸ਼ਕ ਆਈਆਂ, ਚਿਹਰੇ ਨੇਤਾਵਾਂ ਦੇ 'ਤੇ ਤਰੌਤ ਹੋ ਗਈ।
ਰਿਸ ਰਹੇ ਸ਼ਿਵਾਲੇ ਦੇ ਘੜੇ ਵਾਂਗੂ, ਬੂੰਦ-ਬੂੰਦ ਕਰਕੇ ਸਾਡੀ ਮੌਤ ਹੋ ਗਈ।
ਹੈ ਨਹੀਂ ਪੱਥਰਾਂ ਵਿੱਚ ਕੁਝ ਵੀ, ਛੱਡ ਖਹਿੜਾ, ਬੜੀ ਪੀਰਾਂ ਦੀ ਮੰਨ ਮੰਨੌਤ ਹੋ ਗਈ।

**3-ਅਕਸਰ ਜ਼ਿੰਦਗੀ ਵਿੱਚ...**

ਅਕਸਰ ਜ਼ਿੰਦਗੀ ਵਿੱਚ ਨੇ ਪਛੜ ਜਾਂਦੇ, ਜਿਹੜੇ ਹੁੰਦੇ ਨੇ ਲੇਟ ਲਤੀਫ ਪਿਆਰੇ।
ਖੁਦ 'ਤੇ ਕਿਸੇ ਦੀ ਕਾਠੀ ਪੁਆ ਲੈਂਦੇ, ਲੋੜੋਂ ਵੱਧ ਜੋ ਹੁੰਦੇ ਸ਼ਰੀਫ ਪਿਆਰੇ।
ਕਰ ਰਿਹਾ ਉਹ ਅਸਲ ਖੁਦਕਸ਼ੀ ਹੁੰਦਾ, ਕਰਦਾ ਆਪਣੀ ਆਪ ਜੋ ਤਰੀਫ ਪਿਆਰੇ।
ਬਿਨ੍ਹਾਂ ਰੀੜ੍ਹ ਦੀ ਹੱਡੀ, ਖੁਸ਼ਾਮਦੀ ਹੀ, ਆਪਣੇ ਮਹਿਕਮੇ ਦੇ ਬਣਦੇ ਚੀਫ ਪਿਆਰੇ।

**4-ਫਾਇਦਾ ਭਟਕਣ ਦਾ...**

ਫਾਇਦਾ ਭਟਕਣ ਦਾ ਇੱਕ ਤਾਂ ਹੋ ਗਿਐ ਕਿ, ਹੋਏ ਰਸਤਿਆਂ ਦੇ ਜਾਣਕਾਰ ਸੁਆਮੀ।
ਚਿਹਰੇ ਢਕੇ ਮੁਖੌਟਿਆਂ ਨਾਲ ਸਭ ਦੇ, ਕਰਨੀ ਹੈ ਪਛਾਣ ਦੁਸ਼ਵਾਰ ਸੁਆਮੀ।
ਰਿਸ਼ਤੇ ਸਭ ਬਣਾਵਟੀ ਬਣ ਗਏ ਨੇ, ਪਿਆਰ ਬਣ ਗਿਆ ਅੱਜ ਵਿਉਪਾਰ ਸੁਆਮੀ।
ਪਾ ਕੇ ਚਾਦਰਾਂ ਭਗਵੀਆਂ ਰਾਮ ਨੌਮੀ, ਕਰਦੇ ਫਿਰਦੇ ਨੇ ਲੋਕ ਸ਼ਿਕਾਰ ਸੁਆਮੀ।

**5-ਮੰਗੀ ਮਿਲਣ ਵਾਲੀ...**

ਮੰਗੀ ਮਿਲਣ ਵਾਲੀ ਸਦਾ ਹੈ ਭੀਖ ਹੁੰਦੀ, ਹੁੰਦਾ ਹੱਥੀਂ ਕਮਾਇਆ ਹੈ ਫਲ ਸਿੱਖਾ।
ਵਿਹਲੜ ਸਾਧ ਨੇ ਇਸ ਨੂੰ ਗਜ਼ਾ ਕਹਿੰਦੇ, ਕਰਦੇ ਕਾਮਿਆਂ ਨਾਲ ਜੋ ਛਲ ਸਿੱਖਾ।
ਡਰਦੇ ਸੱਚ ਤੋਂ ਲੋਕ ਨੇ ਸ਼ਰਮ ਕਰਦੇ, ਇੱਥੇ ਰਹਿਣ ਮਰਦੇ ਪਲ-ਪਲ ਸਿੱਖਾ।
ਨਿਕਲਣਾ ਇਸ 'ਚੋਂ ਹੁੰਦਾ ਹੈ ਬੜਾ ਔਖਾ, ਮਜ਼ਹਬ ਬੜੀ ਭੈੜੀ ਦਲਦਲ ਸਿੱਖਾ।